

ਖ਼ਲੀਫ ਸਿਖਰਾਨ
ਦੇ ਬਚਨ ਬਿਲਾਸ

ਪਿਆਰਾ ਸਿੰਘ ਪਦਮ

KAHLIL GIBRAN DE BACHAN BILAS
[An introduction to his life-achievements and extracts from his works]
by
Prof. PIARA SINGH PADAM

ISBN 81-7205-154-9

ਪਹਿਲੀ ਵਾਰ 1988
ਦੂਜੀ ਵਾਰ ਅਪ੍ਰੈਲ 1995
ਤੀਜੀ ਵਾਰ ਸਤੰਬਰ 2003

ਮੁੱਲ : 60-00 ਰੁਪਏ

ਪ੍ਰਕਾਸ਼ਕ :
ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

2

ਉਸਨੇ ਕਿਹਾ

- ☆ ਮੇਰੀ ਰੂਹ ਹੀ ਮੇਰੀ ਵੱਡੀ ਸਲਾਹਕਾਰ ਹੈ। ਇਸਨੇ ਮੈਨੂੰ ਇਹ ਸਿਖਾਇਆ ਹੈ ਕਿ ਉਹ ਅਵਾਜ਼ਾਂ ਸੁਣਾਂ ਜੋ ਨਾ ਤਾਂ ਜੀਭਾ ਤੋਂ ਉਚਾਰੀਆਂ ਜਾਂਦੀਆਂ ਤੇ ਨਾ ਹੀ ਕੰਠ ਵਿਚੋਂ ਨਿਕਲਦੀਆਂ ਹਨ।
- ☆ ਮੈਨੂੰ ਉਸ ਸਿਆਣਪ ਤੋਂ ਦੂਰ ਰੱਖਿਆ ਜਾਵੇ ਜੋ ਕੂਕ ਪੁਕਾਰਦੀ ਨਹੀਂ, ਉਸ ਫ਼ਿਲਾਸਫ਼ੀ ਤੋਂ ਜੋ ਖਿੜ-ਖਿੜਾ ਕੇ ਹੱਸਦੀ ਨਹੀਂ, ਉਸ ਵਡਿਆਈ ਤੋਂ ਵੀ ਜੋ ਬੱਚਿਆਂ ਦੇ ਸਨਮੁਖ ਵੀ ਨਿਉਂਦੀ ਨਹੀਂ।
- ☆ ਜੀਵਨ ਦੀ ਅਸਲੀਅਤ ਜ਼ਿੰਦਗੀ ਹੀ ਹੈ। ਨਾ ਹੀ ਕੁੱਖ ਇਸਦਾ ਆਦਿ ਹੈ ਤੇ ਨਾ ਹੀ ਕਬਰ ਇਸਦਾ ਅੰਤ।
- ☆ ਰੱਬ ਨੇ ਸੱਚ ਵੱਲ ਜਾਣ ਲਈ ਬੜੇ ਦਰਵਾਜ਼ੇ ਰੱਖੇ ਹਨ ਜੋ ਵਿਸ਼ਵਾਸ ਤੇ ਈਮਾਨ ਦੇ ਹੱਥਾਂ ਨਾਲ ਬੂਹਾ ਖੜਕਾਉਂਦੇ ਹਨ, ਉਨ੍ਹਾਂ ਲਈ ਇਹ ਦਰ ਸਦਾ ਖੁਲ੍ਹੇ ਹਨ।
- ☆ ਜੋ ਕੁਝ ਮੌਤ ਲੈ ਜਾਂਦੀ ਹੈ, ਉਸਨੂੰ ਕੋਈ ਵਾਪਸ ਨਹੀਂ ਲਿਆ ਸਕਦਾ; ਜਿਸਨੂੰ ਧੁਰੋਂ ਅਸੀਸ ਪ੍ਰਾਪਤ ਹੈ, ਉਸਨੂੰ ਕੋਈ ਸਜ਼ਾ ਨਹੀਂ ਦੇ ਸਕਦਾ; ਜਿਸ ਨੂੰ ਮੁਹੱਬਤ ਨੇ ਜੋੜ ਦਿੱਤਾ, ਉਸਨੂੰ ਕੋਈ ਤੋੜ ਨਹੀਂ ਸਕਦਾ।
- ☆ ਸੱਚ ਸਿਤਾਰੇ ਵਾਂਙ ਹੈ ਜੋ ਰਾਤ ਦੇ ਅੰਧਕਾਰ ਵਿਚ ਹੀ ਉਜਾਗਰ ਦਿਖਾਈ ਦਿੰਦਾ ਹੈ।
- ☆ ਬੁਲਬੁਲ ਪਿੰਜਰੇ ਵਿਚ ਆਲ੍ਹਣਾ ਨਹੀਂ ਬਣਾਉਂਦੀ ਤਾਂਕਿ ਗ਼ੁਲਾਮੀ ਕਿਤੇ ਉਸ ਦੀ ਔਲਾਦ ਦਾ ਨਸੀਬ ਨਾ ਬਣ ਜਾਵੇ।

ਦੋ ਸ਼ਬਦ

ਇਹ ਗੱਲ 1940-50 ਦੇ ਦਰਮਿਆਨ ਦੀ ਹੈ ਜਦੋਂ ਕਿ ਮੈਂ ਆਪਣੇ ਪਿੰਡ ਘੁੰਗਰਾਣੇ (ਜ਼ਿਲ੍ਹਾ ਲੁਧਿਆਣਾ) ਤੋਂ ਪਹਿਲੀ ਵਾਰ ਅੰਮ੍ਰਿਤਸਰ ਆਇਆ ਤੇ ਅੱਠ ਦਸ ਸਾਲ ਉਥੇ ਰਿਹਾ। ਪੜ੍ਹਨ ਦਾ ਸ਼ੌਕ ਸੀ, ਇਥੇ ਆ ਕੇ ਕਾਫ਼ੀ ਸਾਹਿਤ ਪੜ੍ਹਿਆ ਤੇ ਕਈਆਂ ਵਿੱਚੋਂ ਨੋਟ ਵੀ ਲੈਂਦਾ ਰਿਹਾ ਜੋ ਕਿ ਲਿਖਣ ਦੀ ਇਕ ਤਰ੍ਹਾਂ ਮਸ਼ਕ ਹੀ ਸੀ। ਇਸ ਅਧਿਐਨ ਸਮੇਂ ਮੈਨੂੰ ਦੋ ਮਹਾਨ ਸਾਹਿਤਕਾਰ ਵਧੇਰੇ ਚੰਗੇ ਲਗੇ—ਰਵਿੰਦਰ ਨਾਥ ਟੈਗੋਰ ਤੇ ਖ਼ਲੀਲ ਜਿਬਰਾਨ। ਟੈਗੋਰ ਦੀਆਂ ਦੋ ਤਿੰਨ ਰਚਨਾਵਾਂ ਦੇ ਅਨੁਵਾਦ ਕੀਤੇ ਅਤੇ ਖ਼ਲੀਲ ਜਿਬਰਾਨ ਦੇ ਵੀ ਕੁਝ ਟੋਟਕੇ ਤਰਜਮਾਏ ਜੋ ਕਿ ਉਸ ਸਮੇਂ ਰਸਾਲਿਆਂ ਵਿਚ ਛਪਦੇ ਰਹੇ। ਪਰ ਮਨ ਵਿਚ ਇਹ ਖ਼ਿਆਲ ਬਣਿਆ ਰਿਹਾ ਕਿ ਇਸ ਮਹਾਨ ਕਲਮਧਾਰੀ ਦੇ ਕਲਾ-ਕ੍ਰਿਸ਼ਮੇ, ਪੰਜਾਬੀ ਪਾਠਕਾਂ ਸਾਮ੍ਹਣੇ ਲਿਆਉਣੇ ਜ਼ਰੂਰੀ ਹਨ। ਮੇਰਾ ਧਿਆਨ ਵਧੇਰੇ ਸਾਹਿਤਕ ਖੋਜ ਵਲ ਲੱਗ ਗਿਆ, ਜਿਸ ਕਰਕੇ ਚਿਰ ਕਾਲ ਇਹ ਕੰਮ ਠੱਪਿਆ ਰਿਹਾ।

ਹੁਣ ਜ਼ਰਾ ਹੋਰ ਰੁਝੇਵਿਆਂ ਤੋਂ ਵਿਹਲ ਮਿਲੀ ਤਾਂ ਮੈਂ ਖ਼ਲੀਲ ਜਿਬਰਾਨ ਦੀਆਂ ਕਈ ਕਿਤਾਬਾਂ ਪੜ੍ਹੀਆਂ ਤੇ ਉਸਦੀਆਂ ਦਸ ਕਿਤਾਬਾਂ—*ਦੀ ਮੈਡ ਮੈਨ, ਦੀ ਫ਼ੋਰ-ਰਨਰ, ਸੈਂਡ ਐਂਡ ਫ਼ੋਮ, ਦੀ ਵਾਂਡਰਰ, ਦੀ ਪ੍ਰਾਫਿਟ, ਦੀ ਗਾਰਡਨ ਆਫ਼ ਦੀ ਪ੍ਰਾਫਿਟ, ਏ ਟੀਅਰ ਐਂਡ ਏ ਸਮਾਇਲ, ਦੀ ਵੁਆਇਸ ਆਫ਼ ਦੀ ਮਾਸਟਰ, ਥਾਟਸ ਐਂਡ ਮੈਡੀਟੇਸ਼ਨਜ਼* ਤੇ *ਮਿਰਰਜ਼ ਆਫ਼ ਦੀ ਸੋਲ*, ਆਦਿ, ਵਿੱਚੋਂ ਇਹ ਚੋਣਵਾਂ ਗੁਲਦਸਤਾ ਤਿਆਰ ਕੀਤਾ, ਜੋ ਕਿ ਪਾਠਕਾਂ ਦੇ ਪੇਸ਼ ਹੈ। ਚੂੰਕਿ ਖ਼ਲੀਲ ਜਿਬਰਾਨ ਅੰਗਰੇਜ਼ੀ ਤੋਂ ਇਲਾਵਾ ਅਰਬੀ ਦਾ ਮਹਾਨ ਕਵੀ ਤੇ ਗੱਦਕਾਰ ਵੀ ਸੀ, ਇਸ ਕਰਕੇ ਅੰਤ ਵਿਚ ਉਸਦੇ ਅਰਬੀ ਖੰਡ-ਕਾਵਿ *ਅਲ ਮਵਾਕਿਬ* (ਪ੍ਰੋਸੈਸ਼ਨ) ਦਾ ਵੀ ਸਾਰੰਸ਼ ਦੇ ਦਿੱਤਾ ਗਿਆ ਹੈ। ਇਹ ਸ੍ਰੇਸ਼ਟ ਬਚਨਾਵਲੀ ਮਾਨਸਿਕ ਤੇ ਬੌਧਿਕ ਸੰਤੁਸ਼ਟਤਾ ਦੇਣ ਵਾਲੀ ਹੈ।

ਸ਼ਾਇਦ ਇਹ ਗੁਲਦਸਤਾ ਅਜੇ ਪਾਠਕਾਂ ਦੀ ਮੇਜ਼ 'ਤੇ ਨਾ ਸਜਦਾ, ਜੇਕਰ ਮੇਰੇ ਪੁਰਾਣੇ ਮਿਤ੍ਰ ਮਾਨਯੋਗ ਗਿਆਨੀ ਜ਼ੈਲ ਸਿੰਘ ਜੀ ਉਤਸ਼ਾਹ ਨਾ ਦਿੰਦੇ, ਜਿਨ੍ਹਾਂ ਰਾਸ਼ਟਰ-ਸੇਵਕ ਤੋਂ ਲੈ ਕੇ ਰਾਸ਼ਟਰਪਤੀ ਤਕ ਦੀ ਸੇਵਾ ਬੜੀ ਨਿਰਮਾਣਤਾ ਤੇ ਸ੍ਵੈਮਾਣਤਾ ਨਾਲ ਨਿਭਾਈ ਹੈ ਅਤੇ ਸਾਹਿਤਕ ਤੇ ਸਭਿਆਚਾਰਕ ਕੰਮਾਂ ਵਿਚ ਸਦਾ ਦਿਲਚਸਪੀ ਦਿਖਾਈ ਹੈ।

ਪਿਆਰਾ ਸਿੰਘ ਪਦਮ

ਕਲਮ ਮੰਦਿਰ, ਪਟਿਆਲਾ,
ਜਨਵਰੀ, 1988

ਪੈਗ਼ੰਬਰ ਕਲਾਕਾਰ—ਖ਼ਲੀਲ ਜਿਬਰਾਨ

ਵੀਹਵੀਂ ਸਦੀ ਦੇ ਸੰਸਾਰ-ਪ੍ਰਸਿੱਧ ਸਾਹਿੱਤਕਾਰਾਂ ਤੇ ਕਲਾਕਾਰਾਂ ਵਿਚ ਖ਼ਲੀਲ ਜਿਬਰਾਨ ਇਕ ਅਜੇਹਾ ਪ੍ਰਤਿਭਾਵਾਨ ਪ੍ਰਤਿਸ਼ਠਤ ਨਾਂ ਹੈ, ਜੋ ਆਪਣੀ ਗੰਭੀਰ ਦਾਰਸ਼ਨਿਕਤਾ ਤੇ ਹੁਸੀਨ ਕਲਾਤਮਿਕਤਾ ਕਾਰਣ ਹੀ ਨਹੀਂ ਬਲਕਿ ਆਪਣੇ ਪੈਗ਼ੰਬਰਾਨਾ ਅੰਦਾਜ਼, ਬਾਗ਼ੀਆਨਾ ਮਿਜ਼ਾਜ ਤੇ ਸ਼ਾਇਰਾਨਾ ਪ੍ਰਵਾਜ਼ ਨਾਲ ਗਾਉਂਦੇ ਸਾਜ਼ ਵਾਂਗ ਸੰਸਾਰ ਦੇ ਸਨਮੁਖ ਆਉਂਦਾ ਤੇ ਸਭ ਨੂੰ ਆਪਣੇ ਪਿਛੇ ਲਾਉਂਦਾ ਜਾਂਦਾ ਹੈ। ਉਹ ਇਸ ਸਦੀ ਦਾ ਮਹਾਨ ਰਹੱਸਵਾਦੀ ਫ਼ਿਲਾਸਫ਼ਰ ਕਲਾਕਾਰ ਸੀ, ਜਿਸ ਵਿਚ ਸੂਫ਼ੀ, ਦਰਵੇਸ਼ੀ ਤੇ ਰਿਸ਼ੀਆਂ ਮੁਨੀਆਂ ਵਾਲੀ ਸੰਤਤਾਈ ਘੁਲੀ-ਮਿਲੀ ਸੀ। ਉਸਦੇ ਸ਼ਰਧਾਲੂ ਸਰੋਤੇ ਆਮ ਕਹਿੰਦੇ ਸੀ ਕਿ ਇਸ ਵਿਚ ਬਾਈਬਲ ਬੋਲਦੀ ਹੈ ਜਾਂ ਇਸਦੀ ਰੂਹ ਵਿੱਚੋਂ ਪੈਗ਼ੰਬਰ ਆਵਾਜ਼ ਕੱਢਦਾ ਹੈ, ਪਤਾ ਨਹੀਂ ਉਹ ਕੀ ਸੀ, ਅੱਜ ਵੀ ਉਸਦੀਆਂ ਹੁਸੀਨ ਰਚਨਾਵਾਂ ਗੂੰਜ ਪਾਉਂਦੀਆਂ ਨਜ਼ਰ ਆਉਂਦੀਆਂ ਹਨ।

ਜੇ ਧਿਆਨ ਨਾਲ ਦੇਖੀਏ ਤਾਂ ਉਹ ਇਕ ਕ੍ਰਾਂਤੀਕਾਰੀ ਚਿੰਤਕ ਸੀ ਜੋ ਸਮੇਂ ਦੇ ਰਾਜ-ਪ੍ਰਬੰਧ, ਸਮਾਜ-ਪ੍ਰਬੰਧ ਤੇ ਧਰਮ-ਪ੍ਰਬੰਧ ਦੇ ਪ੍ਰਪੰਚਾਂ, ਦੰਭਾਂ, ਫ਼ਰੇਬਾਂ ਦਾ ਪਾਜ ਖੋਲ੍ਹਣੋਂ ਜ਼ਰਾ ਸੰਕੋਚ ਨਹੀਂ ਸੀ ਕਰਦਾ। ਫਿਰ ਖ਼ੂਬੀ ਇਹ ਹੈ ਕਿ ਉਸਦੀ ਆਲੋਚਨਾ ਇਤਨੀ ਖ਼ੂਬਸੂਰਤ ਤੇ ਆਕਰਸ਼ਕ ਹੁੰਦੀ ਕਿ ਕੋਈ ਉਸ ਤੋਂ ਨਾਬਰ ਨਹੀਂ, ਇਹ ਸਭ ਨੂੰ ਸਨਿਮਰ ਪਰਵਾਨ ਹੈ। ਅਜੋਕੀ ਨਵੀਂ ਸਭਿਅਤਾ, ਪਦਾਰਥਕ ਅਡੰਬਰਾਂ ਵਿਚ ਘਿਰੀ ਹੋਈ ਕਈ ਖੇਖਣ ਕਰਦੀ ਦਿਖਾਈ ਦਿੰਦੀ ਹੈ ਜਦੋਂ ਕਿ ਪੁਰਾਣੀ ਸਭਿਅਤਾ ਥੋਥੇ ਅੰਧ-ਵਿਸ਼ਵਾਸਾਂ ਤੇ ਮੰਨਤਾ ਦੀਆਂ ਗੁਫ਼ਾਵਾਂ ਵਿਚ ਗੁਆਚੀ ਫਿਰਦੀ ਸੀ; ਜਿਬਰਾਨ ਦੇ ਅਨੁਭਵੀ ਗਿਆਨ ਵਿਚ ਇਹ ਸਭ ਕੁਝ ਸਪੱਸ਼ਟ ਹੈ; ਉਹ ਹਰ ਕਾਸੇ ਦੀ ਚੀਰ-ਫਾੜ ਕਰ ਕੇ ਬੜੀ ਸੁਹਜਾਤਮਕਤਾ ਨਾਲ ਸੱਚੋ ਸੱਚ ਉਘਾੜਦਾ ਤੇ ਆਸ਼ਾ ਦਾ ਸੰਦੇਸ਼ ਦੇ ਕੇ ਮਾਯੂਸ ਮਨੁੱਖ ਨੂੰ ਸਨੇਹ, ਸੁਹਣੱਪ ਤੇ ਸੰਗੀਤ ਨਾਲ ਦੁਲਾਰਦਾ-ਪਿਆਰਦਾ ਹੈ। ਫਿਰ ਉਹ ਸਭ ਕੁਝ ਪ੍ਰਤੀਕਾਤਮਕ ਸ਼ੈਲੀ ਵਿਚ ਗੁੰਦਦਾ ਤੇ ਸਾਡੇ ਨੈਣਾਂ ਨੂੰ ਮੁੰਦਦਾ, ਅੰਦਰ ਝਾਕਣ ਦੀ ਪ੍ਰੇਰਨਾ ਕਰਦਾ ਹੈ। ਉਸਦੇ ਵਿਅੰਗਕਾਰੀ ਕਟਾਖ ਅਦਭੁਤ ਕਿਸਮ ਦੇ ਹਨ ਜੋ ਕਿਸੇ ਨੂੰ ਰੁੱਸਣ ਨਹੀਂ ਦਿੰਦੇ, ਸਗੋਂ ਮਨਾ ਕੇ ਆਪਣੇ ਨਾਲ ਤੋਰਦੇ ਜਾਂਦੇ ਹਨ। ਆਧੁਨਿਕ ਸਾਹਿਤ ਤੇ ਕਲਾ ਦੇ ਖੇਤਰ ਵਿਚ ਅਜੇਹੀ ਵਚਿਤਰ ਸ਼ਖ਼ਸੀਅਤ ਦਾ ਅਉਤਾਰ ਕੋਈ ਅਲੋਕਾਰ ਜਿਹੀ ਗੱਲ ਸੀ। ਇਉਂ ਜਾਪਦਾ ਹੈ ਕਿ ਜਿਵੇਂ ਕੋਈ ਪਿਛਲੇ ਜਨਮ ਦੀ ਕਮਾਈ ਵਾਲਾ ਸਾਧਕ ਮੁੜ ਸ਼ਾਇਰ ਪੈਗ਼ੰਬਰ ਬਣ ਕੇ ਸਾਡੇ ਵਿਚਕਾਰ ਆਇਆ ਅਤੇ ਉਸਨੇ ਜਲੌਂ ਵਾਲੀ ਕਲਾਕਾਰੀ ਨਾਲ ਮਨੁੱਖਤਾ ਦਾ ਰਾਹ ਰੁਸ਼ਨਾਇਆ।

ਡਾ: ਇਕਬਾਲ ਨੇ ਮਨੁੱਖੀ ਜੀਵਨ ਦੀ ਸਿਰਜਣਹਾਰ ਸ਼ਾਇਰੀ ਨੂੰ ਪੈਗ਼ੰਬਰੀ ਦੇ ਬਰਾਬਰ ਕਿਹਾ ਹੈ :

ਸ਼ਿਅਰ ਰਾ ਮਕਸੂਦ, ਗਰ ਆਦਮਗਰੀ ਅਸਤ
ਸ਼ਾਯਰੀ ਹਮ ਵਾਰਸੇ ਪੈਗ਼ੰਬਰੀ ਅਸਤ।

ਉਹ ਅਨੋਖੀਆਂ ਆਬਸ਼ਾਰਾਂ ਤੇ ਦੈਵੀ ਦਿਉਦਾਰਾਂ ਨਾਲ ਘਿਰੇ ਉੱਚੇ ਪਹਾੜੀ ਇਲਾਕੇ ਲਿਬਨਾਨ ਦਾ ਜੰਮ-ਪਲ ਸੀ। ਪਰੰਤੂ ਉਸਦੀ ਸਾਰੀ ਉਮਰ ਬੋਸਟਨ ਤੇ ਨਿਊਯਾਰਕ ਦੀਆਂ ਅਟਾਰੀਆਂ ਵਿਚ ਲੰਘੀ, ਪਹਿਲੇ ਪਹਿਲ ਉਹ ਵਧੇਰੇ ਅਰਬੀ ਵਿਚ ਨਸਰ, ਨਜ਼ਮ ਲਿਖਦਾ ਰਿਹਾ। ਫਿਰ ਉਸ ਪੱਛਮ ਵਿਚ ਆਪਣੇ ਨਰੋਏ ਵਿਚਾਰ ਪ੍ਰਚਾਰਨ ਲਈ ਅੰਗ੍ਰੇਜ਼ੀ ਨੂੰ ਮਾਧਿਅਮ ਬਣਾਇਆ। *ਦੀ ਪ੍ਰਾਫ਼ਿਟ* ਉਸਦਾ ਸੰਸਾਰ-ਪ੍ਰਸਿੱਧ ਸ਼ਾਹਕਾਰ ਹੈ, ਜੋ ਕਿ ਹੁਣ ਤਕ ੩੦-੩੫ ਜ਼ਬਾਨਾਂ ਵਿਚ ਲੱਖਾਂ ਦੀ ਗਿਣਤੀ ਵਿਚ ਛਪ ਚੁੱਕਾ ਹੈ। ਡਾਂਟੇ, ਕੀਟਸ ਤੇ ਨਿਟਸ਼ੇ ਆਦਿ ਦੇ ਡੂੰਘੇ ਪ੍ਰਭਾਵਾਂ ਦੇ ਬਾਵਜੂਦ ਉਸਦੇ ਪੈਰ ਰੂਹਾਨੀ ਵਿਸ਼ਵਾਸ ਵਿਚ ਜੰਮੇ ਹੋਏ ਹਨ ਤੇ ਉਸਦਾ ਮਸਤਕ ਗਿਆਨ-ਮੰਡਲ ਦੇ ਸੂਰਜ ਨਾਲ ਜਗਮਗਾਉਂਦਾ ਅਤੇ ਉਸਦੀਆਂ ਭਾਵਨਾਵਾਂ ਕੁਦਰਤ ਦੇ ਕ੍ਰਿਸ਼ਮਿਆਂ ਨਾਲ ਅਲੰਕ੍ਰਿਤ ਹਨ। ਉਹ ਸਰਬ-ਵਿਆਪਕ ਜ਼ਿੰਦਗੀ ਨੂੰ ਹੀ ਆਪਣਾ ਮਹਿਬੂਬ ਜਾਂ ਪ੍ਰੀਤਮ ਪਿਆਰਾ ਮੰਨਦਾ ਹੈ। ਉਹ ਧਰਮ, ਕਲਾ ਜਾਂ ਰਾਜਨੀਤੀ ਦੀ ਕਿਸੇ ਦਲਬੰਦੀ ਵਿਚ ਨਹੀਂ ਪੈਂਦਾ, ਉਹ ਕੇਵਲ ਸ੍ਰੇਸ਼ਟ ਮਨੁੱਖਤਾ ਦਾ ਬੁੱਤ ਤਰਾਸ਼ਦਾ ਤੇ ਉਸੇ ਨੂੰ ਉਪਾਸ਼ਦਾ ਹੈ।

ਏਸ਼ਿਆਈ ਪਰੰਪਰਾ ਨੂੰ ਇਹ ਪਰਵਾਨ ਹੈ ਕਿ ਜੋ ਕੋਈ ਵੀ ਆਪਣੇ ਬਚਨਾਂ ਰਾਹੀਂ ਉਪਦੇਸ਼ ਦੇ ਕੇ ਲੋਕਾਂ ਨੂੰ ਸਹੀ ਰਾਹ ਦਿਖਾਉਂਦਾ ਹੈ, ਉਹ ਮਹਾਂਪੁਰਖ ਜਾਂ ਪੈਗ਼ੰਬਰ ਅਖਵਾਉਂਦਾ ਹੈ। ਜਿਬਰਾਨ ਨੇ ਬੜੇ ਬਿਬੇਕ ਤੇ ਕਲਾ ਦੇ ਵਿਤਰੇਕ ਸੁਹਜ ਸੁਹਣੱਪ ਨਾਲ ਮਨੁੱਖੀ ਸਭਿਆਚਾਰ ਨੂੰ ਅੱਗੇ ਤੋਰਨ ਵਾਲੀਆਂ ਗੱਲਾਂ ਕੀਤੀਆਂ ਹਨ, ਇਸ ਕਰਕੇ ਉਹ ਸਮੇਂ ਦਾ ਪੈਗ਼ੰਬਰ ਕਲਾਕਾਰ ਹੈ, ਜਿਸਨੂੰ ਪੂਰਬ ਜਾਂ ਪੱਛਮ ਕਦੀ ਭੁਲਾ ਨਹੀਂ ਸਕਦਾ। ਪੂਰਬ ਨੂੰ ਮਾਣ ਹੈ ਕਿ ਉਸਨੇ ਐਸੀ ਉੱਚੀ ਆਤਮਾ ਪ੍ਰਗਟਾਈ ਤੇ ਪੱਛਮ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਉਸਨੇ ਉਸਦੇ ਲਈ ਸਟੇਜ ਬਣਾਈ ਤੇ ਉਸਦੀ ਥਾਂ ਥਾਂ ਧੁੰਮ ਪਾਈ। ਜੇ ਉਹ ਅੰਗ੍ਰੇਜ਼ੀ ਵਿਚ ਨਾ ਲਿਖਦਾ ਤਾਂ ਸ਼ਾਇਦ ਉਸਦਾ ਪੈਗ਼ਾਮ ਇਤਨਾ ਵਿਆਪਕ ਨਾ ਹੁੰਦਾ ਤੇ ਨਾ ਹੀ ਇਤਨੀ ਕੌਮਾਂਤਰੀ ਸ਼ੁਹਰਤ ਹਾਸਲ ਕਰਦਾ। ਉਸ ਫ਼ਰਿਸ਼ਤਾ-ਤਬੀਅਤ ਕਲਮ ਦੇ ਸ੍ਰੇਸ਼ਟ ਸਾਹਿਤ ਦੀ ਵਸਤੂ ਅਤੇ ਉਸਦੀ ਸ਼ੈਲੀ ਦੋਵੇਂ ਹੀ ਗੌਰਵਮਈ ਤੇ ਆਕਰਸ਼ਕ ਹਨ ਤੇ ਹਰ ਯੁਗ ਲਈ ਉਪਯੋਗੀ ਹੋਣ ਕਰਕੇ ਸਦਾ ਸਿਮਰਨ-ਯੋਗ ਹਨ।

ਜੀਵਨ

ਉਸਦਾ ਜਨਮ ਅਰਬ ਦੇ ਇਤਿਹਾਸਕ ਦੇਸ਼—ਸੀਰੀਆ ਦੇ ਲਿਬਨਾਨ ਨਾਮੀ ਪਹਾੜੀ ਪ੍ਰਾਂਤ ਵਿਚ ਇਕ ਸਾਧਾਰਣ ਪਿੰਡ ਬਸ਼ਾਰੀ ਦੇ ਈਸਾਈ ਪਰਿਵਾਰ ਵਿਚ, ਮਾਤਾ ਕਮੀਲਾ ਰਹਮਾ ਦੇ ਉਦਰ ਤੋਂ 6 ਜਨਵਰੀ, 1883 ਈ: ਨੂੰ ਹੋਇਆ ਤੇ ਦਿਹਾਂਤ 10 ਅਪ੍ਰੈਲ, 1931 ਈ: ਨੂੰ ਨਿਊਯਾਰਕ ਵਿਚ ਹੋਇਆ। ਇਹ ਲਿਬਨਾਨ ਦਾ ਸੁੰਦਰ ਪਹਾੜੀ ਇਲਾਕਾ, ਭੂ-ਮੱਧ ਸਾਗਰ ਨਾਲ ਜਾ ਲਗਦਾ ਹੈ, ਜਿਥੋਂ ਦਿਉਦਾਰਾਂ ਦੇ ਭਾਰੇ ਜੰਗਲ ਤੇ ਆਬਸ਼ਾਰਾਂ ਦੀਆਂ ਫੁਹਾਰਾਂ ਥਾਂ ਥਾਂ ਪੈਂਦੀਆਂ ਨਜ਼ਰ ਆਉਂਦੀਆਂ ਹਨ। ਇਤਿਹਾਸ ਗਵਾਹ ਹੈ ਕਿ ਇਥੇ ਤ੍ਰਮਜ਼ ਦਰਿਆ ਦੇ ਕੰਢੇ ਸਿਨ੍ਹਾਰ ਦੇ ਮੈਦਾਨਾਂ ਵਿਚ ਕਈ ਸਭਿਅਤਾਵਾਂ ਪ੍ਰਫੁਲਤ ਹੋਈਆਂ। ਜਿਬਰਾਨ ਦੇ ਵਡਾਰੂ ਦੁੱਧ-ਚਿੱਟੇ ਰੰਗ ਰੂਪ ਵਾਲੇ ਫਿਨੀਸ਼ੀਅਨ ਲੋਕ ਸਨ, ਜੋ ਸਮੁੰਦਰੀ ਜਹਾਜ਼ਰਾਨੀ ਵਿਚ ਬੜੇ ਪ੍ਰਬੀਨ ਸਨ ਤੇ ਚੰਗੇ ਮਾਲਦਾਰ ਹੋਣ ਕਰਕੇ ਦੂਰ ਦੂਰ ਵਪਾਰ ਕਰਦੇ ਸਨ। ਇਹੋ ਲੋਕ ਸਨ ਜਿਨ੍ਹਾਂ ਦੁਨੀਆਂ ਨੂੰ ਲਿਪੀ ਦਾ ਹੁਨਰ ਸਿਖਾਇਆ। ਜਿਬਰਾਨ ਨੇ ਜੋ ਹੱਥ ਉਤੇ

ਇਕ ਅੱਖ ਦਾ ਚਿਤ੍ਰ ਬਣਾਇਆ ਹੈ, ਉਹ ਫਿਨੀਸ਼ੀਅਨ ਦੇਵੀ ਤੈਂਤ ਦਾ ਹੈ। ਇਸ ਤੋਂ ਇਲਾਵਾ ਕਈ ਪੈਗੰਬਰ ਇਸੇ ਧਰਤੀ ਵਿਚ ਪੈਦਾ ਹੋਏ, ਜਿਨ੍ਹਾਂ ਰੂਹਾਨੀ ਜੀਵਨ ਦਾ ਵਿਕਾਸ ਕੀਤਾ। ਹਜ਼ਰਤ ਸੁਲੇਮਾਨ, ਹਜ਼ਰਤ ਮੂਸਾ, ਹਜ਼ਰਤ ਈਸਾ ਇਸੇ ਖੇਤਰ ਦੀ ਪੈਦਾਵਾਰ ਹਨ। ਬੈਬਿਲੋਨੀਆ ਦੀ ਪੁਰਾਣੀ ਸਭਿਅਤਾ ਦਾ ਮੂਲ ਸਥਾਨ ਇਹੋ ਸੀ। *ਓਲਡ ਟੈਸਟਾਮੈਂਟ* ਵਿਚ *ਬੁਕ ਆਫ਼ ਬਿਬਲੋਜ਼* ਇਨ੍ਹਾਂ ਦਾ ਹੀ ਚਰਚਾ ਕਰਦੀ ਹੈ, ਇਨ੍ਹਾਂ ਦਾ ਦੇਵਤਾ 'ਅਲ' ਸੀ ਜਿਸਨੂੰ ਬਾਈਬਲ ਵਿਚ 'ਅਲੋਹਿਮ' ਕਿਹਾ ਗਿਆ ਹੈ ਤੇ ਪਿੱਛੋਂ ਜਾ ਕੇ ਬ੍ਰਿਹੋ ਅਰਬੀ ਵਿਚ 'ਅੱਲਾ' ਕਹਿਲਾਇਆ। ਇਸ ਚਰਚਾ ਤੋਂ ਸਾਡਾ ਭਾਵ ਇਤਨਾ ਹੀ ਹੈ ਕਿ ਇਹ ਪਹਾੜੀ ਧਰਤੀ ਬੜੀ ਇਤਿਹਾਸਕ ਵਿਸ਼ੇਸ਼ਤਾ ਵਾਲੀ ਸੀ ਤੇ ਇਸਦਾ ਇਲਾਕਾ 'ਵਾਦੀਏ ਕਦੀਸ਼ਾ' (ਪਵਿੱਤਰ ਖਿੱਤਾ) ਬਹੁਤ ਆਦਰਯੋਗ ਮੰਨਿਆ ਜਾਂਦਾ ਸੀ, ਜਿਸ ਵਿਚ ਜਿਬਰਾਨ ਦੀ ਜਨਮ-ਭੂਮੀ ਬਸ਼ਾਰੀ ਪਿੰਡ ਵਾਕਿਆ ਸੀ।

ਦੇਸ਼ ਦੀ ਅਵਸਥਾ

ਦੁਰਭਾਗ ਦੀ ਗੱਲ ਇਹ ਸੀ ਕਿ ਉਸ ਸਮੇਂ ਤੁਰਕੀ ਦਾ ਰਾਜ, ਸੰਸਾਰ ਉਤੇ ਦੂਰ ਦੂਰ ਛਾਇਆ ਹੋਇਆ ਸੀ। ਉਤਰੀ ਅਫ਼ਰੀਕਾ ਤੇ ਯੂਰਪ ਦੇ ਕਾਫ਼ੀ ਹਿੱਸੇ ਉਤੇ ਇਹ ਲੋਕ ਕਾਬਜ਼ ਸਨ ਤੇ ਅਰਬ ਵੀ ਇਨ੍ਹਾਂ ਦੇ ਅਧੀਨ ਸੀ। 1517 ਈ: ਵਿਚ ਇਨ੍ਹਾ ਤੁਰਕਾਂ ਨੇ ਸੀਰੀਆ ਉਤੇ ਵੀ ਕਬਜ਼ਾ ਕਰ ਲਿਆ। ਤੁਰਕ ਸੁਲਤਾਨ ਬੜੇ ਅਭਿਮਾਨੀ ਸਨ ਤੇ ਉਨ੍ਹਾਂ ਨੂੰ ਆਪਣੇ ਲਸ਼ਕਰਾਂ ਦਾ ਬੜਾ ਘੁਮੰਡ ਸੀ। ਉਹ ਜਿਥੇ ਵੀ ਕਬਜ਼ਾ ਕਰਦੇ, ਉਥੋਂ ਦੀ ਦੌਲਤ ਤੇ ਹੁਸਨ ਖੁਲ੍ਹੇ-ਹੱਥੀਂ ਲੁੱਟਦੇ, ਕੋਈ ਉਨ੍ਹਾਂ ਨੂੰ ਰੋਕਣ ਵਾਲਾ ਨਹੀਂ ਸੀ। ਇਹ ਜਿਬਰਾਨ ਦੇ ਜਨਮ ਤੋਂ ਤਿੰਨ ਸਦੀਆਂ ਪਹਿਲਾਂ ਦੀ ਗੱਲ ਹੈ।

1790 ਈ: ਵਿਚ ਫ਼੍ਰਾਂਸ ਵਿਚ ਇਨਕਲਾਬ ਆਇਆ ਤੇ ਕਾਫ਼ੀ ਉਪਰਥੱਲੀ ਹੋਈ। ਬਹੁਤ ਸਾਰੇ ਫ਼੍ਰਾਂਸੀਸੀ ਕੈਥੋਲਿਕ ਈਸਾਈ, ਸ਼ਰਣਾਰਥੀ ਬਣ ਕੇ ਲਿਬਨਾਨ ਆਏ। ਇਨ੍ਹਾਂ ਆ ਕੇ ਸਕੂਲ ਖੋਲ੍ਹੇ, ਜਿਨ੍ਹਾਂ ਵਿਚ ਅਰਬੀ ਤੇ ਫ਼੍ਰਾਂਸੀਸੀ ਦੋਵੇਂ ਜ਼ਬਾਨਾਂ ਪੜ੍ਹਾਈਆਂ ਜਾਂਦੀਆਂ ਸਨ। ਨਵੀਂ ਸਿਖਿਆ ਤੇ ਸੰਗਤ ਕਾਰਣ ਅਰਬ ਲੋਕਾਂ ਵਿਚ ਜਾਗ੍ਰਿਤੀ ਆਈ ਤੇ ਉਹ ਤੁਰਕ ਰਾਜ ਦੇ ਵਿਰੋਧ ਲਈ ਸੰਗਠਿਤ ਹੋਣ ਲੱਗੇ। ਬਾਹਰਲੇ ਮੁਲਕਾਂ ਵਿਚ ਆਜ਼ਾਦੀ ਘੋਲ ਲਈ ਗੁਪਤ ਜਥੇਬੰਦੀਆਂ ਬਣੀਆਂ, ਪੈਰਿਸ ਵਿਚ ਅਰਬਾਂ ਦੀ ਕਾਨਫ਼੍ਰੰਸ ਹੋਈ, ਜਿਸਦੀ ਪ੍ਰਤਿਕ੍ਰਿਆ ਵਜੋਂ ਤੁਰਕੀ ਹਾਕਮਾਂ ਨੇ ਕਈਆਂ ਨੂੰ ਫਾਸੀ ਤੇ ਕਈਆਂ ਨੂੰ ਜੇਲ੍ਹੀਂ ਪਾਇਆ। ਅੱਗੇ ਜਾ ਕੇ ਪਹਿਲੀ ਵੱਡੀ ਜੰਗ ਸਮੇਂ ਤੁਰਕੀ ਹਾਰ ਗਿਆ ਅਤੇ ਸੀਰੀਆ ਤੇ ਲਿਬਨਾਨ ਉਤੇ ਫ਼੍ਰਾਂਸ ਦਾ ਕਬਜ਼ਾ ਜਾਇਜ਼ ਮੰਨਿਆ ਗਿਆ, ਅੰਗ੍ਰੇਜ਼ਾਂ ਫਲਸਤੀਨ ਸਾਂਭ ਲਿਆ। ਦੂਜੀ ਵੱਡੀ ਜੰਗ ਸਮੇਂ ਲਿਬਨਾਨ ਤੇ ਸੀਰੀਆ ਵਾਲਿਆਂ, ਫ਼੍ਰਾਂਸੀਸੀਆਂ ਨੂੰ ਕੱਢ ਦਿੱਤਾ ਤੇ ਆਜ਼ਾਦ ਹੋ ਗਏ। ਇਹ ਪਿੱਛੋਂ ਦੀ ਕਹਾਣੀ ਹੈ; ਜਿਬਰਾਨ ਦੀ ਜੁਆਨੀ ਸਮੇਂ ਤੁਰਕੀ ਵਾਲਿਆਂ ਦਾ ਜਬਰ ਜ਼ੋਰ ਸਿਖ਼ਰ 'ਤੇ ਸੀ ਤੇ ਉਸਨੇ ਖ਼ੁਦ ਗ਼ੁਲਾਮੀ ਦੇ ਭਿਆਨਕ ਅਸਰ ਅੱਖੀਂ ਤੱਕੇ ਸਨ। ਉਦੋਂ ਈਸਾਈ ਪਾਦਰੀਆਂ ਦਾ ਜਤਨ ਤਾਂ ਇਤਨਾ ਹੀ ਸੀ ਕਿ ਲੋਕਾਂ ਨੂੰ ਸੁਸਿਖਿਅਤ ਕੀਤਾ ਜਾਵੇ। ਇਨ੍ਹਾਂ ਅਧਿਆਪਕਾਂ ਵਿਚੋਂ ਹੀ ਮੈਰੋਨਾਇਟ ਸੰਪ੍ਰਦਾ ਦਾ ਇਕ ਪਾਦਰੀ ਸੀ, ਜਿਸਦੀ ਧੀ ਜਿਬਰਾਨ ਦੀ ਮਾਤਾ ਸੀ। ਇਸਦਾ ਪਹਿਲਾ ਪਤੀ ਗੁਜ਼ਰ ਚੁੱਕਾ ਸੀ, ਜਿਸਦਾ ਪੁੱਤਰ ਪੀਟਰ ਸੀ, ਦੂਜੀ ਸ਼ਾਦੀ ਤੋਂ ਜਿਬਰਾਨ ਪੈਦਾ ਹੋਇਆ।

1869 ਈ: ਵਿਚ ਸੁਏਜ਼ ਨਹਿਰ ਮੁਕੰਮਲ ਹੋਣ ਕਰਕੇ ਪੱਛਮੀ ਪ੍ਰਭਾਵ ਵਧਦਾ ਗਿਆ ਤੇ ਤੁਰਕੀ ਰਾਜ ਦੇ ਜਬਰ ਜ਼ੁਲਮ ਨੰਗੇ ਹੋਣ ਲੱਗੇ। ਮਿਸਰ ਉਂਜ ਕੰਗਾਲ ਹੋ ਗਿਆ ਸੀ, ਜਿਸਨੂੰ ਅੰਗ੍ਰੇਜ਼ਾਂ ਆਣ ਸੰਭਾਲਿਆ। 1860 ਈ: ਵਿਚ ਤੁਰਕੀ ਸਰਕਾਰ ਨੇ ਲਿਬਨਾਨ ਨੂੰ ਕੁਝ ਅਧਿਕਾਰ ਵੀ ਦਿੱਤੇ ਪਰ ਇਨ੍ਹਾਂ ਦੀ ਫ਼ੌਜੀ ਭਰਤੀ ਬੰਦ ਕਰ ਦਿਤੀ, ਜਿਸ ਕਾਰਣ ਬੇਕਾਰੀ ਫੈਲ ਗਈ ਤੇ ਇਹ ਬੇਕਾਰ ਲੋਕ ਰੋਜ਼ਗਾਰ ਲਈ ਅਮ੍ਰੀਕਾ ਵੱਲ ਨੂੰ ਤੁਰ ਪਏ। ਖ਼ਲੀਲ ਜਿਬਰਾਨ ਉਦੋਂ ਅਜੇ ਬਾਰਾਂ ਵਰ੍ਹਿਆਂ ਦਾ ਸੀ, ਜਦੋਂ 1895 ਈ: ਵਿਚ ਇਸਦਾ ਵੱਡਾ ਭਾਈ ਪੀਟਰ, ਪਰਿਵਾਰ ਨੂੰ ਲੈ ਕੇ ਬੋਸਟਨ ਆਇਆ ਤੇ ਕਾਰੋਬਾਰ ਸ਼ੁਰੂ ਕੀਤਾ। ਜਿਬਰਾਨ ਨੂੰ ਇਥੇ ਸਕੂਲੇ ਪਾਇਆ ਗਿਆ ਤੇ ਫਿਰ 1896 ਈ: ਵਿਚ ਵਾਪਸ ਦੇਸ਼ ਲਿਜਾ ਕੇ ਬੈਰੂਤ ਦੇ ਵਿਦਿਆਲੇ 'ਅਲਹਿਕਮਤ' ਵਿਚ ਦਾਖ਼ਲ ਕਰਾ ਦਿੱਤਾ ਗਿਆ। ਉਸਨੇ ਪੰਜ ਸਾਲ ਲਾ ਕੇ ਅਰਬੀ ਜ਼ਬਾਨ ਤੇ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਵਿਦਿਆਰਥੀ-ਜੀਵਨ ਸਮੇਂ ਹੀ ਉਸਨੇ ਲਿਖਣਾ ਤੇ ਚਿਤ੍ਰਕਾਰੀ ਕਰਨਾ ਸ਼ੁਰੂ ਕਰ ਦਿੱਤਾ। ਉਸ ਆਪਣੀ ਕਲਪਨਾ ਸ਼ਕਤੀ ਨਾਲ, ਇਸਲਾਮ ਦੇ ਅਰੰਭ ਤੋਂ ਪਹਿਲਾਂ ਦੇ ਅਰਬੀ ਕਵੀਆਂ ਤੇ ਦਾਨਿਸ਼ੂਰਾਂ ਦੇ ਅਨੇਕਾਂ ਚਿਤ੍ਰ ਤਿਆਰ ਕਰ ਕੇ ਇਕ ਕਿਤਾਬ ਬਣਾਈ, ਜਿਸਦਾ ਨਾਮ *ਅਲ ਵਦਾਯਹੁਲ ਤਰਜਿਪਕ* ਸੀ। ਇਸ ਤੋਂ ਪਤਾ ਲਗਦਾ ਹੈ ਕਿ ਉਸ ਵਿਚ ਮੁੱਢ ਤੋਂ ਹੀ ਅਨੋਖੀ ਪ੍ਰਤਿਭਾ ਮੌਜੂਦ ਸੀ। ਚਿਤ੍ਰਕਾਰੀ ਦੀ ਉਚੇਰੀ ਸਿਖਿਆ ਤੇ ਸੈਰ-ਸਪਾਟੇ ਲਈ ਉਹ ਬਾਹਰਲੇ ਦੇਸ਼ਾਂ ਵਿਚ ਦੋ ਢਾਈ ਸਾਲ ਘੁੰਮਦਾ ਰਿਹਾ ਅਤੇ ਬਾਹਰ ਰਹਿੰਦਿਆਂ ਉਹ ਅਰਬੀ ਵਿਚ ਵੀ ਲਿਖਦਾ ਰਿਹਾ। ਉਸਦੀ ਕਿਤਾਬ *ਰਿਬੈਲੀਅਸ ਸਪਿਰਿਟਸ* (ਬਾਗ਼ੀ ਰੂਹਾਂ) ਪਹਿਲੇ ਪਹਿਲ ਅਰਬੀ ਵਿਚ *ਅਲ ਅਰਵਾਹੁਲ ਮੁਤਮਰਿੰਦ* ਨਾਂ ਹੇਠ 1902 ਈ: ਵਿਚ ਪ੍ਰਕਾਸ਼ਤ ਹੋਈ। ਜਦ ਇਹ ਛਪ ਕੇ ਬੈਰੂਤ ਪਹੁੰਚੀ ਤਾਂ ਕੱਟੜਪੰਥੀਆਂ ਇਸਨੂੰ ਬਾਜ਼ਾਰ ਵਿਚ ਸਾੜਿਆ ਫੂਕਿਆ। ਮੋਰੋਨਾਇਟ ਸੰਪ੍ਰਦਾ ਦੇ ਈਸਾਈਆਂ ਨੇ ਜਿਬਰਾਨ ਨੂੰ ਆਪਣੇ ਫ਼ਿਰਕੇ ਵਿੱਚੋਂ ਛੇਕ ਦਿੱਤਾ ਅਤੇ ਬਾਗ਼ੀ ਵਿਚਾਰਾਂ ਕਾਰਣ ਤੁਰਕ ਹਾਕਮਾਂ ਵੀ ਇਸਦੀਆਂ ਲਿਖਤਾਂ ਨੂੰ 'ਨੌਜੁਆਨਾਂ ਲਈ ਜ਼ਹਿਰ' ਦੱਸ ਕੇ ਜਿਬਰਾਨ ਨੂੰ ਦੇਸ਼ ਤੋਂ ਬੇ-ਦਖ਼ਲ ਕਰ ਦਿੱਤਾ।

ਅਪ੍ਰੈਲ 1902 ਈ: ਵਿਚ ਇਸਦੀ ਭੈਣ ਸੁਲਤਾਨਾ ਮਰ ਗਈ, ਮਾਰਚ 1903 ਈ: ਵਿਚ ਵੱਡਾ ਭਾਈ ਪੀਟਰ ਚਲਾਣਾ ਕਰ ਗਿਆ, ਪਿਛੋਂ ਮਾਤਾ ਵੀ। ਜਿਸ ਕਰਕੇ ਪਰਿਵਾਰਕ ਜ਼ਿੰਮੇਵਾਰੀ 20 ਸਾਲ ਦੇ ਨੌਜੁਆਨ ਜਿਬਰਾਨ ਤੇ ਉਸਦੀ ਭੈਣ ਮਰੀਆਨਾ ਉਤੇ ਪੈ ਗਈ। ਸੋ ਜਿਬਰਾਨ ਸਭ ਕੁਝ ਛੱਡ ਕੇ ਬੋਸਟਨ ਆ ਗਿਆ। 1904 ਈ: ਵਿਚ ਇਸਦੇ ਪਾਸ ਲਗਪਗ 20 ਚਿੱਤਰ ਤਿਆਰ ਸਨ, ਲੇਕਿਨ ਨੁਮਾਇਸ਼ ਲਾਉਣ ਲਈ ਪੈਸੇ ਨਹੀਂ ਸਨ। ਅਰਬੀ ਵਿਚ ਜੋ ਇਹ ਲਿਖਦਾ ਸੀ, ਉਸਦਾ ਕੋਈ ਮਿਹਨਤਾਨਾ ਨਹੀਂ ਸੀ ਮਿਲਦਾ, ਕੇਵਲ ਸ਼ੌਕ ਅਧੀਨ ਜਾਂ ਫਿਰ ਅਰਬੀ ਭਾਈਆਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਹੀ ਕਲਮ ਘਸਾਉਂਦਾ ਸੀ। ਇਸਦੀ ਭੈਣ ਮਰੀਆਨਾ ਕੁਝ ਸਿਲਾਈ ਬੁਣਾਈ ਦਾ ਕੰਮ ਕਰ ਕੇ ਘਰ ਦਾ ਮਾਮੂਲੀ ਗੁਜ਼ਾਰਾ ਤੋਰਦੀ ਸੀ। ਇਸ ਹਾਲਤ ਵਿਚ ਇਨ੍ਹਾਂ ਨੇ ਨੁਮਾਇਸ਼ ਲਈ ਕਿਸੇ ਲਿਬਨਾਨੀ ਗੁਆਂਢਣ ਤੋਂ 20 ਡਾਲਰ ਉਧਾਰ ਲਏ ਤੇ ਇਕ ਦੋਸਤ ਫ਼ੋਟੋਗ੍ਰਾਫ਼ਰ ਤੋਂ ਕੁਝ ਸਮੇਂ ਲਈ ਸਟੂਡੀਓ ਮੰਗਿਆ ਤੇ ਨੁਮਾਇਸ਼ ਲਾਈ। ਅਨੇਕਾਂ ਲੋਕਾਂ ਇਸ ਨੌਜੁਆਨ ਦੀ ਕਲਾ-ਪ੍ਰਦਰਸ਼ਨੀ ਨੂੰ ਵੇਖਿਆ। ਮੈਰੀ ਹੈਕਸਲ ਨਾਂ ਦੀ ਇਕ ਸੁੰਦਰੀ ਨੇ ਵੀ ਇਹ ਚਿਤ੍ਰਾਵਲੀ ਦੇਖੀ ਤੇ ਉਸਨੇ ਜਿਬਰਾਨ ਦੀ ਖ਼ੂਬ ਪ੍ਰਸੰਸਾ ਕੀਤੀ। ਪਿੱਛੋਂ ਉਹ ਜਿਬਰਾਨ ਦੀ ਗੂੜ੍ਹੀ ਦੋਸਤ ਵੀ ਬਣ ਗਈ, ਉਸਦੀਆਂ

ਅੰਗ੍ਰੇਜ਼ੀ ਲਿਖਤਾਂ ਪੜ੍ਹ ਪੜ੍ਹ ਕੇ ਉਸਨੂੰ ਸਮੇਂ ਸਮੇਂ ਸੁਝਾਉ ਵੀ ਦਿੰਦੀ ਰਹੀ। ਇਸੇ ਅਮੀਰਜ਼ਾਦੀ ਨੇ ਮਾਲੀ ਇਮਦਾਦ ਕਰ ਕੇ ਚਿਤ੍ਰਕਲਾ ਦੀ ਉਚੇਰੀ ਸਿਖਿਆ ਲਈ ਜਿਬਰਾਨ ਨੂੰ ਫਿਰ ਪੈਰਿਸ ਭਿਜਵਾਇਆ, ਜੋ 1908 ਈ: ਤੋਂ 1910 ਈ: ਤਕ ਉਥੇ ਰਿਹਾ। ਅਕਤੂਬਰ 1910 ਈ: ਵਿਚ ਬੋਸਟਨ ਪਰਤਿਆ ਤੇ ਫਿਰ ਅਪ੍ਰੈਲ 1911 ਈ: ਵਿਚ ਨਿਊਯਾਰਕ ਚਲਿਆ ਗਿਆ, ਜਿਥੇ ਉਸ ਨੇ 51-ਵੈਸਟ ਟੈੱਨਥ ਸਟਰੀਟ ਵਿਚ ਸਟੂਡੀਓ ਸਥਾਪਿਤ ਕੀਤਾ। ਚਿਤ੍ਰਕਾਰੀ ਦੇ ਨਾਲ ਨਾਲ ਉਹ ਆਪਣੇ ਦੇਸ਼ਵਾਸੀਆਂ ਲਈ ਅਰਬੀ ਵਿਚ ਤਾਂ ਲਿਖਦਾ ਹੀ ਸੀ, ਹੁਣ ਬਾਕਾਇਦਾ ਅੰਗ੍ਰੇਜ਼ੀ ਵਿਚ ਵੀ ਲਿਖਣਾ ਸ਼ੁਰੂ ਕੀਤਾ।

ਇਸ ਵਕਤ ਉਸਦੀ ਉਮਰ 30 ਸਾਲ ਦੇ ਲਗਪਗ ਸੀ ਪਰ ਉਸ ਵਿਆਹ ਨਹੀਂ ਸੀ ਕਰਵਾਇਆ। ਜੇ ਕੋਈ ਕਦੀ ਅਜੇਹਾ ਸੁਝਾਉ ਲਿਆਉਂਦਾ ਤਾਂ ਉਹ ਕਹਿੰਦਾ—ਚਿਤ੍ਰਕਾਰੀ ਤੇ ਸਾਹਿਤਕਾਰੀ ਵਿਚ ਮਗਨ ਰਹਿਣ ਕਾਰਣ ਸ਼ਾਇਦ ਮੈਂ ਵਿਆਹੁਤਾ ਲਈ ਸਮਾਂ ਨਹੀਂ ਕੱਢ ਸਕਾਂਗਾ। ਇਸ ਤਰ੍ਹਾਂ ਉਹ ਅਣਵਿਆਹਿਆ ਚਲਦਾ ਗਿਆ ਪਰ ਉਸਦੇ ਜੀਵਨ ਵਿਚ ਕਈ ਸੁੰਦਰੀਆਂ ਆਈਆਂ। ਬੋਸਟਨ ਰਹਿਣ ਸਮੇਂ ਮਾਇਕ ਲਾਇਨ ਨਾਂ ਦੀ ਮੁਟਿਆਰ ਉਸਨੂੰ ਬਹੁਤ ਪ੍ਰੇਮ ਕਰਦੀ ਸੀ, ਪਿੱਛੋਂ ਮੈਰੀ ਹੈਸਕਲ ਤੇ ਮੈਰੀ ਖ਼ੌਰੀ ਵੀ ਉਸਦੀਆਂ ਗੂੜ੍ਹੀਆਂ ਦੋਸਤ ਬਣੀਆਂ ਤੇ ਸਮੇਂ ਸਮੇਂ ਮਾਲੀ ਮੱਦਦ ਵੀ ਕਰਦੀਆਂ ਰਹੀਆਂ। 1925 ਈ: ਵਿਚ ਬਰਬਰਾ ਯੰਗ ਇਕ ਅੰਗ੍ਰੇਜ਼ੀ ਟੀਚਰ ਉਸਦੇ ਸੰਪਰਕ ਵਿਚ ਆਈ ਤੇ ਸੱਤ ਸਾਲ ਉਸ ਨਾਲ ਕੰਮ ਕਰਦੀ ਰਹੀ; ਇਸਨੇ ਉਸਦੇ ਜੀਵਨ ਉਤੇ 1945 ਈ: ਵਿਚ ਕਿਤਾਬ ਵੀ ਲਿਖੀ—*ਦਿਸ ਮੈਨ ਫ਼੍ਰਾਮ ਲਿਬਨਾਨ*। ਇਸ ਵਿਚ ਉਸਨੇ ਕਈ ਦਿਲਚਸਪ ਘਟਨਾਵਾਂ ਲਿਖੀਆਂ ਹਨ। ਇਕ ਵਾਰ ਜਿਬਰਾਨ ਨੇ ਉਸਨੂੰ ਸਵਾਲ ਕੀਤਾ ਕਿ ਜੇ ਤੂੰ ਸਾਰੀ ਜ਼ਬਾਨ ਭੁੱਲ ਜਾਵੇਂ ਤਾਂ ਸੱਤ ਕਿਹੜੇ ਜ਼ਰੂਰੀ ਸ਼ਬਦ ਯਾਦ ਰਖੇਂਗੀ? ਉਸਨੇ ਕਿਹਾ—ਰੱਬ, ਜ਼ਿੰਦਗੀ, ਪ੍ਰੀਤ, ਸੁੰਦਰਤਾ ਤੇ ਧਰਤੀ, ਦੋ ਉਹ ਦੱਸ ਨਾ ਸਕੀ ਤਾਂ ਫਿਰ ਜਿਬਰਾਨ ਨੇ ਜਵਾਬ ਦਿਤਾ—ਦੋ ਜ਼ਰੂਰੀ ਤਾਂ ਤੂੰ ਭੁੱਲ ਹੀ ਗਈ, ਇਨ੍ਹਾਂ ਬਿਨਾਂ ਬਾਕੀ ਕਿਸ ਕੰਮ। ਤਾਂ ਫਿਰ ਉਸ ਇਉਂ ਗਿਣੇ—ਤੂੰ, ਮੈਂ, ਸਮਰਪਣ, ਰੱਬ, ਪਿਆਰ, ਸੁੰਦਰਤਾ ਤੇ ਧਰਤੀ। ਲੇਖਕ ਦੀ ਮੌਤ ਬਾਅਦ ਇਸੇ ਬਰਬਰਾ ਯੰਗ ਨੇ *ਗਾਰਡਨ ਆਫ਼ ਦੀ ਪ੍ਰਾਫਿਟ* ਦਾ ਖਰੜਾ ਤਰਤੀਬਿਆ ਤੇ ਪ੍ਰਕਾਸ਼ਤ ਕਰਾਇਆ ਸੀ।

1918 ਈ: ਵਿਚ ਲੇਖਕ ਦੀ ਅੰਗ੍ਰੇਜ਼ੀ ਕਿਤਾਬ *ਦੀ ਮੈਡ ਮੈਨ* ਛਪੀ; 1919 ਈ: ਵਿਚ ਅਰਬੀ ਕਾਵਿ *ਅਲ ਮਵਾਕਿਬ* ਸਚਿਤ੍ਰ ਪ੍ਰਕਾਸ਼ਤ ਹੋਇਆ। 1923 ਈ: ਵਿਚ *ਪ੍ਰਾਫਿਟ* ਛਪ ਕੇ ਆਇਆ ਜਿਸਨੇ ਇਸ ਪੈਗ਼ੰਬਰ ਕਲਮ ਦੀ ਸਾਰੇ ਯੂਰਪ ਵਿਚ ਧੁੰਮ ਪਾ ਦਿੱਤੀ। 1928 ਈ: ਵਿਚ *ਜਿਊਸਿਸ—ਦੀ ਸਨ ਆਫ਼ ਮੈਨ* ਤਿਆਰ ਹੋਇਆ ਜੋ ਲੇਖਕ ਦੀ ਲੰਮੀ ਘਾਲ ਦਾ ਸਿੱਟਾ ਸੀ। 48 ਸਾਲ ਦੀ ਉਮਰ ਵਿਚ 10 ਅਪ੍ਰੈਲ, 1931 ਈ: ਨੂੰ ਨਿਊਯਾਰਕ ਵਿਚ ਦਿਹਾਂਤ ਹੋਇਆ ਤੇ ਇਸਦੀ ਭੈਣ ਮਰੀਆਨਾ ਤੇ ਬਰਬਰਾ ਯੰਗ ਨੇ ਇਸਦੀ ਲਾਸ਼ ਪਿੰਡ ਬਸ਼ਾਰੀ ਲਿਜਾ ਕੇ ਦਫ਼ਨਾਈ, ਜਿਥੇ ਕਿ ਵੇਲੇ ਦੀ ਸਰਕਾਰ ਤੇ ਚਰਚ ਵਾਲਿਆਂ ਵੀ ਇਸਨੂੰ ਸਾਦਰ ਪ੍ਰਣਾਮ ਕੀਤਾ।

ਰਚਨਾਵਾਂ

ਇਸ ਕਲਮਧਾਰੀ ਦੀਆਂ ਕਿਰਤਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਰੀਬੈਲੀਅਸ ਸਪਿਰਿਟਸ 1908 ਈ:

2. ਦੀ ਬ੍ਰੋਕਨ ਵਿੰਗਜ਼ 1912 ਈ:
3. ਏ ਟੀਅਰ ਐਂਡ ਏ ਸਮਾਇਲ 1914 ਈ:
4. ਦੀ ਮੈਡ ਮੈਨ 1918 ਈ:
5. ਟਵੰਟੀ ਡ੍ਰਾਇੰਗਜ਼ 1919 ਈ:
6. ਦੀ ਫ਼ੋਰ-ਰਨਰ 1920 ਈ:
7. ਟੈਪੈਸਟਸ 1920 ਈ:
8. ਦੀ ਪ੍ਰਾਫਿਟ 1923 ਈ:
9. ਸੈਂਡ ਐਂਡ ਫ਼ੋਮ 1927 ਈ:
10. ਜਿਊਸਿਸ—ਦੀ ਸਨ ਆਫ਼ ਮੈਨ 1928 ਈ:
11. ਦੀ ਅਰਥ ਗਾਡਜ਼ 1931 ਈ:
12. ਦੀ ਵਾਂਡਰਰ 1932 ਈ:
13. ਦੀ ਗਾਰਡਨ ਆਫ਼ ਦੀ ਪ੍ਰਾਫਿਟ 1933 ਈ:
14. ਪ੍ਰੋਜ਼ ਪੁਇਮਜ਼ 1934 ਈ:
15. ਨਿੰਫਸ ਆਫ਼ ਦੀ ਵੈਲੀ 1948 ਈ:
16. ਦੀ ਪ੍ਰੋਸੈਸ਼ਨ (ਅਰਬੀ ਤੋਂ ਅਨੁਵਾਦ) 1958 ਈ:
17. ਏ ਸੈਲਫ਼ ਪੋਰਟ੍ਰੇਟ (ਚਿੱਠੀਆਂ ਦਾ ਸੰਗ੍ਰਹਿ) 1959 ਈ:
18. ਦੀ ਵੁਆਇਸ ਆਫ਼ ਦੀ ਮਾਸਟਰ 1960 ਈ:
19. ਥਾਟਸ ਐਂਡ ਮੈਡੀਟੇਸ਼ਨਜ਼ 1961 ਈ:
20. ਦੀ ਵਿਜ਼ਡਮ ਆਫ਼ ਜਿਬਰਾਨ (ਸੰਪਾਦਕ : ਜੋਜ਼ਫ ਸ਼ੇਬਾਨ) 1961 ਈ:
21. ਸਪਿਰਿਚੁਅਲ ਸੇਇੰਗਜ਼ 1963 ਈ:
22. ਮਿਰਰਜ਼ ਆਫ਼ ਦੀ ਸੋਲ 1965 ਈ:
23. ਲਾਜ਼ਰ ਐਂਡ ਹਿਜ਼ ਬੀਲਵਡ (ਨਾਟਕ)

ਜਿਬਰਾਨ ਦੀ ਅਰਬੀ ਰਚਨਾ *ਅਲਰੰਜਤਲ ਮਤਕਸਰਾ* ਪਹਿਲਾ ਨਾਵਲ ਸੀ, ਜੋ *ਬ੍ਰੋਕਨ ਵਿੰਗਜ਼* (ਟੁੱਟੇ ਖੰਭ) ਨਾਂ ਹੇਠ ਛਪਿਆ। *ਅਲ ਮਵਾਕਿਬ* ਦਾ ਤਰਜਮਾ *ਦੀ ਪ੍ਰੋਸੈਸ਼ਨ* ਸੀ ਜੋ ਜਾਰਜ ਖ਼ੈਰੁਲਾ ਨੇ ਕੀਤਾ। ਜਦੋਂ ਉਸਦੀ ਕਲਮ ਦੀ ਧਾਕ ਪਈ ਤਾਂ ਪੱਛਮੀ ਵਿਦਵਾਨਾਂ ਨੇ ਉਸਦੀਆਂ ਅਰਬੀ ਲਿਖਤਾਂ ਨੂੰ ਅੰਗ੍ਰੇਜ਼ੀ ਵਿਚ ਅਨੁਵਾਦਿਆ ਤੇ ਬਹੁਤ ਸਾਰੀਆਂ ਅੰਗ੍ਰੇਜ਼ੀ ਰਚਨਾਵਾਂ ਨੂੰ ਅਰਬੀ ਵਿਚ ਤਰਜਮਾਇਆ ਗਿਆ। ਜੋਜ਼ਫ ਸ਼ੇਬਾਨ ਨੇ ਉਸ ਬਾਰੇ ਕਈ ਕੰਮ ਕੀਤੇ। ਐਨਥਨੀ ਆਰ. ਫੀਰਿਸ ਨੇ *ਦੀ ਵੁਆਇਸ ਆਫ਼ ਦੀ ਮਾਸਟਰ* ਤੇ *ਥਾਟਸ ਐਂਡ ਮੈਡੀਟੇਸ਼ਨਜ਼* ਆਦਿ ਕਿਤਾਬਾਂ ਅਰਬੀ ਰਸਾਲਿਆਂ ਤੋਂ ਸਾਮੱਗਰੀ ਲੈ ਕੇ ਤਿਆਰ ਕੀਤੀਆਂ।

ਚਿਤ੍ਰਕਾਰ

ਜਿਬਰਾਨ ਦੀ ਚਿਤ੍ਰਕਲਾ ਦੀ ਪ੍ਰਸੰਸਾ ਕਰਦਿਆਂ ਪੱਛਮੀ ਚਿਤ੍ਰਕਾਰ ਆਗਸਤ ਰੋਡਨ ਨੇ ਉਸਨੂੰ ਵਿਲੀਅਮ ਬਲੈਕ ਨਾਲ ਤੁਲਨਾਇਆ ਹੈ ਤੇ ਉਸਦੀ ਸਾਹਿਤ-ਕਲਾ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਰਵਿੰਦਰ ਨਾਥ ਟੈਗੋਰ ਨਾਲ ਉਪਮਾਇਆ ਗਿਆ ਹੈ। ਚਿਤ੍ਰਕਾਰ ਜਿਬਰਾਨ ਦੀ ਪਹਿਲੀ ਚਿਤ੍ਰਾਵਲੀ *ਟਵੰਟੀ ਡ੍ਰਾਇੰਗਜ਼* (ਵੀਹ ਰੇਖਾ-ਚਿਤ੍ਰ) 1919 ਈ: ਵਿਚ

ਛਪੀ ਸੀ, ਜਿਸਦੀ ਭੂਮਿਕਾ ਵਿਚ ਐਲਸ ਰਾਂਫੈਲ ਨੇ ਉਦੋਂ ਕਿਹਾ ਸੀ—"ਇਨ੍ਹਾਂ ਰੇਖਾ-ਚਿਤ੍ਰਾਂ ਵਿਚ ਪੂਰਬ ਤੇ ਪੱਛਮ ਦੇ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਦਾ ਸੁੰਦਰ ਸੁਮੇਲ ਹੋਇਆ ਹੈ। ਪ੍ਰਤੀਕਵਾਦੀ ਹੁੰਦੇ ਹੋਏ ਵੀ ਇਹ ਚਿਤ੍ਰ ਰਵਾਇਤੀ ਪਰੰਪਰਾ ਦੀ ਹਮਾਇਤ ਨਹੀਂ ਕਰਦੇ।" ਅੱਜ ਇਹ ਸਵਾ ਸੌ ਦੇ ਲਗਪਗ ਚਿਤ੍ਰ ਦੁਨੀਆਂ ਦੇ ਪ੍ਰਸਿੱਧ ਕਲਾ-ਭਵਨਾਂ ਦਾ ਸ਼ਿੰਗਾਰ ਹਨ ਤੇ ਕਲਾਕਾਰ ਦੀ ਵਿਲੱਖਣ ਚਿਤ੍ਰਕਾਰੀ ਦੀ ਚਰਚਾ ਕੌਮਾਂਤਰੀ ਪੱਧਰ 'ਤੇ ਥਾਂ ਥਾਂ ਹੈ।

ਚੂੰਕਿ ਇਸਲਾਮ ਨੇ ਚਿਤ੍ਰਕਲਾ ਤੇ ਮੂਰਤੀ-ਕਲਾ ਉਤੇ ਬੰਦਸ਼ ਲਾਈ ਹੋਈ ਸੀ, ਇਸ ਕਰਕੇ ਅਰਬ ਦੇਸ਼ ਵਿਚ ਇਸ ਕਲਾ ਦੀ ਕੋਈ ਕਦਰ ਤੇ ਸਰਪ੍ਰਸਤੀ ਨਹੀਂ ਸੀ, ਪਰੰਤੂ ਜਿਬਰਾਨ ਦੀ ਪ੍ਰਤਿਭਾ ਵਿਚ ਚਿਤ੍ਰਕਲਾ ਦੀ ਖ਼ਾਸ ਥਾਂ ਸੀ, ਉਸਨੇ 15-16 ਸਾਲ ਦੀ ਉਮਰ ਵਿਚ ਹੀ ਇਸਲਾਮ ਤੋਂ ਪਹਿਲਾਂ ਦੇ ਕਵੀਆਂ ਤੇ ਦਾਨਿਆਂ ਦੇ ਕਲਪਨਾ ਨਾਲ ਅਨੇਕਾਂ ਚਿਤ੍ਰ ਤਿਆਰ ਕੀਤੇ ਸਨ, ਜੋ ਬੋਸਟਨ ਵਿਚ ਸਟੂਡੀਓ ਨੂੰ ਅੱਗ ਲੱਗ ਜਾਣ ਕਾਰਨ ਸੜ ਗਏ। ਬਾਅਦ ਵਿਚ ਪੈਰਿਸ ਤੋਂ ਉੱਚੀ ਸਿਖਿਆ ਪਾ ਕੇ ਉਸਨੇ ਇਸ ਕਲਾ ਵਿਚ ਹੋਰ ਸ਼ੁਹਰਤ ਹਾਸਲ ਕੀਤੀ ਤੇ ਐਸੇ ਅਮੋਲਕ ਨਗਨ ਚਿਤ੍ਰ ਬਣਾਏ, ਜੋ ਅੱਜ ਵੀ ਜਿਉਂਦੇ-ਜਾਗਦੇ ਪ੍ਰਤੀਤ ਹੁੰਦੇ ਹਨ ਤੇ ਕਲਾਕਾਰ ਦਾ ਜੀਵਨ-ਸੰਦੇਸ਼ ਸਾਡੇ ਤਕ ਪਹੁੰਚਾਉਂਦੇ ਹਨ।

ਸਾਹਿਤਕਾਰ

ਜਿਥੋਂ ਤਕ ਉਸਦੀ ਕਲਮ ਦੇ ਕ੍ਰਿਸ਼ਮਿਆਂ ਦਾ ਸੰਬੰਧ ਹੈ, ਉਹ ਬਿਆਨ ਤੋਂ ਬਾਹਰ ਹੈ। ਉਸਦਾ ਜੀਵਨ-ਉਦੇਸ਼ ਜ਼ਿੰਦਗੀ ਦੀ ਏਕਤਾ ਤੇ ਇਕ-ਸੁਰਤਾ ਦ੍ਰਿੜ ਕਰਾਉਣਾ ਸੀ, ਉਸਨੇ ਕੁਦਰਤ ਦੀ ਸੁੰਦਰਤਾ ਨੂੰ ਧਿਆਨ-ਗੋਚਰੇ ਕਰ ਕੇ, ਉਸ ਨੂੰ ਪਿਆਰਨ ਸਤਿਕਾਰਨ ਦੀ ਜਾਚ ਸਿਖਾਈ, ਤਾਂਕਿ ਦੁਬਿਧਾ ਦੁਜਾਇਗੀ ਵਾਲੀ ਕੋਈ ਗੱਲ ਨਾ ਰਹੇ। 'ਪਿਆਰ' ਉਸਦਾ ਸਭ ਤੋਂ ਪਿਆਰਾ ਮਜ਼ਮੂਨ ਹੈ।

ਪੁਰਾਣੇ ਮਜ਼੍ਹਬਾਂ ਨੇ ਰੱਬ ਨੂੰ ਰਹੀਮ ਤੇ ਦਿਆਲੂ, ਕ੍ਰਿਪਾਲੂ ਕਿਹਾ ਹੈ, ਖ਼ਲੀਲ ਜਿਬਰਾਨ ਵੀ ਇਸ ਦਯਾ-ਭਾਵ ਉਤੇ ਵਧੇਰੇ ਜ਼ੋਰ ਦਿੰਦਾ ਹੈ। ਕੋਈ ਕਹਿੰਦਾ ਹੈ ਰੱਬ ਸੁਰਗ ਵਿਚ ਹੈ, ਕੋਈ ਕਹਿੰਦਾ ਹੈ ਰੱਬ ਹਰ ਥਾਂ ਹੈ, ਫਿਰ ਹੋਰ ਕੋਈ ਦੱਸਦਾ ਹੈ ਕਿ ਰੱਬ ਤੇਰੇ ਅੰਦਰ ਹੈ। ਇਹ ਸਾਰੇ ਬਿਆਨ ਇਹ ਪ੍ਰਗਟ ਕਰਦੇ ਹਨ ਕਿ ਉਹ ਮੇਰੇ ਤੇਰੇ ਸਭ ਵਿਚ ਹੈ। ਇਸ ਕਰਕੇ ਹਰ ਪ੍ਰਾਣੀ ਪਿਆਰਨ-ਯੋਗ ਹੈ। ਜੇਕਰ *ਦੀ ਪ੍ਰਾਫਿਟ* ਵਿਚ ਇਸ ਕਲਮ ਨੇ ਸ਼ਿਸ਼ਟਾਚਾਰ ਦੇ ਸੁੰਦਰ ਚਿਤ੍ਰ ਸਾਕਾਰ ਕੀਤੇ ਹਨ ਤਾਂ *ਦੀ ਗਾਰਡਨ ਆਫ਼ ਦੀ ਪ੍ਰਾਫਿਟ* ਵਿਚ ਉਹ ਸਰਬ-ਵਿਆਪਕ ਜ਼ਿੰਦਗੀ ਦਾ ਜਲਵਾ ਸਾਕਾਰ ਕਰ ਕੇ ਸਾਡੀ ਰੂਹ ਨੂੰ ਵਿਸ਼ਵ-ਚੇਤਨਾ ਨਾਲ ਇਕ-ਮਿੱਕ ਕਰਨ ਦਾ ਉਪਰਾਲਾ ਕਰਦਾ ਹੈ। ਇਹੋ ਉਸਦਾ ਆਚਾਰ ਸ਼ਾਸਤਰ ਹੈ ਤੇ ਇਹੋ ਉਸਦਾ ਅਧਿਆਤਮ ਸ਼ਾਸਤਰ। ਆਮ ਜਥੇਬੰਦ ਮਜ਼੍ਹਬ ਆਪਣੇ ਇਸ ਕਰਤਵ ਤੋਂ ਜ਼ਰਾ ਦੂਰ ਚਲੇ ਗਏ, ਜਿਸ ਕਰਕੇ ਉਨ੍ਹਾਂ ਦੀ ਸਾਰਥਕਤਾ ਖ਼ਤਮ ਹੋ ਗਈ, ਲੇਕਿਨ ਖ਼ਲੀਲ ਜਿਬਰਾਨ ਜਿਸ ਜੀਵਨ-ਜਾਚ ਦਾ ਸਿਖਿਆਕਾਰ ਸੀ, ਉਸ ਵਿਚ ਸੁੰਦਰ ਸੱਚ ਹੀ ਸਰਵੋਤਮ ਇਸ਼ਟ ਸੀ। ਉਹ ਲਿਖਦਾ ਹੈ:

> ਜੇਕਰ ਤੁਸੀ ਮਤਾਂ-ਮਤਾਂਤਰਾਂ ਦੇ ਮੰਨਣ ਤੋਂ ਔਖੇ ਹੋ ਗਏ ਹੋ; ਜੇ ਤੁਸੀਂ ਆਪਸ ਵਿਚ ਟਕਰਾਉਂਦੇ ਈਮਾਨਾਂ ਵਿਚ ਗੁਆਚ ਗਏ ਹੋ; ਜੇ ਤੁਸੀਂ ਮਜ਼੍ਹਬੀ ਬੰਧਨਾਂ ਨਾਲ ਜਕੜੇ ਹੋਏ ਆਪਣੀ ਆਜ਼ਾਦੀ ਗੁਆ ਬੈਠੇ ਹੋ ਤਾਂ ਤੁਸੀ ਸੁੰਦਰਤਾ ਨੂੰ ਆਪਣਾ ਮਜ਼੍ਹਬ ਬਣਾਓ ਤੇ ਉਸ ਦੇਵੀ ਦੀ ਪੂਜਾ ਕਰੋ ਜੋ ਸਾਮ੍ਹਣੇ ਮੂਰਤੀਮਾਨ ਹੈ, ਰੱਬ ਦੀ ਸੁੰਦਰ ਕ੍ਰਿਤ। ਇਸ

ਨਾਲ ਤੁਹਾਡੀ ਖ਼ੁਸ਼ੀ ਦੀ ਭੁੱਖ ਪੂਰੀ ਹੋਵੇਗੀ, ਤੁਸੀਂ ਪਾਪਾਂ ਤੇ ਮਲੀਨ ਕਾਰ-ਵਿਹਾਰਾਂ ਤੋਂ ਤੌਬਾ ਕਰੋ; ਕੁਦਰਤ ਦੇ ਰੰਗਾਂ ਮੁਤਾਬਿਕ ਇਹੋ ਤੁਹਾਡੀ ਜ਼ਿੰਦਗੀ ਦਾ ਘਰ ਹੈ।

ਅਜੇਹਾ ਸਰਬ-ਸਾਂਝ ਦਾ ਸੰਦੇਸ਼ ਸ਼ਾਇਦ ਹੋਰਾਂ ਮਹਾਂਪੁਰਸ਼ਾਂ ਵੀ ਦੁਹਰਾਇਆ ਹੋਵੇ, ਲੇਕਿਨ ਖ਼ਲੀਲ ਜਿਬਰਾਨ ਜਿਸ ਸ਼ੈਲੀ ਵਿਚ ਇਸਨੂੰ ਪੇਸ਼ ਕਰਦਾ ਹੈ, ਉਸਦਾ ਕੋਈ ਮੁਕਾਬਲਾ ਨਹੀਂ। ਉਹ ਸ਼ਾਇਰ ਸੀ, ਉਸਦੀ ਸ਼ਾਇਰੀ ਦਾ ਹੁਨਰ ਵੀ ਆਪਣੀ ਕਿਸਮ ਦਾ ਸੀ। ਉਹ ਖ਼ੁਦ ਕਹਿੰਦਾ ਹੈ:

ਸ਼ਾਇਰ ਵਰਤਮਾਨ ਤੇ ਭਵਿੱਖਤ ਦੇ ਦਰਮਿਆਨ ਇਕ ਵਿਚੋਲੇ ਦਾ ਕੰਮ ਕਰਦਾ ਹੈ, ਉਹ ਇਕ ਚਸ਼ਮਾ ਹੈ ਜਿਸ ਤੋਂ ਸੱਭੇ ਤ੍ਰਿਹਾਏ ਜਲ-ਪਾਨ ਕਰਦੇ ਤੇ ਰੂਹ ਨੂੰ ਸ਼ਾਂਤ ਕਰਦੇ ਹਨ। ਉਹ ਇਕ ਬਿਰਛ ਹੈ ਜਿਸਨੂੰ ਹੁਸਨ ਦੀ ਕੂਲ ਨੇ ਸਿੰਜਿਆ ਹੈ ਤੇ ਐਸਾ ਫਲਦਾਰ ਬਿਰਛ ਹੈ, ਜਿਸਦੀ ਹਰ ਇਕ ਨੂੰ ਭੁੱਖ ਹੈ। ਉਹ ਗਾਉਂਦੀ ਕੋਇਲ ਹੈ ਜੋ ਆਪਣੇ ਮਧੁਰ ਰਾਗ ਨਾਲ ਉਦਾਸ ਆਤਮਾਵਾਂ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਉਹ ਇਕ ਉੱਜਲ ਮੇਘਲਾ ਹੈ, ਜੋ ਭਾਵੇਂ ਪਾਸੇ ਤੋਂ ਦਿਖਾਈ ਦਿੰਦਾ ਹੈ, ਪਰ ਉਹ ਉਡਦਾ ਉਡਦਾ ਅੱਗੇ ਵਧਦਾ ਸਾਰੇ ਅਸਮਾਨ ਨੂੰ ਢੱਕ ਲੈਂਦਾ ਹੈ ਤੇ ਫਿਰ ਫੁਲਾਂ ਦੀ ਧਰਤੀ ਤੇ ਵਰ੍ਹਦਾ ਵਰ੍ਹਦਾ ਉਨ੍ਹਾਂ ਨੂੰ ਖੇੜਾ ਬਖ਼ਸ਼ਦਾ ਜਾਂਦਾ ਹੈ।

ਫਿਰ ਇਹੋ ਸ਼ਾਇਰ ਫੁੱਲ ਦੀ ਜ਼ਬਾਨ ਵਿਚ ਬੋਲਦਾ ਇਉਂ ਗੁਣਗੁਣਾਉਂਦਾ ਹੈ:

ਮੈਂ ਪ੍ਰਕ੍ਰਿਤੀ ਦਾ ਅਪਣਾਇਆ ਤੇ ਦੁਹਰਾਇਆ ਸ਼ਬਦ ਹਾਂ, ਮੈਂ ਨੀਲੇ ਗਗਨਾਂ ਤੋਂ ਉਤਰਿਆ ਤੇ ਹਰੇ-ਭਰੇ ਗਲੀਚੇ 'ਤੇ ਡਿਗਿਆ ਸਿਤਾਰਾ ਹਾਂ। ਮੈਂ ਤੱਤਾਂ ਦਾ ਬੇਟਾ ਹਾਂ, ਜਿਸ ਨਾਲ ਸਰਦ ਰੁੱਤ ਨੇ ਗਰਭਾਧਾਨ ਧਾਰਨ ਕੀਤਾ, ਬਸੰਤ ਨੇ ਜਨਮ ਦਿੱਤਾ, ਹੁਨਾਲ ਨੇ ਗੋਦ ਵਿਚ ਪਾਲਿਆ ਤੇ ਪਤਝੜ ਨੇ ਸੇਜਾ ਉਤੇ ਸੁਆਲਿਆ। ਸਵੇਰੇ ਸਵੇਰੇ ਮੈਂ ਉਸ਼ਾ ਦੇ ਆਗਮਨ ਦੀ ਖ਼ਬਰ ਦੇਣ ਲਈ ਪ੍ਰਭਾਤ ਦੀ ਪੌਣ ਨਾਲ ਮੁਲਾਕਾਤ ਕਰਦਾ ਹਾਂ, ਸ਼ਾਮਾਂ ਨੂੰ ਮੈਂ ਚਾਨਣ ਨੂੰ 'ਅਲਵਿਦਾ' ਕਹਿਣ ਲਈ ਪੰਛੀਆਂ ਨਾਲ ਜਾ ਮਿਲਦਾ ਹਾਂ।

ਜ਼ਾਹਰ ਹੈ ਕਿ ਉਸਦੀ ਰੂਪਕ ਸਾਮੱਗਰੀ ਦਾ ਭੰਡਾਰਾ ਵੀ ਬੇਅੰਦਾਜ਼ ਤੇ ਬੇਹੱਦ ਖ਼ੂਬਸੂਰਤ ਸੀ, ਜਿਹਾ ਕਿ ਉਸਦੀ ਪਹਾੜੀ ਜਨਮ-ਭੂਮੀ ਦਾ ਆਲਾ-ਦੁਆਲਾ, ਚੋਟੀਆਂ, ਵਾਦੀਆਂ, ਜੰਗਲ, ਚਸ਼ਮੇ, ਨਦੀਆਂ ਨਾਲੇ, ਮੇਘ, ਧੁੰਦ, ਬਰਫ਼ ਤੇ ਸਾਗਰ ਆਦਿ।

ਦੇਸ਼ ਭਗਤੀ

ਜਿਬਰਾਨ ਭਾਵੇਂ ਸੁਮੱਚੀ ਮਨੁੱਖਤਾ ਦਾ ਖ਼ਲੀਲ ਜਾਂ ਯਾਰ ਦੋਸਤ ਸੀ, ਫਿਰ ਵੀ ਉਸਦੇ ਦਿਲ ਵਿਚ ਆਪਣੇ ਦੇਸ਼ ਲਈ ਖ਼ਾਸ ਤੜਪ ਸੀ, ਲਿਬਨਾਨ ਤੇ ਇਸਦੇ ਲੋਕ ਉਸਨੂੰ ਸਦਾ ਯਾਦ ਰਹਿੰਦੇ ਸਨ। ਉਸਨੂੰ ਪਤਾ ਲੱਗਾ ਸੀ ਕਿ ਕਿਵੇਂ ਜ਼ਾਲਮ ਹਾਕਮ ਇਨ੍ਹਾਂ ਗ਼ਰੀਬ ਪਹਾੜੀਆਂ ਦਾ ਲਹੂ ਚੂਸ ਰਹੇ ਹਨ ਤੇ ਫਿਰ ਕਾਲ ਪੈ ਜਾਣ ਕਾਰਣ ਉਨ੍ਹਾਂ ਦੀ ਮੰਦੀ ਹਾਲਤ ਹੋਰ ਮੰਦੀ ਹੋ ਰਹੀ ਹੈ ਤੇ ਮੈਂ ਇਥੇ ਨਿਊਯਾਰਕ ਵਰਗੇ ਅਮੀਰ ਸ਼ਹਿਰ ਵਿਚ ਪੂਰੇ ਆਰਾਮ ਵਿਚ ਹਾਂ, ਇਸਦਾ ਉਸਨੂੰ ਦਿਲੀ ਖੇਦ ਸੀ:

ਮੇਰੇ ਦੇਸ਼ਵਾਸੀ ਮਰ ਚੁਕੇ ਤੇ ਮੈਂ ਅਜੇ ਵੀ ਜਿਊਂਦਾ ਹਾਂ ਤੇ ਇਸ ਏਕਾਂਤ ਵਿਚ ਬੈਠਾ

ਉਨ੍ਹਾਂ ਦਾ ਸੋਗ ਮਨਾ ਰਿਹਾ ਹਾਂ, ਜਦੋਂ ਕਿ ਮੇਰੇ ਮਿਤ੍ਰ ਦੋਸਤ ਮੌਤ ਦੀ ਲਪੇਟ ਵਿਚ ਆ ਚੁਕੇ ਹਨ ਤੇ ਮੇਰਾ ਜੀਵਨ ਇਕ ਤਰ੍ਹਾਂ ਵੱਡੀ ਬਦਕਿਸਮਤੀ ਬਣ ਕੇ ਰਹਿ ਗਿਆ ਹੈ। ਮੇਰੇ ਦੇਸ਼ ਦੇ ਵਸਨੀਕ ਭੁੱਖੇ ਮਰ ਗਏ ਤੇ ਜੋ ਭੁੱਖ ਨਾਲ ਨਾ ਮਰਿਆ, ਉਸਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ ਤੇ ਮੈਂ ਦੂਰ-ਵਸੰਦੇ ਦੇਸ਼ ਵਿਚ ਅਮੀਰ ਲੋਕਾਂ ਵਿਚ ਭਟਕ ਰਿਹਾ ਹਾਂ। ਮੈਨੂੰ ਅਫ਼ਸੋਸ ਹੈ ਕਿ ਮੈਂ ਆਪਣੇ ਭੁੱਖਣ-ਭਾਣੇ ਤੇ ਦੁਖੀ ਭਾਈਆਂ ਵਿਚ ਨਹੀਂ, ਜੋ ਮੌਤ ਦੇ ਜਲੂਸ ਬਣਾ ਬਣਾ ਕੇ ਕੁਰਬਾਨ ਹੋਣ ਜਾ ਰਹੇ ਹਨ......ਕਾਸ਼! ਮੈਂ ਆਪਣੇ ਦੇਸ਼ ਦੀ ਧਰਤੀ ਉਤੇ ਉੱਗੀ ਕਣਕ ਦੀ ਬੱਲੀ ਹੀ ਹੁੰਦਾ, ਜਿਸਨੂੰ ਕੋਈ ਭੁੱਖਾ ਬੱਚਾ ਹੀ ਕੱਟ ਕੱਟ ਖਾਂਦਾ ਤੇ ਮੌਤ ਦੀ ਜਕੜ ਗਲੋਂ ਲਾਹੁੰਦਾ। ਜੇਕਰ ਮੈਂ ਆਪਣੇ ਦੇਸ਼ ਦੇ ਬਾਗ਼ ਦਾ ਇਕ ਪੱਕਾ ਫਲ ਹੁੰਦਾ ਤਾਂ ਕੋਈ ਭੁੱਖੀ ਔਰਤ ਇਸਨੂੰ ਤੋੜ ਕੇ ਖਾ ਲੈਂਦੀ ਤੇ ਜੀਵਨ ਪਾ ਲੈਂਦੀ। ਜੇ ਮੈਂ ਦੇਸ਼ ਦੇ ਅਕਾਸ਼ ਉਤੇ ਉੱਡਦਾ ਕੋਈ ਪੰਛੀ ਹੀ ਹੁੰਦਾ ਤਾਂ ਚੰਗਾ ਸੀ ਕਿ ਕੋਈ ਮੇਰਾ ਭੁੱਖਾ ਭਾਈ ਸ਼ਿਕਾਰ ਕਰ ਕੇ ਮੇਰਾ ਆਹਾਰ ਕਰਦਾ ਤੇ ਆਪਣੇ ਆਪ ਨੂੰ ਕਬਰਿਸਤਾਨ ਦੇ ਪਛਾਵੇਂ ਤੋਂ ਬਚਾ ਲੈਂਦਾ।

ਅਜੇਹੀਆਂ ਤੜਪ-ਭਰੀਆਂ ਅਰਬੀ ਲਿਖਤਾਂ ਉਸਦੀਆਂ ਅਨੇਕਾਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਸਦੇ ਮਨ ਵਿਚ ਦੇਸ਼ ਦੇ ਗ਼ਰੀਬਾਂ ਲਈ ਕਿਤਨਾ ਦਰਦ ਸੀ ਤੇ ਉਹ ਉਸਨੂੰ ਦੂਰ ਕਰਨ ਲਈ ਕਿੰਨਾ ਬਿਹਬਲ ਸੀ।

ਇਕ ਪਰਬਤ-ਵਾਸੀ ਅਰਬੀ, ਨਵੀਂ ਤਹਿਜ਼ੀਬ ਦੇ ਵੱਡੇ ਸ਼ਹਿਰ ਨਿਊਯਾਰਕ ਵਿਚ ਰਹਿੰਦਾ, ਕਿਵੇਂ ਆਪਣੀ ਪੂਰਬੀ ਸ਼ਖ਼ਸੀਅਤ ਨੂੰ ਵਿਲੱਖਣ ਤੇ ਨਿਰਾਲਾ ਰਖ ਕੇ ਆਪਣਾ ਸ੍ਵੈ-ਅਭਿਮਾਨ ਕਾਇਮ ਰੱਖਦਾ ਰਿਹਾ, ਇਹ ਪਾਸਾ ਵੀ ਦੇਖਣ-ਯੋਗ ਹੈ। ਸਪੱਸ਼ਟਤਾ ਲਈ ਇਸ ਕਲਾਕਾਰ ਲੇਖਕ ਦੇ ਆਪਣੇ ਸ਼ਬਦ ਹੀ ਧਿਆਨ-ਗੋਚਰੇ ਕਰਨੇ ਕਾਫ਼ੀ ਹਨ, ਜੋ ਉਸਨੇ ਆਪਣੇ ਹੀ ਅਮ੍ਰੀਕਾ-ਵਸਦੇ ਸੀਰੀਅਨ ਭਾਈਆਂ ਨੂੰ ਸੰਬੋਧਨ ਕਰਦਿਆਂ ਇਉਂ ਕਹੇ ਸਨ :

> ਮੈਂ ਤੁਹਾਡੇ ਤੇ ਤੁਹਾਡੀ ਹੋਣੀ 'ਤੇ ਪੂਰਾ ਵਿਸ਼ਵਾਸ ਰਖਦਾ ਹਾਂ। ਮੈਂ ਮੰਨਦਾ ਹਾਂ ਕਿ ਤੁਸੀਂ ਨਵੀਂ ਸਭਿਅਤਾ ਦੇ ਯੋਗ ਦਾਨੀ ਹੋ। ਮੇਰਾ ਯਕੀਨ ਹੈ ਕਿ ਤੁਸੀਂ ਬਜ਼ੁਰਗਾਂ ਤੋਂ ਇਕ ਪੁਰਾਤਨ ਸੁਪਨਾ, ਇਕ ਗੀਤ, ਇਕ ਭਵਿੱਸ਼ਬਾਣੀ ਵਿਰਸੇ ਵਿਚ ਹਾਸਲ ਕੀਤੀ ਹੈ, ਜਿਸਨੂੰ ਤੁਸੀਂ ਬੜੇ ਮਾਣ ਤੇ ਕ੍ਰਿਤੱਗਤਾ ਨਾਲ ਸੁਗਾਤ ਵਜੋਂ ਅਮ੍ਰੀਕਾ ਨੂੰ ਦੇ ਸਕਦੇ ਹੋ। ਤੁਹਾਨੂੰ ਇਸ ਕੌਮ ਦੇ ਮੋਢੀਆਂ ਵਿਚ ਗਿਣਿਆ ਜਾ ਸਕਦਾ ਹੈ, ਇਥੇ ਮੈਂ ਇਕ ਨੌਜੁਆਨ ਹਾਂ, ਨਿੱਕਾ ਬੂਟਾ, ਜਿਸਦੀਆਂ ਜੜ੍ਹਾਂ ਲਿਬਨਾਨ ਦੀਆਂ ਪਹਾੜੀਆਂ ਵਿੱਚੋਂ ਕੱਢ ਕੇ ਲਿਆਂਦੀਆਂ ਗਈਆਂ ਹਨ, ਹੁਣ ਮੇਰੀ ਜੜ੍ਹ ਇਥੇ ਡੂੰਘੀ ਲੱਗ ਜਾਣੀ ਹੈ ਤੇ ਮੈਂ ਇਕ ਫਲਦਰ ਬੂਟਾ ਸਾਬਤ ਹੋਵਾਂਗਾ। ਪਰ ਮੈਂ ਬਿਨੈ ਕਰਾਂਗਾ ਕਿ ਤੁਸੀਂ ਇਬ੍ਰਾਹੀਮ ਲਿੰਕਨ ਨੂੰ ਦੱਸ ਸਕਦੇ ਹੋ ਕਿ ਜੀ! ਜਦ ਤੁਸੀਂ ਬੋਲਦੇ ਹੋ ਤਾਂ ਨਜ਼ਰਥ ਦਾ ਯਸੂਹ ਮਸੀਹ ਤੁਹਾਡੇ ਬੁੱਲ੍ਹਾਂ ਨੂੰ ਛੂੰਹਦਾ ਹੈ ਅਤੇ ਜਦ ਤੁਸੀਂ ਲਿਖਦੇ ਹੋ ਤਾਂ ਉਹ ਤੁਹਾਡੇ ਹੱਥਾਂ ਨੂੰ ਅਗਵਾਈ ਦਿੰਦਾ ਹੈ। ਮੈਂ ਸਭ ਚੀਜ਼ਾਂ ਤੁਹਾਡੀਆਂ ਮੰਨਦਾ ਹਾਂ ਜੋ ਤੁਸੀਂ ਕਹੀਆਂ ਜਾਂ ਲਿਖੀਆਂ। ਤੁਸੀਂ ਐਮਰਸਨ, ਵਾਲਟ ਵਿਟਮੈਨ ਤੇ ਜੇਮਜ਼ ਨੂੰ ਵੀ ਕਹਿ ਸਕਦੇ ਹੋ ਕਿ ਮੇਰੀਆਂ ਰਗਾਂ ਵਿਚ ਵੀ ਪੁਰਾਣੇ ਕਵੀਆਂ ਤੇ ਦਾਨਿਆਂ ਦਾ ਲਹੂ ਵਗ ਰਿਹਾ ਹੈ। ਇਹ ਮੇਰੀ ਦਿਲੀ ਤਾਂਘ ਹੈ ਕਿ ਮੈਂ ਤੁਹਾਡੇ ਪਾਸ ਆਵਾਂ ਤੇ ਤੁਹਾਨੂੰ 'ਜੀ ਆਇਆਂ' ਕਹਾਂ, ਲੇਕਿਨ ਮੈਂ ਖ਼ਾਲੀ ਹੱਥ ਨਹੀਂ

ਆਵਾਂਗਾ। ਮੈਨੂੰ ਪਤਾ ਹੈ ਕਿ ਤੁਹਾਡੇ ਬਜ਼ੁਰਗ ਅਮੀਰ ਬਣਨ ਲਈ ਇਸ ਧਰਤੀ 'ਤੇ ਆਏ ਸਨ, ਤੁਸੀਂ ਇਥੇ ਜੰਮੇ ਤੇ ਧਨ ਐਸ਼ਵਰਯ ਪੈਦਾ ਕਰਨ ਲਈ ਆਪਣੀ ਲਿਆਕਤ ਤੇ ਮਿਹਨਤ ਨਾਲ ਜੁਟੇ ਰਹੇ। ਤੁਹਾਡੇ ਵਿਚ ਚੰਗੇ ਸ਼ਹਿਰੀ ਵਾਲੀਆਂ ਖ਼ੂਬੀਆਂ ਹਨ। ਚੰਗੇ ਸ਼ਹਿਰੀ ਹੋਣ ਦਾ ਕੀ ਗੁਣ ਹੈ, ਇਹ ਹੈ ਦੂਜੇ ਦੇ ਅਧਿਕਾਰਾਂ ਨੂੰ ਪਰਵਾਨ ਕਰਨਾ, ਪੇਸ਼ਤਰ ਆਪਣੇ ਅਧਿਕਾਰਾਂ ਦੀ ਵਰਤੋਂ ਦੇ। ਲੇਕਿਨ ਆਪਣੇ ਅਧਿਕਾਰਾਂ ਬਾਰੇ ਸਦਾ ਚੇਤੰਨ ਹੋਣਾ ਬਹੁਤ ਜ਼ਰੂਰੀ ਹੈ। ਵਿਚਾਰ ਤੇ ਵਿਹਾਰ ਵਿਚ ਆਜ਼ਾਦ ਹੋਣਾ ਜ਼ਰੂਰੀ ਹੈ ਪਰ ਇਹ ਵੀ ਜਾਣਨਾ ਲੋੜੀਂਦਾ ਹੈ ਕਿ ਤੁਹਾਡੀ ਆਜ਼ਾਦੀ ਦੂਜਿਆਂ ਦੀ ਆਜ਼ਾਦੀ 'ਤੇ ਨਿਰਭਰ ਹੈ। ਲਾਹੇਵੰਦੀ ਤੇ ਸੁਹਜਵੰਦੀ ਹੱਥੀਂ ਕਾਰ ਕਰਨੀ ਚੰਗੀ ਹੈ, ਪਰ ਜੋ ਹੋਰਾਂ ਨੇ ਪਿਆਰ ਤੇ ਵਿਸ਼ਵਾਸ ਨਾਲ ਸਿਰਜਿਆ, ਉਸਨੂੰ ਵੀ ਸਲਾਹੁਣਾ ਅਤਿ ਜ਼ਰੂਰੀ ਹੈ।

ਇਹ ਸਭ ਕੁਝ ਮਿਹਨਤ, ਕੇਵਲ ਮਿਹਨਤ ਨਾਲ ਕਰਨਾ ਯੋਗ ਹੈ, ਫਿਰ ਇਸਦਾ ਖ਼ਰਚ ਵੀ ਬੜੇ ਸੰਜਮ ਨਾਲ ਹੋਣਾ ਠੀਕ ਹੈ ਤਾਂਕਿ ਤੁਹਾਡੇ ਪਿੱਛੋਂ ਤੁਹਾਡੀ ਸੰਤਾਨ ਸਰਕਾਰੀ ਵਜ਼ੀਫ਼ੇ 'ਤੇ ਨਿਰਭਰ ਨਾ ਕਰੇ। ਨਿਊਯਾਰਕ, ਵਾਸ਼ਿੰਗਟਨ, ਸ਼ਿਕਾਗੋ, ਸਨਫ੍ਰਾਂਸਿਸਕੋ ਦੇ ਮੀਨਾਰਾਂ ਸਾਮ੍ਹਣੇ ਖੜੋ ਕੇ ਅਸੀਂ ਦਿਲੋਂ ਕਹਿੰਦੇ ਹਾਂ—'ਮੈਂ ਉਨ੍ਹਾਂ ਲੋਕਾਂ ਦਾ ਵਾਰਸ ਹਾਂ ਜਿਨ੍ਹਾਂ ਦਮਿਸ਼ਕ ਤੇ ਬਾਇਬੋਲਸ, ਤੀਰੇ, ਸੀਡੋਨ ਤੇ ਐਂਵੀਓਚ ਆਦਿ ਵਸਾਏ' 'ਤੇ ਹੁਣ ਮੈਂ ਏਸ ਦੇਸ਼ ਨੂੰ ਬਣਾਣ ਲੱਗਾ ਹੋਇਆ ਹਾਂ, ਤੁਹਾਡੇ ਨਾਲ। ਤੁਹਾਨੂੰ ਅਮ੍ਰੀਕਨ ਹੋਣ ਤੇ ਮਾਣ ਹੈ ਤੇ ਤੁਹਾਨੂੰ ਇਹ ਵੀ ਫ਼ਖ਼ਰ ਕਰਨਾ ਬਣਦਾ ਹੈ ਕਿ ਜਿਸ ਧਰਤੀ ਤੋਂ ਤੁਹਾਡੇ ਮਾਤਾ ਪਿਤਾ ਆਏ, ਉਹ ਧਰਤੀ ਉਹ ਸੀ ਜਿਸ ਉਤੇ ਰੱਬ ਨੇ ਆਪਣਾ ਮਿਹਰਵਾਨ ਹੱਥ ਰਖਿਆ ਤੇ ਜਿਥੋਂ ਉਸ ਸਮੇਂ ਪੈਗੰਬਰ ਵੀ ਭੇਜੇ, ਸੀਰੀਆਈ ਮੂਲ ਦੇ ਨੌਜੁਆਨ ਅਮ੍ਰੀਕਨੋਂ! ਮੈਂ ਤੁਹਾਡੇ ਵਿਚ ਪੂਰਾ ਵਿਸ਼ਵਾਸ ਰਖਦਾ ਹਾਂ।

ਜਿਥੋਂ ਤਕ ਉਸਦੀ ਅੰਦਰਲੀ ਗਹਿਰਾਈ ਦਾ ਤਅੱਲਕ ਹੈ, ਉਸਦਾ ਵੀ ਕੋਈ ਪਾਰਾਵਾਰ ਨਹੀਂ। ਇਕ ਅਨੁਭਵੀ ਰਹੱਸਵਾਦੀ ਵਾਂਙ ਉਹ ਜ਼ਿੰਦਗੀ ਦੇ ਮਹਾਂਸਾਗਰ ਨਾਲ ਜੁੜਿਆ ਹੋਇਆ ਸੀ। ਇਸੇ ਕਰਕੇ ਕਲਾਡ ਬ੍ਰੈਗਡਨ ਠੀਕ ਲਿਖਦਾ ਹੈ :

ਉਸਦੀ ਸ਼ਕਤੀ ਅਧਿਆਤਮਕ ਜੀਵਨ ਦੇ ਕਿਸੇ ਵੱਡੇ ਭੰਡਾਰ ਤੋਂ ਆਉਂਦੀ ਸੀ, ਵਰਨਾ ਇਹ ਇਤਨੀ ਸਰਬਸਾਂਝੀ ਤੇ ਬਲਵਾਨ ਨਾ ਹੁੰਦੀ, ਜਿਥੋਂ ਤਕ ਜ਼ਬਾਨ ਦੀ ਜਾਦੂਗਰੀ ਤੇ ਖ਼ੂਬਸੂਰਤੀ ਦਾ ਸਬੰਧ ਹੈ, ਇਹ ਸਭ ਜਿਬਰਾਨ ਦਾ ਆਪਣਾ ਕ੍ਰਿਸ਼ਮਾ ਸੀ ਜਿਸਨੇ ਇਸਨੂੰ ਸਜਾਇਆ।

[His Power came from some great reservoir of spiritual life, else it could not have been so universal and so potent but the majesty and beauty of Language which he clothed it, were all his own.]

—*Claude Bragdon*

ਅਮ੍ਰੀਕਨ ਇਸ ਤੋਂ ਕਿੰਨੇ ਪ੍ਰਭਾਵਿਤ ਸਨ, ਇਹ ਪ੍ਰਧਾਨ ਵਿਲਸਨ ਦੇ ਕਥਨ ਤੋਂ ਸਪੱਸ਼ਟ ਹੈ, ਜਿਸ ਕਦੀ ਆਖਿਆ ਸੀ, "ਤੂੰ ਪਹਿਲਾ ਪੂਰਬੀ ਤੂਫ਼ਾਨ ਹੈਂ ਜਿਸ ਸਾਡੇ ਮੁਲਕ ਨੂੰ

ਹਲੂਣਿਆ ਤੇ ਇਥੇ ਕਿੰਨੇ ਹੀ ਸੁੰਦਰ ਫੁਲ ਖਿੜਾਏ।" ਚਾਰਲਸ ਫ਼ਲੈਚਰ ਆਖਦਾ ਹੈ ਕਿ ਜਿਬਰਾਨ ਦੀ ਕਲਮ ਤੇ ਬੁਰਸ਼ ਦੋਵੇਂ ਅਮੁੱਲ ਵਸਤਾਂ ਹਨ ਜੋ ਇਸ ਪੀੜ੍ਹੀ ਨੇ ਅਮ੍ਰੀਕਨ ਕੌਮ ਨੂੰ ਦਿੱਤੀਆਂ। ਆਰਥਰ ਬੇਰਜ਼ਬੀਨ ਹੋਰ ਤਰ੍ਹਾਂ ਕਹਿੰਦਾ ਹੈ, "ਆਮ ਧਾਰਨਾ ਹੈ ਕਿ ਹਜ਼ਰਤ ਈਸਾ ਮੁੜ ਉਠੇਗਾ, ਜੇ ਇਹ ਠੀਕ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਜਿਬਰਾਨ ਦੀ ਸੂਰਤ ਵਿਚ ਦੁਬਾਰਾ ਆਣ ਅਵਤਰਿਆ ਹੈ।" ਯੰਗ ਬਰਬਰਾ ਲਿਖਦੀ ਹੈ, "ਉਸਦੇ ਖ਼ਿਆਲ ਉਸੇ ਤਰ੍ਹਾਂ ਪਾਕਿ ਪਵਿੱਤਰ ਸਨ ਜਿਵੇਂ ਕਿ ਬਾਈਬਲ ਦਾ ਬਚਨ।" ਸਪੱਸ਼ਟ ਹੈ ਕਿ ਉਸਦੀਆਂ ਲਿਖਤਾਂ ਕਿੰਨੀਆਂ ਸਤਿਕਾਰੀਆਂ ਤੇ ਪਿਆਰੀਆਂ ਗਈਆਂ ਤੇ ਕਈ ਅਮ੍ਰੀਕਨ ਗਿਰਜਿਆ ਵਿਚ ਤਾਂ ਬਾਈਬਲ ਦੀ ਥਾਂ *ਦੀ ਪ੍ਰਾਫਿਟ* ਪੁਸਤਕ ਵੀ ਵੰਡੀ ਜਾਂਦੀ ਰਹੀ ਹੈ।


ਉਸਦੀ ਰਚਨਾਵਲੀ ਵਿਚ ਜ਼ਿੰਦਗੀ ਦੀ ਦੂਰ-ਅੰਦੇਸ਼ੀ ਹੈ, ਦਾਨਾਈ ਭਰੀ ਪਈ ਹੈ ਤੇ ਉਹ ਇਸ ਗੰਭੀਰ ਚਿੰਤਨ ਨੂੰ ਬੜੇ ਹੀ ਸੁਹਾਵਣੇ ਤੇ ਮਨਮੋਹਣੇ ਸਰੂਪ ਵਿਚ ਅੰਕਿਤ ਕਰਦਾ ਹੈ। ਸਾਨੂੰ ਪਤਾ ਹੈ ਉਹ ਬੁਨਿਆਦੀ ਤੌਰ 'ਤੇ ਸ਼ਾਇਰ ਸੀ, ਪੈਗੰਬਰ ਲਈ ਸ਼ਾਇਰ ਹੋਣਾ ਬਹੁਤ ਜ਼ਰੂਰੀ ਹੈ। ਇਸੇ ਨਾਲ ਉਹ ਆਪਣੇ ਪੈਗ਼ਾਮ ਨੂੰ ਸੁਰੀਲਾ ਤੇ ਰਸੀਲਾ ਬਣਾ ਕੇ ਪੇਸ਼ ਕਰਦਾ ਹੈ। ਜਿਬਰਾਨ ਦੇ ਸ਼ਬਦਾਂ ਵਿਚ :

> ਸ਼ਾਇਰ ਜ਼ਬਾਨ ਦਾ ਮਾਂ ਬਾਪ ਹੈ। ਜਿਥੇ ਸ਼ਾਇਰ ਜਾਂਦਾ ਹੈ, ਜ਼ਬਾਨ ਉਥੇ ਨਾਲ ਡੇਰਾ ਲਾਉਂਦੀ ਹੈ। ਜਦ ਸ਼ਾਇਰ ਦੁਨੀਆਂ ਛੱਡ ਜਾਂਦਾ ਹੈ ਤਾਂ ਜ਼ਬਾਨ ਉਸਦੀ ਕਬਰ ਉਤੇ ਬਹਿ ਕੇ ਵੈਣ ਪਾਉਂਦੀ ਹੈ, ਉਹ ਉਸ ਵਕਤ ਤਕ ਰੋਂਦੀ ਰਹਿੰਦੀ ਹੈ ਜਦ ਤਕ ਕੋਈ ਹੋਰ ਸ਼ਾਇਰ ਆ ਕੇ ਉਸਦੀ ਬਾਂਹ ਨਾ ਫੜ ਲਵੇ।

ਇਹ ਤਾਂ ਪੈਗੰਬਰ ਸ਼ਾਇਰ ਸੀ ਜਿਸਨੇ ਪੀੜਿਤ ਲੋਕਾਈ ਦੀ ਬਾਂਹ ਫੜੀ ਤੇ ਉਨ੍ਹਾਂ ਦੇ ਹੰਝੂਆਂ ਮੁਸਕਾਨਾਂ ਨੂੰ ਜ਼ਬਾਨ ਦਿੱਤੀ ਤਾਂਕਿ ਦਰਦਮੰਦ ਦਿਲ-ਦ੍ਰਵੀ ਭੂਤ ਹੋ ਕੇ ਦੁੱਖਾਂ ਦਾ ਦਾਰੂ ਲੱਭਣ ਤੇ ਇਸ ਦੁਨੀਆਂ ਨੂੰ 'ਅਨੰਦ ਭਵਨ' ਬਣਾ ਸਕਣ। ਇਸ ਕਲਾਕਾਰ-ਕਲਮ ਦਾ ਪੈਗਾਮ ਇਹੋ ਹੈ ਕਿ ਪੂਰਬ ਪੱਛਮ ਜਾਂ ਕਿਸੇ ਹੋਰ ਭਿੰਨ ਭੇਦ ਦਾ ਖ਼ਿਆਲ ਛੱਡ ਕੇ ਜ਼ਿੰਦਗੀ ਦੀ ਏਕਤਾ ਨੂੰ ਪ੍ਰਚਾਰਿਆ ਪ੍ਰਸਾਰਿਆ ਜਾਵੇ ਅਤੇ ਪਦਾਰਥਕ ਅੱਯਾਸ਼ੀਆਂ ਦੀ ਜ਼ਾਲਮ ਜਕੜ ਵਿਚ ਫਾਥੇ ਨਵੇਂ ਮਨੁੱਖ ਨੂੰ ਰੂਹਾਨੀ ਸੰਗੀਤ ਦੁਆਰਾ ਸ਼ਿਸ਼ਟਚਾਰੀ ਬਣਾ ਕੇ ਉਬਾਰਿਆ ਜਾਵੇ।

ਇਹ ਪ੍ਰਤੀਕਾਤਮਕ ਤੇ ਵਿਚਾਰਾਤਮਕ ਦੋਵੇਂ ਕਿਸਮ ਦੇ ਬਚਨ ਅਜੇਹੀ ਸੇਧ ਦੇਣ ਵਾਲੇ ਹਨ ਜੋਕਿ ਉਨ੍ਹਾਂ ਦੀ ਵਿਸ਼ਾਲ ਰਚਨਾਵਲੀ ਵਿਚੋਂ ਚੁਣੇ ਗਏ ਹਨ। ਇਹ ਅਸੀਂ ਜਾਣਦੇ ਹਾਂ ਕਿ ਗੰਭੀਰ ਚਿੰਤਨ ਵਾਲੀਆਂ ਲਿਖਤਾਂ ਤੋਂ ਇਲਾਵਾ ਜਿਬਰਾਨ ਦੇ ਟੋਟਕੇ (ਪੈਰੇਬਲਜ਼) ਵਧੇਰੇ ਪ੍ਰਸਿੱਧ ਹਨ। ਅਸੀਂ ਦੋਵੇਂ ਵੰਨਗੀਆਂ ਰੱਖੀਆਂ ਹਨ। ਉਮੀਦ ਹੈ, ਸਿਆਣੇ ਪਾਠਕ ਇਸਦਾ ਰਸ ਮਾਣਨਗੇ ਤੇ ਜ਼ਿੰਦਗੀ ਦੇ ਸੱਚ ਨੂੰ ਪਛਾਣਨਗੇ।

ਪਿਆਰਾ ਸਿੰਘ ਪਦਮ



ਫ਼ਕੀਰ ਸਿਖਰਾਨ

ਦੇ ਬਚਨ ਬਿਲਾਸ

ਪਿਆਰਾ ਸਿੰਘ ਪਦਮ

ਖ਼ਲੀਲ ਜਿਬਰਾਨ ਦੇ 150 ਬਚਨ



ਫ਼ਕੀਰ ਸਿਰਤਾਜ

ਦੇ

ਬਚਨ ਬਿਲਾਸ

ਪਿਆਰਾ ਸਿੰਘ ਪਦਮ

1. ਰੱਬ

ਪਹਿਲੇ ਪਹਿਲ ਜਦੋਂ ਮੇਰੀਆਂ ਨਿੱਕੀਆਂ ਬੁਲ੍ਹੀਆਂ ਬੋਲਣ ਲਈ ਹਿੱਲੀਆਂ ਤਾਂ ਮੈਂ ਪਵਿੱਤਰ ਪਹਾੜ 'ਤੇ ਚੜ੍ਹ ਕੇ ਰੱਬ ਨੂੰ ਕਿਹਾ :

"ਹੇ ਸੁਆਮੀ ! ਮੈਂ ਤੇਰਾ ਸੇਵਕ ਹਾਂ, ਤੇਰੀ ਆਗਿਆ ਮੇਰੇ ਲਈ ਕਾਨੂੰਨ ਦਾ ਰੂਪ ਰੱਖਦੀ ਹੈ, ਤੇ ਮੈਂ ਤੇਰੇ ਹੁਕਮਾਂ ਦਾ ਸਦਾ ਪਾਬੰਦ ਰਹਾਂਗਾ ।"

ਰੱਬ ਨੇ ਕੋਈ ਜਵਾਬ ਨਾ ਦਿੱਤਾ, ਤੇ ਸਮਾਂ ਤੂਫ਼ਾਨ ਵਾਂਙ ਤੇਜ਼ੀ ਨਾਲ ਲੰਘਦਾ ਗਿਆ।

ਇਕ ਹਜ਼ਾਰ ਸਾਲ ਪਿੱਛੋਂ ਮੈਂ ਫਿਰ ਪਵਿੱਤਰ ਪਹਾੜ 'ਤੇ ਚੜ੍ਹ ਕੇ ਰੱਬ ਨੂੰ ਕਿਹਾ :

"ਹੇ ਮੇਰੇ ਸਿਰਜਣਹਾਰ ! ਮੈਂ ਤੇਰਾ ਹੀ ਸਾਜਿਆ ਹੋਇਆ ਹਾਂ, ਤੂੰ ਮੈਨੂੰ ਮਿੱਟੀ ਤੋਂ ਪੈਦਾ ਕੀਤਾ, ਮੈਂ ਆਪਣਾ ਸਭ ਕੁਛ ਤੈਥੋਂ ਹੀ ਹਾਸਲ ਕੀਤਾ ਤੇ ਹੁਣ ਮੇਰਾ ਸਭ ਕੁਝ ਤੇਰੇ ਵਾਸਤੇ ਹੀ ਹੈ ।"

ਰੱਬ ਨੇ ਇਸ ਦਾ ਵੀ ਕੋਈ ਜਵਾਬ ਨਾ ਦਿੱਤਾ, ਸਮਾਂ ਖੰਭ ਫੜ-ਫੜਾਂਦੇ ਜਾ ਰਹੇ ਪੰਛੀ ਵਾਂਙ ਉਡਦਾ ਗਿਆ ।

ਮੈਂ ਫਿਰ ਹਜ਼ਾਰ ਸਾਲ ਪਿੱਛੋਂ ਪਰਬਤ ਦੀ ਚੋਟੀ 'ਤੇ ਚੜ੍ਹਿਆ ਤੇ ਰੱਬ ਅੱਗੇ ਇਉਂ ਬੇਨਤੀ ਕੀਤੀ :

"ਮੇਰੇ ਪਿਤਾ ! ਮੈਂ ਤੇਰਾ ਪੁੱਤਰ ਹਾਂ, ਤੂੰ ਮੈਨੂੰ ਲਾਡਾਂ ਤੇ ਪਿਆਰਾਂ ਨਾਲ ਪੈਦਾ ਕੀਤਾ, ਹੁਣ ਮੈਂ ਪਿਆਰ ਤੇ ਬੰਦਗੀ ਨਾਲ ਹੀ ਤੇਰੀ ਬਾਦਸ਼ਾਹੀ ਨੂੰ ਹਾਸਲ ਕਰ ਸਕਾਂਗਾ ।"

ਰੱਬ ਨੇ ਫਿਰ ਵੀ ਕੋਈ ਜਵਾਬ ਨਾ ਦਿੱਤਾ । ਸਮਾਂ ਉਸ ਧੁੰਦ ਵਾਂਙ, ਜੋ ਪਹਾੜਾਂ ਤੇ ਵਾਦੀਆਂ 'ਤੇ ਉਛਲਦੀ ਘੁੰਮਦੀ ਰਹਿੰਦੀ ਹੈ, ਟੁਰਦਾ ਗਿਆ ।

ਇਕ ਹਜ਼ਾਰ ਸਾਲ ਬਾਦ ਮੈਂ ਫਿਰ ਪਹਾੜ 'ਤੇ ਚੜ੍ਹਿਆ ਤੇ ਫਿਰ ਰੱਬ ਨੂੰ ਗੱਲਾਂ ਕਰਦਿਆਂ ਕਿਹਾ :

"ਮੇਰੇ ਪਰਮੇਸ਼ਰ ! ਮੇਰੇ ਉਦੇਸ਼ ! ਤੇ ਮੇਰੇ ਸੰਪੂਰਨ ਸ੍ਰੂਪ ! ਮੈਂ ਤੇਰਾ ਭੂਤ ਹਾਂ, ਤੂੰ ਮੇਰਾ ਭਵਿੱਖਤ ਹੈਂ । ਮੈਂ ਧਰਤੀ 'ਤੇ ਤੇਰੀ ਅੰਸ਼ ਹਾਂ ਤੇ ਤੂੰ ਅਸਮਾਨਾਂ ਉਤੇ ਖਿੜਿਆ ਪੁਸ਼ਪ। ਅਸੀਂ ਦੋਵੇਂ ਸੂਰਜ ਸਾਹਮਣੇ ਪ੍ਰਗਟਦੇ ਹਾਂ ।"

ਇਹ ਸੁਣ ਕੇ ਰੱਬ ਨੇ ਮੇਰੇ ਕੰਨ ਵਿਚ ਕੁਝ ਮਧੁਰ ਮਧੁਰ ਗੱਲਾਂ ਕਹੀਆਂ, ਫਿਰ ਜਿਵੇਂ ਸਾਗਰ, ਨਦੀ ਨੂੰ ਆਪਣੀ ਗੋਦ ਵਿਚ ਲੈ ਲੈਂਦਾ ਹੈ, ਤਿਵੇਂ ਉਸਨੇ ਮੈਨੂੰ ਆਪਣੀ ਗਲਵਕੜੀ ਵਿਚ ਲੈ ਲਿਆ। ਫਿਰ ਜਦੋਂ ਮੈਂ ਵਾਦੀਆਂ ਤੇ ਮੈਦਾਨਾਂ ਵਿਚ ਉਤਰ ਕੇ ਆਇਆ ਤਾਂ ਮੇਰਾ ਰੱਬ ਉਥੇ ਵੀ ਥਾਂ ਥਾਂ ਵਿਆਪ ਰਿਹਾ ਸੀ ।

2. ਰੱਬ ਤੇ ਹੋਰ ਦੇਵਤੇ

ਕੈਲਾਫਸ਼ ਸ਼ਹਿਰ ਦੇ ਗਿਰਜਿਆਂ ਦੀਆਂ ਪੌੜੀਆਂ ਉਤੇ ਖੜਾ ਇਕ ਪ੍ਰਚਾਰਕ ਬਹੁਤ ਸਾਰੇ ਦੇਵਤਿਆਂ ਦੀ ਪੂਜਾ ਦਾ ਪ੍ਰਚਾਰ ਕਰ ਰਿਹਾ ਸੀ ਤੇ ਲੋਕ ਆਪਣੇ ਦਿਲਾਂ ਵਿਚ ਕਹਿ ਰਹੇ ਸਨ ਕਿ ਅਸੀਂ ਇਹ ਸਭ ਕੁਝ ਜਾਣਦੇ ਹਾਂ, ਇਹ ਦੇਵੀ ਦੇਵਤੇ ਸਾਡੇ ਨਾਲ ਨਹੀਂ ਰਹਿੰਦੇ। ਜਿਥੇ ਜਿਥੇ ਅਸੀਂ ਜਾਂਦੇ ਹਾਂ, ਕੀ ਇਹ ਸਾਡਾ ਪਿੱਛਾ ਕਰਦੇ ਹਨ ?

ਥੋੜ੍ਹੇ ਅਰਸੇ ਬਾਦ ਇਕ ਹੋਰ ਆਦਮੀ ਚੌਕ ਵਿਚ ਖੜ ਕੇ ਉੱਚੀ ਉੱਚੀ ਕਹਿਣ ਲੱਗਾ, "ਕੋਈ ਖ਼ੁਦਾ ਨਹੀਂ, ਕੋਈ ਅਸਮਾਨੀ ਦੇਵਤਾ ਨਹੀਂ।" ਜਿਸਨੇ ਇਹ ਭਾਸ਼ਣ ਸੁਣਿਆ ਉਹ ਖ਼ੁਸ਼ ਹੋ ਗਿਆ, ਕਿਉਂਕਿ ਇਹ ਲੋਕ ਪਹਿਲਾਂ ਹੀ ਕੁਝ ਭੈਭੀਤ ਸਨ।

ਫਿਰ ਇਕ ਦਿਨ ਇਕ ਹੋਰ ਆਦਮੀ ਆਇਆ, ਉਸਦੇ ਬਿਆਨ ਵਿਚ ਖ਼ੂਬਸੂਰਤੀ ਤੇ ਜ਼ਬਾਨ ਵਿਚ ਅਨੋਖੀ ਖਿੱਚ ਸੀ। ਉਸ ਨੇ ਆਖਿਆ, "ਲੋਕੋ ! ਖ਼ੁਦਾ ਕੇਵਲ ਇਕ ਹੈ।" ਸੁਣਨ ਵਾਲੇ ਕੁਝ ਉਦਾਸ ਜਿਹੇ ਹੋ ਗਏ ਕਿਉਂਕਿ ਉਹ ਇਕ ਖ਼ੁਦਾ ਦੇ ਇਨਸਾਫ਼ ਤੋਂ ਬਹੁਤ ਸਾਰੇ ਖ਼ੁਦਾਵਾਂ ਦੀ ਨਿਸਬਤ ਵਧੇਰੇ ਡਰਦੇ ਸਨ।

ਇਸੇ ਵਰ੍ਹੇ ਇਕ ਹੋਰ ਪ੍ਰਚਾਰਕ ਆਇਆ, ਉਸ ਨੇ ਕਿਹਾ, "ਅਸਲ ਵਿਚ ਖ਼ੁਦਾ ਤਿੰਨ ਹਨ, ਪਰ ਉਹ ਤਿੰਨੇ ਉਪਰ ਇਕੋ ਬਣ ਕੇ ਰਹਿੰਦੇ ਹਨ, ਇਨ੍ਹਾਂ ਵਿਚ ਇਕ ਮਾਤਾ ਕ੍ਰਿਪਾਲੂ ਵੀ ਹੈ ਜੋ ਉਨ੍ਹਾਂ ਦੀ ਤ੍ਰੀਮਤ ਵੀ ਹੈ ਤੇ ਭੈਣ ਵੀ।" ਇਹ ਸੁਣ ਕੇ ਸ਼ਹਿਰ ਦੇ ਲੋਕ ਬਹੁਤ ਹੀ ਖ਼ੁਸ਼ ਹੋਏ। ਉਹ ਅੰਦਰੋ ਅੰਦਰੀ ਕਹਿ ਰਹੇ ਸਨ, "ਇਕ ਖ਼ੁਦਾ, ਇਕ ਵਿਚ ਤਿੰਨ, ਇਹ ਯਕੀਨੀ ਹੈ ਕਿ ਸਾਡੀਆਂ ਗ਼ਲਤੀਆਂ ਤੇ ਕਮਜ਼ੋਰੀਆਂ ਬਾਰੇ ਇਹ ਫ਼ੈਸਲਾ ਕਰਨ ਵਿਚ ਇਕ ਰਾਇ ਨਹੀਂ ਹੋ ਸਕਦੇ। ਹਾਂ, ਕ੍ਰਿਪਾਲੂ ਮਾਤਾ ਜ਼ਰੂਰ ਸਾਡੀਆਂ ਕਮਜ਼ੋਰੀਆਂ ਉੱਤੇ ਪਰਦਾ ਪਾਵੇਗੀ।"

ਹੁਣ ਤਕ ਇਸ ਸ਼ਹਿਰ ਵਿਚ ਹਜ਼ਾਰਾਂ ਐਸੇ ਲੋਕ ਮੌਜੂਦ ਹਨ ਜੋ ਰੱਬ ਦੀ ਹੋਂਦ ਅਣਹੋਂਦ ਬਾਰੇ ਝਗੜਦੇ ਰਹਿੰਦੇ ਹਨ ਤੇ ਤਿੰਨ ਖ਼ੁਦਾਵਾਂ ਅਤੇ ਮਿਹਰਬਾਨ ਮਾਂ ਸਬੰਧੀ ਵੀ ਚਰਚਾ ਚਲਦੀ ਹੀ ਰਹਿੰਦੀ ਹੈ।

3. ਆਦਮੀ

ਰੱਬ ਨੇ ਆਪਣੇ ਆਪ ਤੋਂ ਇਕ ਰੂਹ ਪੈਦਾ ਕੀਤੀ, ਜਿਸ ਨੂੰ ਉਸਨੇ ਹੁਸਨ ਨਾਲ ਖ਼ੂਬ ਸਜਾਇਆ ਤੇ ਉਸ ਉੱਤੇ ਮਿਹਰਾਂ ਤੇ ਬਖ਼ਸ਼ਿਸ਼ਾਂ ਦੀ ਬਰਖਾ ਵੀ ਕੀਤੀ। ਉਸ ਨੂੰ ਖ਼ੁਸ਼ੀ ਦਾ ਪਿਆਲਾ ਭਰ ਕੇ ਦਿੱਤਾ, ਨਾਲ ਹੀ ਤਾਕੀਦ ਕੀਤੀ, "ਇਸ ਪਿਆਲੇ ਨਾਲ ਤੂੰ ਉਦੋਂ ਤਕ ਬੁਲ੍ਹ ਨਾ ਛੁਹਾਈਂ, ਜਦ ਤਕ ਤੂੰ ਬੀਤੇ ਨੂੰ ਭੁਲਾ ਨਾ ਦੇਵੇਂ ਤੇ ਭਵਿਸ਼ਤ ਤੋਂ ਬੇਨਿਆਜ਼ ਨਾ ਹੋ ਜਾਵੇਂ, ਕਿਉਂਕਿ ਇਹ ਖ਼ੁਸ਼ੀ ਥੋੜ੍ਹ-ਚਿਰੀ ਹੈ।" ਉਸ ਨੇ ਇਸ ਰੂਹ ਨੂੰ ਗ਼ਮ ਦਾ ਪਿਆਲਾ ਵੀ ਭਰ ਕੇ ਦਿੱਤਾ ਤੇ ਕਿਹਾ, "ਇਸ ਨੂੰ ਤੂੰ ਹੁਣੇ ਪੀ ਲੈ ਤਾਂਕਿ ਤੈਨੂੰ ਜੀਵਨ ਦੀ ਖ਼ੁਸ਼ੀ ਦੇ ਉਡਦੇ ਪਲਾਂ ਦੀ ਹਕੀਕਤ ਸਮਝ ਆ ਜਾਵੇ, ਕਿਉਂਕਿ ਗ਼ਮੀ ਤਾਂ ਹਮੇਸ਼ਾ ਡੇਰਾ ਜਮਾਉਣ ਵਾਲੀ ਹੈ।"

ਰੱਬ ਨੇ ਇਸ ਰੂਹ ਨੂੰ ਮੁਹੱਬਤ ਦੀ ਐਸੀ ਦਾਤ ਦਿੱਤੀ ਜੋ ਸੰਸਾਰਿਕ ਪਦਾਰਥਾਂ ਦੀ

ਸੰਤੁਸ਼ਟਤਾ ਦੇ ਹੌਕੇ ਨਾਲ ਹੀ ਇਕ ਦਮ ਛਾਈਂ-ਮਾਈਂ ਹੋ ਜਾਂਦੀ ਹੈ, ਉਸ ਇਸਨੂੰ ਮਧੁਰਤਾ ਵੀ ਪ੍ਰਦਾਨ ਕੀਤੀ ਜੋ ਖ਼ੁਸ਼ਾਮਦ ਦੀ ਪਹਿਲੀ ਬਿੜਕ ਨਾਲ ਆਪਣੇ ਆਪ ਅਲੋਪ ਹੋ ਜਾਂਦੀ ਹੈ।

ਸੱਚੇ ਮਾਰਗ 'ਤੇ ਚੱਲਣ ਲਈ ਉਸਨੇ ਇਸਨੂੰ ਧੁਰਾਂ ਤੋਂ ਬਿਬੇਕ ਵੀ ਬਖ਼ਸ਼ਿਆ ਤੇ ਦਿਲ ਦੀਆਂ ਡੂੰਘਾਣਾਂ ਵਿਚ ਐਸੀ ਦਿੱਬ ਦ੍ਰਿਸ਼ਟੀ ਵੀ ਦਿੱਤੀ ਜੋ ਅਦ੍ਰਿਸ਼ਟ ਨੂੰ ਦੇਖ ਸਕੇ ਤੇ ਸਾਰਿਆਂ ਲਈ ਉਸਦੇ ਅੰਦਰ ਮੋਹ ਤੇ ਭਲਾਈ ਦੀ ਭਾਵਨਾ ਪੈਦਾ ਕੀਤੀ। ਫਿਰ ਇਸ ਨੂੰ ਸੱਧਰਾਂ ਦੀ ਸਤਰੰਗੀ ਪੀਂਘ ਦੁਆਰਾ ਅਰਸ਼ੀ ਫ਼ਰਿਸ਼ਤਿਆਂ ਵੱਲੋਂ ਸਜਾਈ ਬਣਾਈ ਪੁਸ਼ਾਕ ਨਾਲ ਅਲੰਕ੍ਰਿਤ ਕੀਤਾ ਅਤੇ ਮਾਇਆ ਦੇ ਪ੍ਰਛਾਵੇਂ ਨਾਲ ਢੱਕ ਦਿੱਤਾ, ਜਿਸ ਤੋਂ ਜੀਵਨ ਤੇ ਜੋਤਿ ਦਾ ਪਹੁ-ਫੁਟਾਲਾ ਹੁੰਦਾ ਹੈ।

ਫਿਰ ਰੱਬ ਨੇ ਕਹਿਰਾਂ ਦੇ ਗੁੱਸੇ ਤੋਂ ਅੱਗ, ਜਹਾਲਤ ਦੇ ਰੇਗਿਸਤਾਨ ਤੋਂ ਲੂਹਦੀ ਪੌਣ, ਖ਼ੁਦਗ਼ਰਜ਼ੀ ਦੇ ਕੰਢੇ ਤੋਂ ਖਰਵੀ ਰੇਤ ਅਤੇ ਜ਼ਮਾਨੇ ਦੇ ਪੈਰਾ ਤੋਂ ਮਿੱਟੀ ਲੈ ਕੇ ਆਦਮ ਦਾ ਪੁਤਲਾ ਬਣਾਇਆ। ਉਸਨੇ ਇਸ ਨੂੰ ਇਤਨੀ ਅੰਨ੍ਹੀ ਸ਼ਕਤੀ ਦਿੱਤੀ ਜਿਸ ਨਾਲ ਇਹ ਝੱਲਾ ਹੋ ਜਾਵੇ, ਪਰ ਇਹ ਝੱਲ ਖ਼ਤਮ ਵੀ ਹੁੰਦਾ ਜਾਂਦਾ ਹੈ ਜੇ ਇਸ ਦੀ ਮਨ ਦੀ ਵਾਸ਼ਨਾ ਪੂਰੀ ਹੁੰਦੀ ਜਾਵੇ।

ਫਿਰ ਉਸ ਮਾਲਕ ਨੇ ਇਸ ਵਿਚ ਜੀਵਨ ਦੀ ਚੰਗਿਆੜੀ ਵੀ ਰੱਖੀ ਜੋ ਕਿ ਇਕ ਤਰ੍ਹਾਂ ਮੌਤ ਦਾ ਪ੍ਰਛਾਵਾਂ ਹੈ।

ਰੱਬ ਬਹੁਤ ਹੱਸਿਆ ਤੇ ਬਹੁਤ ਕੁਰਲਾਇਆ। ਉਸ ਦੇ ਅੰਦਰ ਮਨੁੱਖ ਲਈ ਪਿਆਰ ਤੇ ਤਰਸ ਦੀਆਂ ਅਥਾਹ ਭਾਵਨਾਵਾਂ ਜਾਗੀਆਂ ਤੇ ਉਸ ਇਸ ਨੂੰ ਆਖ਼ਰ ਆਪਣੀ ਅਗਵਾਈ ਦਾ ਓਢਣਾ ਦਿੱਤਾ।

4. ਮੈਂ

ਮੈਂ ਆਦਿ ਜੁਗਾਦਿ ਤੋਂ ਸਾਂ, ਹੁਣ ਭੀ ਹਾਂ ਤੇ ਸਦੀਵ ਤਕ ਰਹਾਂਗਾ। ਮੇਰੀ ਹਸਤੀ ਦਾ ਅੰਤ ਨਹੀਂ। ਮੈਂ ਲਾਮਕਾਨ ਵਾਯੂਮੰਡਲ ਵਿਚ ਵਿਚਰਦਾ ਰਿਹਾ, ਖ਼ਿਆਲ ਦੀ ਦੁਨੀਆਂ ਵਿਚ ਉਡਿਆ ਤੇ ਉਚਤਮ ਨੂਰ ਲਾਗੇ ਵੀ ਪਹੁੰਚ ਗਿਆ, ਲੇਕਿਨ ਅਜੇ ਤਕ ਮੈਂ ਮਾਦੇ ਦੀ ਕੈਦ ਵਿਚ ਹਾਂ।

ਮੈਂ ਕਨਫਿਊਸ਼ਿਸ ਦੀ ਸਿੱਖਿਆ ਵੀ ਸੁਣੀ, ਬ੍ਰਹਮਾ ਦੀ ਵੇਦ ਵਿੱਦਿਆ ਵੱਲ ਵੀ ਧਿਆਨ ਕੀਤਾ, ਗਿਆਨ ਦੇ ਬੋਹੜ ਹੇਠ ਬੁਧ ਪਾਸ ਵੀ ਬੈਠਾ, ਲੇਕਿਨ ਅਜੇ ਤਕ ਅਗਿਆਨ ਤੇ ਖੜੋਤ ਉਤੇ ਹਾਵੀ ਨਹੀਂ ਹੋ ਸਕਿਆ, ਕੋਸ਼ਿਸ਼ ਜ਼ਰੂਰ ਕਰ ਰਿਹਾ ਹਾਂ। ਮੈਂ ਉਸ ਵਕਤ ਤੂਰ ਪਹਾੜ ਉਤੇ ਸਾਂ ਜਦ ਮੂਸਾ ਨੇ ਜਲਵਾ ਤੱਕਿਆ, ਉਸ ਸਮੇਂ ਪਹਾੜੀ ਘਾਟੀਆਂ 'ਤੇ ਸਾਂ ਜਦ ਈਸਾ ਮਸੀਹ ਦੇ ਮੁਅਜਜ਼ੇ ਹੋਏ।

ਮੈਂ ਮਦੀਨੇ ਵਿਚ ਰਸੂਲ ਦੇ ਅਰਬੀ ਬਚਨ ਵੀ ਸੁਣੇ, ਲੇਕਿਨ ਮੈਂ ਹਾਲੇ ਤਕ ਪ੍ਰੇਸ਼ਾਨੀਆਂ ਦੀ ਭੁਲ-ਭੁਲਈਆਂ ਵਿਚ ਭਟਕ ਰਿਹਾ ਹਾਂ।

ਮੈਂ ਬਾਬਲ ਦੀ ਸ਼ਕਤੀ ਵੀ ਦੇਖੀ ਤੇ ਮਿਸਰ ਦੀ ਬਜ਼ੁਰਗੀ ਵੀ। ਯੂਨਾਨ ਦੇ ਗੌਰਵ ਨੂੰ ਸਮਝਿਆ ਲੇਕਿਨ ਮੈਂ ਸਾਰਿਆਂ ਵਿਚ ਕਮਜ਼ੋਰੀ, ਗਿਰਾਵਟ ਤੇ ਬਦਨਾਮੀ ਹੀ ਤੱਕੀ। ਮੈਂ ਦੂਰ ਦੇ ਗੋਹਝ ਖੋਲ੍ਹਣ ਵਾਲੇ ਜਾਦੂਗਰਾਂ ਪਾਸ ਵੀ ਬੈਠਾ, ਧਰਮ ਪ੍ਰਚਾਰਕਾਂ, ਕਾਨ੍ਹਾਂ ਵਿਚ

ਵਿਚਰਿਆ ਤੇ ਫ਼ਲਸਤੀਨ ਦੇ ਪੈਗ਼ੰਬਰਾਂ ਦੀ ਹਜ਼ੂਰੀ ਵਿਚ ਵੀ ਰਿਹਾ, ਲੇਕਿਨ ਸੱਚ ਦਾ ਨਾਦ ਨਾ ਸੁਣ ਸਕਿਆ। ਮੈਂ ਉਹ ਦਾਨਾਈ ਤੇ ਗਿਆਨ ਦੇ ਸਲੋਕ ਜ਼ਬਾਨੀ ਯਾਦ ਕਰ ਲਏ ਜੋ ਕੇਵਲ ਹਿੰਦੁਸਤਾਨ ਉਤੇ ਹੀ ਜ਼ਾਹਿਰ ਹੋਏ। ਮੈਂ ਅਰਬ-ਵਾਸੀਆਂ ਦੇ ਦਿਲਾਂ ਵਿੱਚੋਂ ਨਿਕਲੇ ਸ਼ੇਅਰ ਵੀ ਸੁਣੇ ਤੇ ਪੱਛਮ ਦੀ ਗਵੈਸ਼ ਵੀ ਸੁਣੀ, ਲੇਕਿਨ ਮੈਂ ਨਬੀਨਾ ਹੀ ਰਿਹਾ, ਬੋਲਾ ਰਿਹਾ, ਕੁਝ ਸੁਣ ਨਾ ਸਕਿਆ। ਮੈਂ ਲੋਭੀ ਵਿਜਈਆਂ ਦੀ ਸਖ਼ਤੀ ਝੱਲੀ ਤੇ ਜਾਬਰ ਹਾਕਮਾਂ ਦੇ ਜ਼ੁਲਮ ਵੀ ਬਰਦਾਸ਼ਤ ਕੀਤੇ।

ਮੈਂ ਜ਼ੋਰਾਵਰ ਬਾਗ਼ੀਆਂ ਦੀ ਗ਼ੁਲਾਮੀ ਹੇਠ ਵੀ ਰਿਹਾ ਹਾਂ, ਮੇਰੇ ਵਿਚ ਇਤਨਾ ਕੁ ਬਲ ਸੀ ਕਿ ਮੈਂ ਦਿਨ-ਕਟੀ ਕਰ ਲਈ। ਮੈਂ ਸਭ ਕੁਝ ਸੁਣਿਆ, ਦੇਖਿਆ। ਮੈਂ ਜਦ ਬਾਲਕ ਸਾਂ, ਸੋਚਦਾ ਸਾਂ ਕਿ ਜੋਬਨ ਤੇ ਉਸਦੇ ਨਾਲ ਆਉਣ ਵਾਲੀਆਂ ਗੱਲਾਂ ਮੈਂ ਜਲਦੀ ਦੇਖ ਲਵਾਂਗਾ, ਸੁਣ ਲਵਾਂਗਾ ਤੇ ਛੇਤੀ ਬੁੱਢਾ ਹੋ ਜਾਵਾਂਗਾ ਤੇ ਸਿਖ਼ਰ 'ਤੇ ਪਹੁੰਚ ਕੇ ਖ਼ੁਦਾ ਵੱਲ ਨੂੰ ਵਾਪਸ ਮੁੜ ਜਾਵਾਂਗਾ।

ਮੈਂ ਆਦਿ ਜੁਗਾਦਿ ਤੋਂ ਸਾਂ, ਹੁਣ ਵੀ ਹਾਂ ਤੇ ਸਦੈਵ ਤਕ ਰਹਾਂਗਾ। ਮੇਰੀ ਹਸਤੀ ਦਾ ਅੰਤ ਨਹੀਂ।

5. ਆਪ-ਬੀਤੀ

ਤੁਸੀਂ ਪੁਛੋਗੇ ਕਿ ਮੈਂ 'ਪਾਗਲ' ਕਿਵੇਂ ਬਣਿਆ। ਗੱਲ ਇਉਂ ਹੋਈ, ਇਕ ਦਿਨ ਜਦੋਂ ਕਿ ਸਾਰੇ ਫ਼ਰਿਸ਼ਤਿਆਂ ਨੇ ਅਜੇ ਜਨਮ ਵੀ ਨਹੀਂ ਸੀ ਲਿਆ, ਮੈਂ ਗੂੜ੍ਹੀ ਨੀਂਦ ਵਿੱਚੋਂ ਉਠ ਕੇ ਦੇਖਣ ਲੱਗਾ ਕਿ ਮੇਰੇ ਸੱਤੇ ਪੜਦੇ, ਜੋ ਮੈਂ ਸੱਤ ਜਨਮਾਂ ਵਿਚ ਧਾਰਨ ਕੀਤੇ ਸਨ, ਉਹ ਸਭ ਚੋਰੀ ਹੋ ਗਏ ਹਨ। ਮੈਂ ਭੀੜ-ਭੜੱਕੇ ਵਿਚ 'ਚੋਰ, ਚੋਰ' ਪੁਕਾਰਦਾ ਦੌੜਨ ਲੱਗਾ।

ਤਮਾਮ ਲੋਕਾਂ ਮੈਨੂੰ ਨੰਗੇ-ਧੜੰਗੇ ਨੂੰ ਦੇਖ ਖ਼ੂਬ ਠੱਠੇ ਕੀਤੇ ਤੇ ਕੁਝ ਮੈਨੂੰ ਦੇਖ ਕੇ ਘਰਾਂ ਵਿਚ ਹੀ ਲੁਕ ਗਏ। ਜਦ ਮੈਂ ਰੌਲਾ ਪਾਉਂਦਾ ਪਾਉਂਦਾ ਬਾਜ਼ਾਰ ਵਿਚ ਗਿਆ ਤਾਂ ਕੋਠੇ ਉਤੇ ਖੜੇ ਨੌਜੁਆਨ ਨੇ ਉੱਚੀ-ਉੱਚੀ ਕਿਹਾ :

"ਔਹ ਪਾਗਲ ਆ ਗਿਆ।"

ਮੈਂ ਜਦ ਉਸ ਨੂੰ ਦੇਖਣ ਲਈ ਨਿਗਾਹ ਉਤਾਂਹ ਕੀਤੀ ਤਾਂ ਪਹਿਲੀ ਵਾਰ ਸੂਰਜ ਦੇਵਤਾ ਨੇ ਮੇਰਾ ਮੂੰਹ ਚੁੰਮਿਆ ਤੇ ਮੇਰੀ ਰੂਹ ਅਜੇਹੀ ਖਿੜ ਗਈ ਕਿ ਮੈਨੂੰ ਪੜਦੇ ਦੀ ਲੋੜ ਹੀ ਨਾ ਰਹੀ। ਤੇ ਮੈਂ ਉੱਚੀ ਉੱਚੀ ਪੁਕਾਰਿਆ, "ਰੱਬ ਜੀ! ਉਨ੍ਹਾਂ ਲੋਕਾਂ ਉਤੇ ਮਿਹਰ ਕਰੋ ਜਿਨ੍ਹਾਂ ਮੇਰੇ ਪੜਦੇ ਚੁਰਾਏ ਹਨ।"

ਇਉਂ ਮੈਂ ਪਾਗਲ ਬਣਿਆ ਤੇ ਮੈਨੂੰ ਆਜ਼ਾਦੀ ਤੇ ਸੁਰੱਖਿਆ ਮਿਲ ਗਈ। ਆਜ਼ਾਦੀ ਇਸ ਲਈ ਕਿ ਮੈਂ ਇਕੱਲਾ ਹਾਂ, ਕਿਸੇ ਦਾ ਕੋਈ ਦਖ਼ਲ ਨਹੀਂ; ਸੁਰੱਖਿਆ ਇਸ ਲਈ ਕਿ ਸੰਸਾਰ ਮੈਨੂੰ ਸਮਝਦਾ ਹੀ ਨਹੀਂ, ਜੋ ਸਮਝ ਲੈਂਦੇ ਹਨ ਉਹ ਕਿਵੇਂ ਨਾ ਕਿਵੇਂ ਆਪਣਾ ਸੇਵਕ ਬਣਾ ਲੈਂਦੇ ਹਨ। ਪਰ ਮੈਨੂੰ ਇਸ ਸੁਰੱਖਿਆ ਦਾ ਬਾਹਲਾ ਮਾਣ ਨਹੀਂ ਕਰਨਾ ਚਾਹੀਦਾ ਕਿਉਂਕਿ ਬੰਦੀਖ਼ਾਨੇ ਵਿਚ ਇਕ ਚੋਰ ਦੂਜੇ ਚੋਰ ਤੋਂ ਸੁਰੱਖਿਅਤ ਹੀ ਹੁੰਦਾ ਹੈ।

6. ਵਿਆਖਿਆ

ਕੁਝ ਮਿੱਤਰ ਕਹਿਣ ਲੱਗੇ ਕਿ ਇਹ (ਪਾਗਲ) ਤੁਹਾਡੀ ਪਹਿਲੀ ਰਚਨਾ ਹੈ, ਇਸ ਕਰਕੇ ਇਸਦੀ ਭੂਮਿਕਾ ਜਾਂ ਵਿਆਖਿਆ ਲਿਖੀ ਜਾਣੀ ਜ਼ਰੂਰੀ ਹੈ। ਮੈਂ ਉੱਤਰ ਦਿੱਤਾ, "ਜੇਕਰ ਇਕ ਪਾਗਲ ਇਨ੍ਹਾਂ ਗੱਲਾਂ ਤੋਂ ਬੇਨਿਆਜ਼ ਰਹੇ ਤਾਂ ਚੰਗਾ ਹੀ ਹੈ। ਫਿਰ ਮੈਨੂੰ ਇਸ ਦੁਨੀਆਂ ਵਿਚ ਤਾਂ ਸਾਰੇ ਹੀ ਵਿਚਾਰਵਾਨ ਪੁਰਸ਼ ਦਿਖਾਈ ਦਿੰਦੇ ਹਨ, ਕੋਈ ਅਧੂਰੇ ਦਿਮਾਗ਼ ਵਾਲਾ ਨਹੀਂ, ਜਿਸ ਨੂੰ ਮੈਂ ਇਹ ਭੂਮਿਕਾ ਜਾਂ ਵਿਆਖਿਆ ਪੜ੍ਹਨ ਦਾ ਕਸ਼ਟ ਦਿਆਂ।

"ਨਾਲੇ ਇਹ ਵਿਆਖਿਆ ਤੇ ਵਿਸਤਾਰ ਤਾਂ ਕਲਪਨਾ-ਉਡਾਰੀ, ਖ਼ਿਆਲਾਂ ਦੇ ਅੰਦਾਜ਼ ਅਤੇ ਲੇਖਣ-ਸ਼ੈਲੀ ਦੇ ਸੌਂਦ੍ਰਯ ਦਾ ਤਾਂ ਭੋਗ ਹੀ ਪਾ ਦੇਵੇਗਾ।

"ਇਹ ਖਿੰਡੇ-ਪੁੰਡੇ ਪੱਤਰੇ ਖ਼ੁਦ-ਬਖ਼ੁਦ ਆਪਣਾ ਪਰਿਚਯ ਦੇ ਰਹੇ ਹਨ ਤੇ ਇਨ੍ਹਾਂ ਦੇ ਪਾਠਕ ਆਪਣੇ ਆਪ ਹੀ ਇਨ੍ਹਾਂ ਦਾ ਭਾਵ-ਅਰਥ ਤੇ ਆਸ਼ਾ ਜਾਣ ਜਾਣਗੇ, ਵਿਆਖਿਆ ਦੀ ਕੀ ਲੋੜ ਹੈ।"

7. ਪਾਗਲਪਣ ਤੇ ਬੁਧੀਮਾਨੀ

ਇਕ ਦਿਨ ਇਕ ਆਦਮੀ ਮੈਨੂੰ ਮਿਲਣ ਆਇਆ, ਆਖਣ ਲੱਗਾ, "ਮੈਂ ਆਪ ਤੋਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ।" ਮੈਂ ਕਿਹਾ, "ਪੁੱਛੋ ਜੀ।" ਉਸ ਨੇ ਕਿਹਾ, "ਇਕ ਪਾਗਲ ਅਜੇਹੀਆਂ ਗੱਲਾਂ ਕਿਵੇਂ ਕਰ ਸਕਦਾ ਹੈ?" ਮੈਂ ਕਿਹਾ, "ਤੁਹਾਡਾ ਕੀ ਮਤਲਬ?"

"ਬੁਧੀਮਾਨੀ ਤੇ ਪਾਗਲਪਣ ਦਾ ਕੀ ਸਬੰਧ?"[1]

ਸੰਸਾਰ ਦੇ ਕਿੰਨੇ ਹੀ ਬੁਧੀਮਾਨ ਹਨ ਜੋ ਅਸਲ ਵਿਚ ਬੁਧੀਮਾਨ ਨਹੀਂ ਤੇ ਕਿਤਨੇ ਹੀ ਅਜੇਹੇ ਪਾਗਲ ਝੱਲੇ ਹਨ ਜੋ ਅਸਲ ਵਿਚ ਪਾਗਲ ਨਹੀਂ।

"ਪਾਗਲ ਤਾਂ ਹਮੇਸ਼ਾ ਹੀ ਪਾਗਲ ਹੈ।"

"ਠੀਕ ਹੈ, ਪਰ ਸਾਰੇ ਪਾਗਲ ਇਕੋ ਜੇਹੇ ਨਹੀਂ ਹੁੰਦੇ, ਦੁਨੀਆਂ ਤਾਂ ਬੁੱਧੀ ਨੂੰ ਹੀ ਰਸਤੇ ਦਾ ਚਿਰਾਗ ਸਮਝਦੀ ਹੈ, ਪਰ ਕਿਸੇ ਨੂੰ ਕੀ ਪਤਾ ਕਿ ਜਿਸ ਨੂੰ ਅਸੀਂ ਪਾਗਲਪਣ ਦਾ ਨਾਮ ਦਿੰਦੇ ਹਾਂ, ਉਹੀ ਬੁਧੀਮਾਨਤਾ ਹੋਵੇ।"

ਇਕ ਮਹਾਂਪੁਰਸ਼ ਨੇ ਤਾਂ ਇਹ ਵੀ ਕਿਹਾ ਹੈ, "ਆਪਣੇ ਝੱਲ-ਵਲੱਲ ਦੇ ਰੰਗ ਵਿਚ ਕਿਤੇ ਕਿਤੇ ਰਹੱਸਪੂਰਣ ਪਰਮੇਸ਼ਰ ਦਾ ਭੇਦ ਵੀ ਬਖਾਨ ਕਰ ਦਿੰਦਾ ਹਾਂ, ਕੀ ਮੇਰਾ ਅਜੇਹਾ ਪਾਗਲਪਣ ਪ੍ਰਸੰਸਾ ਦਾ ਪਾਤਰ ਨਹੀਂ ਹੁੰਦਾ?"

ਕਿਤਨੀ ਵੱਡੀ ਬੇਇਨਸਾਫ਼ੀ ਹੈ ਕਿ ਚਤੁਰ ਸਿਆਣੇ ਦੀ ਦੁਕਾਨ ਤਾਂ ਵਿਦਵਤਾ ਦਾ ਭੰਡਾਰ ਮੰਨੀ ਜਾਵੇ ਅਤੇ ਪਾਗਲ ਵਿਚਾਰਾ ਜੰਗਲ ਜੰਗਲ ਟੱਕਰਾਂ ਮਾਰਦਾ ਫਿਰੇ।

ਇਸ ਗੱਲ ਦਾ ਕਿਸ ਨੂੰ ਪਤਾ ਹੈ ਕਿ ਪਾਗਲਪਣ ਵਿਚ ਗਿਆਨ ਦੇ ਬੇਅੰਦਾਜ਼ ਗੁਣ ਹਨ, ਜਦੋਂ ਕਿ ਇਸਨੂੰ ਆਵਾਰਗੀ ਦੇ ਜੀਵਨ ਤੋਂ ਆਜ਼ਾਦ ਕੀਤਾ ਜਾ ਸਕੇ। ਇਸ ਦੇ ਲਈ ਕੇਵਲ ਜੰਗਲ ਬੀਆਬਾਨ ਜ਼ਰੂਰੀ ਨਹੀਂ, ਇਸ ਨੂੰ ਤਾਂ ਵਿਦਿਆਲਿਆਂ ਦਾ ਆਸਰਾ

---

1. ਉਨ੍ਹੀਂ ਕੇ ਫ਼ੈਜ਼ ਸੇ ਬਾਜ਼ਾਰੇ ਅਕਲ ਰੌਸ਼ਨ ਹੈ.
ਜੋ ਗਾਹੇ ਗਾਹੇ ਜਨੂੰ ਇਖ਼ਤਯਾਰ ਕਰਤੇ ਰਹੇ।

ਵੀ ਅਨੁਕੂਲ ਹੀ ਹੈ।

ਤੇ ਫਿਰ ਕੋਈ ਲਾਲਸਾ ?

"ਹੇ ਪਰਮੇਸ਼ਰ! ਮੈਨੂੰ ਆਪਣੇ ਵਡਾਰੂਆਂ ਦੀ ਮਨੋਭਾਵਨਾ ਦੇ ਤੇ ਉਸੇ ਮਹਾਂ ਸਾਗਰ ਵਿਚ ਸ਼ਾਮਲ ਕਰ ਲੈ। ਮੈਂ ਬੁਧੀਮਾਨਤਾ ਦੇ ਸਭ ਭੇਦ ਪਾ ਲਏ ਹਨ, ਹੁਣ ਮੈਨੂੰ ਝੱਲ-ਵਲੱਲਾ ਪਾਗਲ ਹੀ ਬਣਾ ਦੇ।"

ਹੁਣ ਦਸੋ, ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

ਉਹ ਇਹ ਵਿਆਖਿਆ ਵਿਸਤਾਰ ਨਾਲ ਸੁਣ ਕੇ ਗਹਿਰੀ ਸੋਚ ਵਿਚ ਡੁੱਬਾ ਰਿਹਾ ਤੇ ਫਿਰ ਸਿਰ ਨੀਵਾਂ ਕਰ ਕੇ ਚਲਦਾ ਬਣਿਆ।

8. ਪਾਗਲ ਦੀਆਂ ਕਿਸਮਾਂ

ਇਕ ਮਸਤ ਮਲੰਗ ਫ਼ਕੀਰ ਨੇ ਕਿਹਾ ਹੈ ਕਿ ਪਾਗਲਾਂ ਦੀਆਂ ਦੋ ਕਿਸਮਾਂ ਹਨ— ਇਕ ਤਾਂ ਪੂਰਬਲੇ ਜਨਮ ਦੇ ਹਨ, ਦੂਜੇ ਜਨਮ ਤੋਂ ਬਾਦ ਦੇ। ਪਹਿਲੀ ਕਿਸਮ ਦੇ ਪਾਗਲ ਉਹ ਹਨ, ਜੋ ਦੈਵੀ ਦਰਸ਼ਨਾਂ ਨਾਲ ਨਿਹਾਲੋ ਨਿਹਾਲ ਹੋ ਕੇ ਮਸਤ ਹੋ ਗਏ ਤੇ ਹਰ ਕਿਸਮ ਦੇ ਝੂਠੇ ਸੰਸਕਾਰ ਤਿਆਗ ਬੈਠੇ। ਜਦ ਅਜੇਹੇ ਲੋਕਾਂ ਨੇ ਰੂਹਾਨੀ ਜਗਤ ਤੋਂ ਨਿਕਲ ਕੇ ਇਸ ਫ਼ਾਨੀ ਸੰਸਾਰ ਵਿਚ ਪ੍ਰਵੇਸ਼ ਕੀਤਾ ਤਾਂ ਉਹ ਅਚੇਤ ਅਵਸਥਾ ਵਿਚ ਹੀ ਵਿਚਰਦੇ ਰਹੇ ਤੇ ਜਦ ਉਹ ਇਥੋਂ ਜਾਣਗੇ ਤਾਂ ਵੀ ਇਸੇ ਰੰਗ ਵਿਚ ਜਾਣਗੇ।

ਦੂਜੀ ਕਿਸਮ ਦੇ ਪਾਗਲ ਉਹ ਹਨ, ਜੋ ਦੇਹ ਧਾਰਨ ਸਮੇਂ ਪੂਰੀ ਤਰ੍ਹਾਂ ਚੇਤੰਨ ਸਨ ਤੇ ਇਕ ਹੱਦ ਤਕ ਸੁਚੇਤ ਹੀ ਰਹੇ। ਅਚਾਨਕ ਕਿਸੇ ਮਹਾਂਪੁਰਸ਼ ਦੀ ਨਜ਼ਰ ਪਈ ਤਾਂ ਉਹ ਵਿਆਕੁਲ ਹੋ ਕੇ ਮਸਤ ਮਲੰਗ ਬਣ ਗਏ। ਜੇਕਰ ਇਨ੍ਹਾਂ ਲੋਕਾਂ ਦਾ ਨਿਸ਼ਚਾ ਪੱਕਾ ਹੈ ਤੇ ਰੱਬ ਦੀ ਮਿਹਰ ਇਨ੍ਹਾਂ 'ਤੇ ਹੈ ਤਾਂ ਇਹ ਹਰ ਝਾਕੀ ਤੱਕਦੇ ਤੱਕਦੇ ਜੀਵਨ ਸਫ਼ਰ ਪੂਰਾ ਕਰਦੇ ਹਨ ਤੇ ਕਦੀ ਕਦੀ ਸਿਆਣਪ ਦੀ ਗੱਲ ਵੀ ਕਰ ਜਾਂਦੇ ਹਨ।

ਲੋਕ ਆਖਦੇ ਹਨ, "ਪਾਗਲ ਤਾਂ ਹੈ ਪਰ ਗੱਲ ਠਿਕਾਣੇ ਦੀ ਕਰਦਾ ਹੈ।" ਅਜੇਹੇ ਦੀਵਾਨਿਆਂ ਵਿਚ ਵਧੇਰੇ ਗੁਣ ਹੁੰਦੇ ਹਨ ਤੇ ਇਨ੍ਹਾਂ ਦੇ ਮਨ ਦਾ ਵੇਗ ਸਦਾ ਖ਼ੂਬੀਆਂ ਵੱਲ ਝੁਕਿਆ ਹੁੰਦਾ ਹੈ।

9. ਮੇਰੇ ਬੇਲੀ

ਮੇਰੇ ਦੋਸਤ! ਮੈਂ ਉਹ ਨਹੀਂ ਜੋ ਤੈਨੂੰ ਦਿਖਾਈ ਦੇ ਰਿਹਾ ਹਾਂ। ਮੇਰਾ ਇਹ ਸਰੀਰ ਤਾਂ ਇਕ ਬਾਹਰਲਾ ਚੋਲਾ ਹੈ ਜੋ ਗ਼ਮਾਂ ਫ਼ਿਕਰਾਂ ਨਾਲ ਬੁਣਿਆ ਹੋਇਆ ਹੈ ਤੇ ਤੇਰੀ ਨੁਕਤਾਚੀਨੀ ਦੇ ਸਵਾਲਾਂ ਤੋਂ ਵੀ ਬਚਿਆ ਹੋਇਆ ਹੈ।

ਮੇਰਾ ਮਨ ਖ਼ਾਮੋਸ਼ੀ ਦੇ ਪੜਦੇ ਹੇਠ ਛਿਪਿਆ ਹੋਇਆ ਹੈ ਤੇ ਉਥੇ ਹੀ ਛਿਪਿਆ ਰਹੇਗਾ, ਨਾ ਇਸਨੂੰ ਕੋਈ ਦੇਖ ਸਕੇਗਾ ਤੇ ਨਾ ਕੋਈ ਉਥੇ ਪਹੁੰਚ ਸਕੇਗਾ।

ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਮੇਰੀ ਹਰ ਗੱਲ ਨੂੰ ਸੱਚ ਸਮਝੋ ਤੇ ਜੋ ਕੁਝ ਮੈਂ ਕਰਾਂ ਉਸਦੀ ਪੁਸ਼ਟੀ ਕਰੋ, ਕਿਉਂਕਿ ਮੇਰੀਆਂ ਗੱਲਾਂ ਮੇਰੀਆਂ ਨਹੀਂ, ਸਗੋਂ ਇਹ ਤਾਂ ਤੁਹਾਡੇ

ਖ਼ਿਆਲਾਂ ਦੀਆਂ ਹੀ ਗੂੰਜਾਂ ਹਨ ਤੇ ਮੇਰੀ ਸਾਰੀ ਕਾਰਗੁਜ਼ਾਰੀ ਤੁਹਾਡੀ ਅਭਿਲਾਸ਼ਾ ਦਾ ਹੀ ਯਥਾਰਥ ਰੂਪ ਹੈ।

ਮੇਰੇ ਬੇਲੀ! ਹੁਣ ਤੁਸੀਂ ਕਹਿੰਦੇ ਹੋ ਕਿ ਪੱਛੋਂ ਚੱਲ ਰਹੀ ਹੈ ਤੇ ਮੈਂ ਵੀ ਕਹਿੰਦਾ ਹਾਂ ਕਿ ਹਾਂ, ਪੱਛੋਂ ਹੀ ਹੈ, ਕਿਉਂਕਿ ਮੈਂ ਤੁਹਾਨੂੰ ਇਹ ਨਹੀਂ ਕਹਿਣਾ ਚਾਹੁੰਦਾ ਕਿ ਇਸ ਸਮੇਂ ਮੇਰੇ ਅੰਦਰ ਪੌਣ ਦੀ ਥਾਂ ਸਾਗਰ ਦਾ ਜੁਆਰਭਾਟਾ ਠਾਠਾਂ ਮਾਰ ਰਿਹਾ ਹੈ। ਤੁਸੀਂ ਮੇਰੇ ਬਿਹਬਲ ਵਿਚਾਰਾਂ ਦੀ ਥਾਹ ਨਹੀਂ ਪਾ ਸਕਦੇ, ਕਿਉਂਕਿ ਮੈਂ ਸਾਗਰ ਪਾਸ ਇਕੱਲਾ ਹੀ ਰਹਿਣਾ ਚਾਹੁੰਦਾ ਹਾਂ।

ਜਦ ਤੁਹਾਡੇ ਲਈ ਦਿਨ ਹੁੰਦਾ ਹੈ ਤਾਂ ਮੇਰੇ ਲਈ ਰਾਤ। ਫਿਰ ਵੀ ਮੈਂ ਦੁਪਹਿਰ ਸਮੇਂ ਉਨ੍ਹਾਂ ਸੁਨਹਿਰੀ ਕਿਰਨਾਂ ਦੀ ਗੱਲ ਕਰਦਾ ਹਾਂ ਜੋ ਪਹਾੜ 'ਤੇ ਨਾਚ ਕਰਦੀਆਂ ਹਨ ਤੇ ਉਸ ਊਸ਼ਾ ਦੀ ਲਾਲੀ ਦਾ ਚਰਚਾ ਕਰਦਾ ਹਾਂ ਜੋ ਹੌਲੀ ਹੌਲੀ ਘਾਟੀਆਂ 'ਤੇ ਛਾ ਜਾਂਦੀ ਹੈ। ਤੁਸੀਂ ਮੇਰੇ ਅੰਨ੍ਹੇਰੇ ਦੇ ਗੀਤ ਸੁਣ ਨਹੀਂ ਸਕਦੇ ਤੇ ਨਾ ਹੀ ਸਿਤਾਰਿਆਂ ਪਾਸ ਮੇਰੇ ਖੰਭਾਂ ਦੀ ਫੜਫੜਾਹਟ ਦੇਖ ਸਕਦੇ ਹੋ। ਮੇਰੇ ਯਾਰ! ਮੇਰਾ ਮਨ ਭੀ ਇਹੋ ਚਾਹੁੰਦਾ ਹੈ ਕਿ ਨਾ ਤੁਸੀਂ ਮੇਰੇ ਗੀਤ ਸੁਣ ਸਕੋ ਤੇ ਨਾ ਮੇਰੇ ਖੰਭਾਂ ਦੀ ਫੜਫੜਾਹਟ ਤੱਕ ਸਕੋ, ਕਿਉਂਕਿ ਮੈਂ ਰਾਤ ਦੀ ਇਕਾਂਤ ਵਿਚ ਇਕੱਲਾ ਹੀ ਰਹਿ ਕੇ ਖ਼ੁਸ਼ ਹਾਂ।

ਜਦ ਤੁਸੀਂ ਆਪਣੇ ਸੁਰਗ ਵੱਲ ਨੂੰ ਧਾਈ ਕਰਦੇ ਹੋ ਤਾਂ ਮੈਂ ਆਪਣੇ ਨਰਕ ਦੀ ਡੂੰਘੀ ਗਹਿਰਾਈ ਵਿਚ ਉਤਰ ਜਾਂਦਾ ਹਾਂ। ਤੁਸੀਂ ਇਸ ਸਮੇਂ ਇਕ ਅਲੰਘ ਹੱਦ ਪਾਸ ਖੜ੍ਹ ਕੇ ਪੁਕਾਰਦੇ ਹੋ, 'ਮੇਰੇ ਬੇਲੀ!', 'ਮੇਰੇ ਯਾਰ,' ਇਨ੍ਹਾਂ ਸ਼ਬਦਾਂ ਨੂੰ ਹੀ ਮੈਂ ਫਿਰ ਦੁਹਰਾਉਂਦਾ ਹਾਂ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਮੇਰਾ ਦੋਜ਼ਖ਼ ਦੇਖੋ, ਇਸ ਲਈ ਕਿ ਇਸ ਦੋਜ਼ਖ਼ ਦੀ ਅੱਗ ਦੀਆਂ ਲਪਟਾਂ ਤੁਹਾਡੇ ਨੈਣਾਂ ਦੇ ਨੂਰ ਨੂੰ ਨਸ਼ਟ ਕਰ ਦੇਣਗੀਆਂ ਅਤੇ ਇਥੋਂ ਦਾ ਧੂੰਆਂ ਤੁਹਾਡਾ ਸਵਾਸ ਰੋਕ ਦੇਵੇਗਾ।

ਮੈਨੂੰ ਆਪਣਾ ਨਰਕ ਇਤਨਾ ਪਿਆਰਾ ਹੈ ਕਿ ਮੈਂ ਨਹੀਂ ਚਾਹੁੰਦਾ ਕਿ ਤੁਸੀਂ ਉਥੇ ਆ ਕੇ ਮੇਰੀ ਮੌਜ ਵਿਚ ਭੰਗਣਾ ਪਾਓ। ਮੈਂ ਇਸ ਨਰਕ ਵਿਚ ਇਕੱਲਾ ਰਹਿ ਕੇ ਖ਼ੁਸ਼ ਹਾਂ।

ਤੁਹਾਡਾ ਸੱਚਾਈ, ਸੁੰਦਰਤਾ ਤੇ ਪ੍ਰਸੰਨਤਾ ਨਾਲ ਪਿਆਰ ਹੈ। ਮੈਂ ਇਨ੍ਹਾਂ ਭਾਵਨਾਵਾਂ ਦੀ ਕਦਰ ਕਰਦਾ ਹਾਂ ਤੇ ਮਨ ਹੀ ਮਨ ਵਿਚ ਹੱਸਦਾ ਵੀ ਹਾਂ। ਮੈਂ ਇਹ ਨਹੀਂ ਚਾਹੁੰਦਾ ਕਿ ਤੁਸੀਂ ਮੇਰੀ ਇਸ ਹਾਸੀ ਨੂੰ ਦੇਖੋ, ਕਿਉਂਕਿ ਅਜੇਹੇ ਮਜ਼ਾਕ ਲਈ ਮੈਨੂੰ ਇਕੱਲ ਹੀ ਪਸੰਦ ਹੈ।

ਮੇਰੇ ਬੇਲੀ! ਤੁਸੀਂ ਇਕ ਸਦਾਚਾਰੀ, ਚੇਤੰਨ ਤੇ ਅਨੁਭਵੀ ਪੁਰਸ਼ ਹੋ, ਮੈਂ ਜਾਣਦਾ ਹਾਂ ਕਿ ਤੁਸੀਂ ਹਰ ਗੱਲ ਵਿਚ ਅਦੁੱਤੀ ਹੋ। ਮੈਂ ਪਾਗਲ ਹਾਂ ਤੇ ਆਪਣੇ ਪਾਗਲਪਣ ਨੂੰ ਛੁਪਾਈ ਰੱਖਦਾ ਹਾਂ, ਕਿਉਂਕਿ ਇਸ ਤੋਂ ਵੱਖ ਰਹਿਣਾ ਮੈਨੂੰ ਭਾਉਂਦਾ ਹੀ ਨਹੀਂ।

ਤੁਸੀਂ ਅਸਲ ਵਿਚ ਮੇਰੇ ਮਿੱਤਰ ਨਹੀਂ ਹੋ, ਪਰ ਇਹ ਮੈਂ ਤੁਹਾਨੂੰ ਕਿਸ ਤਰ੍ਹਾਂ ਸਮਝਾਵਾਂ ਕਿ ਮੇਰਾ ਰਾਹ ਤੁਹਾਡੇ ਰਾਹ ਤੋਂ ਨਿਰਾਲਾ ਹੈ, ਭਾਵੇਂ ਅਸੀਂ ਇਕ ਦੂਜੇ ਦੇ ਹੱਥ ਵਿਚ ਹੱਥ ਪਾ ਕੇ ਤੁਰੇ ਜਾ ਰਹੇ ਹਾਂ।

10. ਫ਼ਕੀਰ

ਬਹੁਤ ਚਿਰ ਪਹਿਲਾਂ ਪਹਾੜਾਂ ਵਿਚ ਇਕ ਫ਼ਕੀਰ ਰਿਹਾ ਕਰਦਾ ਸੀ, ਉਸਦੀ ਆਤਮਾ ਪਵਿੱਤਰ ਸੀ ਤੇ ਜ਼ਮੀਰ ਰੌਸ਼ਨ। ਧਰਤੀ ਅਸਮਾਨ ਦੇ ਤਮਾਮ ਜੀਵ-ਜੰਤੂ ਉਸ ਦੇ ਇਰਦ-

ਗਿਰਦ ਇਕੱਠੇ ਹੋ ਜਾਂਦੇ ਤੇ ਉਹ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਾਉਂਦਾ ਤੇ ਸੂਰਜ ਦੇ ਛੁਪਾਉ ਵੇਲੇ ਆਸ਼ੀਰਵਾਦ ਦੇ ਕੇ ਫਿਰ ਸਭ ਨੂੰ ਜੰਗਲ ਦੀ ਪੌਣ ਦੇ ਹਵਾਲੇ ਕਰ ਦਿੰਦਾ।

ਇਕ ਸ਼ਾਮ ਜਦ ਉਹ ਮੁਹੱਬਤ ਬਾਰੇ ਗੱਲਬਾਤ ਕਰ ਰਿਹਾ ਸੀ ਤਾਂ ਇਕ ਸ਼ੇਰਨੀ ਨੇ ਸਿਰ ਚੁਕ ਕੇ ਸਵਾਲ ਕੀਤਾ, "ਹਜ਼ੂਰ ! ਤੁਸੀਂ ਸਾਨੂੰ ਮੁਹੱਬਤ ਦੀਆਂ ਕਹਾਣੀਆਂ ਸੁਣਾ ਰਹੇ ਹੋ, ਤੁਹਾਡੀ ਜੀਵਨ-ਸਾਥਣ ਕਿਥੇ ਹੈ ?" ਉਸ ਨੇ ਕਿਹਾ, "ਮੇਰੀ ਕੋਈ ਜੀਵਨ-ਸਾਥਣ ਨਹੀਂ।"

ਇਹ ਸੁਣ ਕੇ ਤਮਾਮ ਜੀਵ-ਜੰਤਾਂ ਤੇ ਜਾਨਵਰਾਂ ਵਿਚ ਇਹ ਚਰਚਾ ਚਲ ਪਈ ਕਿ ਇਹ ਸਾਨੂੰ ਮੁਹੱਬਤ ਦਾ ਤੇ ਘਰ ਵਸਾਉਣ ਦਾ ਕੀ ਸਬਕ ਪੜ੍ਹਾ ਰਿਹਾ ਹੈ, ਜਦ ਕਿ ਇਹ ਆਪ.......

ਇਸੇ ਰੋਸ ਵਿਚ ਸਾਰੇ ਉਸ ਪਾਸੋਂ ਉਠ ਕੇ ਚਲੇ ਗਏ ਤੇ ਫ਼ਕੀਰ ਵੀ ਚਟਾਈ ਉਤੇ ਉੂਂਧਾ ਪਿਆ ਹੌਕੇ ਭਰਦਾ ਸਾਰੀ ਰਾਤ ਤੜਫ਼ਦਾ ਰਿਹਾ।

11. ਮੋਚੀ

ਮੋਚੀ ਦੀ ਦੁਕਾਨ 'ਤੇ ਇਕ ਫ਼ਿਲਾਸਫ਼ਰ ਆਇਆ। ਉਸ ਨੇ ਕਿਹਾ, "ਮੇਰੀ ਜੁੱਤੀ ਟੁੱਟ ਗਈ ਹੈ, ਜ਼ਰਾ ਇਸ ਨੂੰ ਗੰਢ ਦਿਉ ?" ਮੋਚੀ ਨੇ ਜਵਾਬ ਦਿੱਤਾ, "ਮਾਫ਼ ਕਰੋ, ਮੈਂ ਇਕ ਜੁੱਤੀ ਦੀ ਮੁਰੰਮਤ ਕਰ ਰਿਹਾ ਹਾਂ ਤੇ ਕੁਝ ਜੋੜੇ ਮੇਰੇ ਪਾਸ ਮੁਰੰਮਤ ਲਈ ਪਏ ਵੀ ਹਨ, ਸੋ ਆਪ ਦੀ ਜੁੱਤੀ ਕਲ੍ਹ ਗੰਢ ਸਕਾਂਗਾ। ਤੁਸੀਂ ਇਹ ਜੁੱਤੀ ਪਾ ਲਓ ਤੇ ਆਪਣੀ ਛੱਡ ਜਾਓ।"

ਇਸ ਗੱਲ ਉਤੇ ਫ਼ਿਲਾਸਫ਼ਰ ਨੂੰ ਕ੍ਰੋਧ ਆ ਗਿਆ, ਉਹ ਕਹਿਣ ਲੱਗਾ, "ਮੈਂ ਕਦੀ ਕਿਸੇ ਦੀ ਜੁੱਤੀ ਪੈਰੀਂ ਨਹੀਂ ਪਾਈ ਜੋ ਮੇਰੀ ਆਪਣੀ ਨਾ ਹੋਵੇ।"

ਮੋਚੀ ਕਹਿਣ ਲੱਗਾ, "ਤੂੰ ਕਿਤੇ ਫ਼ਿਲਾਸਫ਼ਰ ਤਾਂ ਨਹੀਂ ?

"ਲੱਗਦਾ ਤੂੰ ਫ਼ਿਲਾਸਫ਼ਰ ਹੀ ਹੈਂ, ਜਿਸ ਨੂੰ ਦੂਜੇ ਦੀ ਜੁੱਤੀ ਨਾਲ ਪੈਰ ਢੱਕਣੇ ਵੀ ਪਸੰਦ ਨਹੀਂ।

"ਇਸੇ ਬਾਜ਼ਾਰ ਵਿਚ ਇਕ ਹੋਰ ਮੋਚੀ ਬੈਠਦਾ ਹੈ, ਜੋ ਫ਼ਿਲਾਸਫ਼ਰਾਂ ਦੇ ਮਿਜ਼ਾਜ ਨੂੰ ਸਮਝਦਾ ਹੈ, ਤੂੰ ਜਾ ਉਸਤੋਂ ਜੁੱਤੀ ਗੰਢਾ ਲੈ।"

12. ਫ਼ਿਲਾਸਫ਼ਰ

ਇਕ ਦਿਨ ਮੈਂ ਖੇਤ ਵਿਚ ਖਲੋਤੀ ਇਕ ਕਾਠ ਦੀ ਸੋਟੀ ਨੂੰ ਕਿਹਾ, "ਕੀ ਤੂੰ ਇਥੇ ਖੜੀ ਖੜੀ ਅਜੇ ਅੱਕੀ-ਥੱਕੀ ਨਹੀਂ ?"

ਉਸ ਨੇ ਕਿਹਾ, "ਪੰਛੀਆਂ ਨੂੰ ਡਰਾਉਣ ਦਾ ਕੰਮ ਇਤਨਾ ਸੁਆਦੀ ਤੇ ਚਿਰਕਾਲ ਤਕ ਰਹਿਣ ਵਾਲਾ ਹੈ ਕਿ ਮੈਂ ਇਸ ਤੋਂ ਕਦੀ ਅੱਕਦੀ ਨਹੀਂ।"

ਕੁਛ ਚਿਰ ਸੋਚ ਕੇ ਮੈਂ ਫਿਰ ਕਿਹਾ, "ਹਾਂ ਠੀਕ, ਠੀਕ, ਮੈਂ ਵੀ ਇਸ ਖ਼ੁਸ਼ੀ ਦਾ ਸੁਆਦ ਖ਼ੂਬ ਚੱਖਿਆ ਹੈ।"

ਉਸ ਨੇ ਕਿਹਾ, "ਹਾਂ, ਸਿਰਫ਼ ਉਹ ਲੋਕ ਹੀ ਇਸ ਗੱਲ ਤੋਂ ਜਾਣੂ ਹੋ ਸਕਦੇ ਹਨ,

ਜਿਨ੍ਹਾਂ ਦੇ ਦਿਮਾਗ਼ ਵਿਚ ਭੋਹ ਭਰਿਆ ਹੋਵੇ।"

ਇਹ ਸੁਣ ਕੇ ਮੈਂ ਉਥੋਂ ਟੁਰ ਪਿਆ, ਪਰ ਮੈਂ ਇਹ ਸਮਝ ਨਹੀਂ ਸਕਿਆ ਕਿ ਉਸ ਮੇਰੀ ਸਿਫ਼ਤ ਕੀਤੀ ਸੀ ਜਾਂ ਮੇਰਾ ਮਖ਼ੌਲ ਉਡਾਇਆ।

ਇਕ ਵਰ੍ਹਾ ਲੰਘ ਗਿਆ; ਇਸੇ ਦੌਰਾਨ ਉਹ ਕਾਠ ਦੀ ਸੋਟੀ ਫ਼ਿਲਾਸਫ਼ਰ ਬਣ ਚੁੱਕੀ ਸੀ। ਜਦੋਂ ਮੈਂ ਦੁਬਾਰਾ ਉਸ ਪਾਸ ਗਿਆ ਤਾਂ ਕੀ ਤੱਕਿਆ ਕਿ ਉਸ ਦੇ ਸਿਰ 'ਤੇ ਦੋ ਕਾਵਾਂ ਨੇ ਆਲ੍ਹਣਾ ਪਾਇਆ ਹੋਇਆ ਸੀ।

13. ਦੋ ਇਸਤ੍ਰੀਆਂ

ਜਿਸ ਪਿੰਡ ਵਿਚ ਮੈਂ ਜਨਮ ਲਿਆ, ਉਥੇ ਇਕ ਤ੍ਰੀਮਤ ਤੇ ਉਸ ਦੀ ਧੀ ਰਹਿੰਦੀਆਂ ਸਨ। ਇਹ ਦੋਵੇਂ, ਦੌਰੇ ਦੀ ਬੀਮਾਰੀ ਦਾ ਸ਼ਿਕਾਰ ਸਨ। ਇਕ ਰਾਤ, ਜਦੋਂ ਕਿ ਸਾਰੀ ਦੁਨੀਆਂ ਚੁੱਪ-ਸਮਾਧੀ ਵਿਚ ਗੁਟ ਸੀ, ਉਹ ਦੋਵੇਂ ਮਾਵਾਂ ਧੀਆਂ ਸੁਪਨੇ ਅੰਦਰ ਮੇਰੇ ਬਾਗ਼ ਵਿਚ ਮੈਨੂੰ ਮਿਲੀਆਂ; ਇਹ ਬਾਗ਼, ਧੁੰਦ ਨੇ ਆਪਣੀ ਲਪੇਟ ਵਿਚ ਲਿਆ ਹੋਇਆ ਸੀ।

ਮਾਂ ਨੇ ਧੀ ਨੂੰ ਕਿਹਾ, "ਹਾਂ ਹਾਂ! ਮੈਨੂੰ ਪਤਾ ਲੱਗ ਗਿਐ, ਅਸਲ ਦੁਸ਼ਮਣ ਮੇਰੀ ਤੂੰ ਹੀ ਹੈਂ, ਜਿਸ ਨੇ ਮੇਰੀ ਜੁਆਨੀ ਨੂੰ ਬਰਬਾਦ ਕੀਤਾ ਤੇ ਮੇਰੀ ਜ਼ਿੰਦਗੀ ਦੇ ਖੰਡਰਾਂ ਉਤੇ ਆਪਣੇ ਜੀਵਨ ਦਾ ਮਹੱਲ ਉਸਾਰਿਆ। ਕਾਸ਼! ਕਿ ਮੈਂ ਤੈਨੂੰ ਮਾਰ ਸਕਦੀ।"

ਧੀ ਨੇ ਕਿਹਾ, "ਨੀ ਗੰਦੀ ਤੇ ਖ਼ੁਦਗ਼ਰਜ਼ ਬੁੱਢੀ! ਤੂੰ ਜੋ ਮੇਰੇ ਤੇ ਮੇਰੀ ਆਜ਼ਾਦ ਖ਼ਿਆਲੀ ਦੇ ਵਿਚਾਲੇ ਰੋੜਾ ਅਟਕਾ ਰਹੀਂ ਹੈਂ, ਕੀ ਆਪਣੇ ਸੜੇ, ਬੁੱਸੇ ਤੇ ਮੁਰਦਾ ਜੀਵਨ ਵਾਂਗ ਹੀ ਮੈਨੂੰ ਕਰਨਾ ਚਾਹੁੰਦੀ ਹੈਂ? ਕੇਹਾ ਚੰਗਾ ਹੁੰਦਾ, ਰੱਬ ਤੇਰੇ ਵੱਲ ਮੌਤ ਹੀ ਭੇਜ ਦੇਂਦਾ!"

ਇਸ ਸਮੇਂ ਇਕ ਮੁਰਗ਼ੇ ਨੇ ਉੱਚੀ ਆਵਾਜ਼ ਨਾਲ ਬਾਂਗ ਦਿੱਤੀ, ਜਿਸ ਨਾਲ ਉਹ ਦੋਵੇਂ ਜਾਗ ਪਈਆਂ। ਬੁੱਢੀ ਨੇ ਬੜੇ ਲਾਡ ਨਾਲ ਆਪਣੀ ਧੀ ਨੂੰ ਕਿਹਾ, "ਕੀ ਤੂੰ ਹੈਂ ਮੇਰੀ ਪਿਆਰੀ ਧੀਏ!"

ਧੀ ਨੇ ਅੱਗੋਂ ਪਿਆਰ ਵਿਚ ਆ ਕੇ ਕਿਹਾ, "ਹਾਂ ਮਾਂ! ਮੈਂ ਹੀ ਹਾਂ।"

14. ਸਿਆਣਾ ਕੁੱਤਾ

ਇਕ ਦਿਨ ਇਕ ਸਿਆਣੇ ਕੁੱਤੇ ਨੇ ਬਿੱਲੀਆਂ ਦਾ ਟੋਲਾ ਤੱਕਿਆ। ਜਦੋਂ ਉਹ ਉਨ੍ਹਾਂ ਕੋਲ ਗਿਆ ਤਾਂ ਉਹ ਸਭ ਆਪਣੇ ਆਪ ਵਿਚ ਮਸਤ ਸਨ। ਕਿਸੇ ਵੀ ਕੁੱਤੇ ਵੱਲ ਨਾ ਤੱਕਿਆ। ਕੁੱਤਾ ਉਨ੍ਹਾਂ ਦੀਆਂ ਗੱਲਾਂ ਸੁਣਨ ਲਈ ਠਹਿਰ ਗਿਆ। ਇਕ ਤਕੜੀ ਮੋਟੀ ਬਿੱਲੀ ਨੇ ਬੜੀ ਸੰਜੀਦਗੀ ਨਾਲ ਕਿਹਾ:

"ਭੈਣੋ! ਰੱਬ ਤੋਂ ਦੁਆ ਮੰਗੋ, ਕਿਉਂਕਿ ਜਦੋਂ ਤੁਸੀਂ ਪੂਰਨ ਭਰੋਸੇ ਨਾਲ ਰੱਬ ਪਾਸ ਅਰਦਾਸ ਕਰੋਗੀਆਂ ਤਾਂ ਅਸਮਾਨ ਤੋਂ ਆਪੇ ਚੂਹਿਆਂ ਦੀ ਬਾਰਸ਼ ਹੋਵੇਗੀ।"

ਜਦੋਂ ਕੁੱਤੇ ਨੇ ਇਹ ਗੱਲ ਸੁਣੀ, ਉਹ ਦਿਲ ਹੀ ਦਿਲ ਵਿਚ ਹੱਸਿਆ ਤੇ ਇਹ ਕਹਿੰਦਾ ਕਹਿੰਦਾ ਤੁਰ ਗਿਆ:

"ਬੇਸਮਝ ਅਣਜਾਣ ਬਿੱਲੀਓ! ਕੀ ਇਹ ਗ੍ਰੰਥਾਂ ਵਿਚ ਨਹੀਂ ਲਿਖਿਆ ਤੇ ਤੁਹਾਡੇ

ਦਾਦੇ ਪੜਦਾਦੇ ਨੂੰ ਇਹ ਪਤਾ ਨਹੀਂ ਕਿ ਜਦੋਂ ਰੱਬ ਦੀ ਬੰਦਗੀ ਤੇ ਉਸ ਅੱਗੇ ਅਰਦਾਸ ਕਰਨ ਨਾਲ ਬਾਰਸ਼ ਹੁੰਦੀ ਹੈ, ਤਾਂ ਅਸਮਾਨ ਵਿੱਚੋਂ ਚੂਹਿਆਂ ਦੀ ਥਾਂ ਹੱਡੀਆਂ ਹੀ ਬਰਸਿਆ ਕਰਦੀਆਂ ਹਨ।"

15. ਪਰਉਪਕਾਰ

ਇਕ ਆਦਮੀ ਪਾਸ ਇਤਨੀਆਂ ਸੂਈਆਂ ਸਨ ਕਿ ਉਨ੍ਹਾਂ ਨਾਲ ਇਕ ਵਾਦੀ ਭਰੀ ਜਾ ਸਕਦੀ ਸੀ। ਉਸ ਆਦਮੀ ਨੂੰ ਮਰੀਅਮ ਨੇ ਆ ਕੇ ਕਿਹਾ, "ਵੀਰ! ਮੇਰੇ ਮੁੰਡੇ ਦਾ ਝੱਗਾ ਪਾਟ ਗਿਆ ਹੈ, ਮੈਂ ਮੰਦਰ ਵਿਚ ਜਾਣ ਤੋਂ ਪਹਿਲਾਂ ਉਸ ਨੂੰ ਸਿਊਂ ਦੇਣਾ ਚਾਹੁੰਦੀ ਹਾਂ, ਕੀ ਤੁਸੀਂ ਮੈਨੂੰ ਇਕ ਸੂਈ ਦੇਣ ਦੀ ਕ੍ਰਿਪਾ ਕਰੋਗੇ?"

ਉਸ ਆਦਮੀ ਨੇ ਮਰੀਅਮ ਨੂੰ ਸੂਈ ਤਾਂ ਨਾ ਦਿੱਤੀ, ਪਰ ਉਪਕਾਰ ਬਾਰੇ ਇਕ ਵਿਦਵਤਾ-ਭਰਿਆ ਲੈਕਚਰ ਝਾੜਿਆ ਤੇ ਕਿਹਾ, "ਜਦੋਂ ਤੇਰਾ ਮੁੰਡਾ ਪੂਜਾ-ਸਥਾਨ ਨੂੰ ਜਾਣ ਲੱਗੇ, ਉਸ ਨੂੰ ਮੇਰਾ ਇਹ ਗਿਆਨ ਸੁਣਾ ਦੇਣਾ।"

16. ਬਿੱਲੀ

ਇਕ ਬਿੱਲੀ ਪ੍ਰਭਾਤ ਵੇਲੇ ਧੁੱਪ ਸੇਕ ਰਹੀ ਸੀ, ਉਸ ਆਪਣੇ ਲੰਮੇ ਪਰਛਾਵੇਂ ਵੱਲ ਤੱਕ ਕੇ ਖ਼ਿਆਲ ਕੀਤਾ ਕਿ ਮੈਨੂੰ ਅੱਜ ਆਪਣਾ ਛਾਹ ਵੇਲਾ ਕਰਨ ਲਈ ਇਕ ਊਠ ਚਾਹੀਦਾ ਹੈ।

ਕਈ ਘੰਟੇ ਉਹ ਊਠ ਦੀ ਢੂੰਡ ਵਿਚ ਘੁੰਮਦੀ-ਘੁੰਮਾਂਦੀ ਰਹੀ। ਜਦੋਂ ਦੁਪਹਿਰ ਵੇਲੇ ਉਸ ਆਪਣਾ ਪਰਛਾਵਾਂ ਫਿਰ ਤੱਕਿਆ ਤਾਂ ਕਿਹਾ, "ਮੇਰੇ ਲਈ ਤਾਂ ਇਕ ਚੂਹਾ ਹੀ ਕਾਫ਼ੀ ਸੀ।"

17. ਸ਼ੇਰ ਤੇ ਚਿੜੀ

ਮੇਰੇ ਪਿਤਾ ਜੀ ਦੇ ਬਾਗ਼ ਵਿਚ ਦੋ ਪਿੰਜਰੇ ਪਏ ਹਨ। ਇਕ ਵਿਚ ਸ਼ੇਰ ਬੰਦ ਹੈ, ਜਿਸ ਨੂੰ ਮੇਰੇ ਪਿਤਾ ਦੇ ਨੌਕਰ ਜੰਗਲ ਵਿੱਚੋਂ ਫੜ ਕੇ ਲਿਆਏ ਸਨ ਤੇ ਦੂਜੇ ਵਿਚ ਇਕ ਚਿੜੀ ਕੈਦ ਹੈ ਜੋ ਉਂਜ ਖੁੱਲ੍ਹ ਕੇ ਗਾ ਤਾਂ ਨਹੀਂ ਸਕਦੀ, ਪਰ ਇਹ ਚਿੜੀ ਹਰ ਸਵੇਰ ਸ਼ੇਰ ਦੇ ਪਿੰਜਰੇ ਵੱਲ ਮੂੰਹ ਕਰ ਕੇ ਕਹਿੰਦੀ ਹੈ, "ਭਾਈ ਜਾਨ! ਨਮਸਤੇ।"

18. ਇਨਸਾਫ਼

ਇਕ ਰਾਤ ਸ਼ਾਹੀ ਮਹੱਲਾਂ ਵਿਚ ਬੜੀ ਭਾਰੀ ਜ਼ਿਆਫ਼ਤ ਹੋ ਰਹੀ ਸੀ। ਇਸ ਸਮੇਂ ਅਚਾਨਕ ਇਕ ਆਦਮੀ ਆਇਆ ਤੇ ਸ਼ਹਿਜ਼ਾਦੇ ਦੇ ਹਜ਼ੂਰ ਪਹੁੰਚਿਆ। ਸਭ ਮਹਿਮਾਨ ਉਸ ਵੱਲ ਤੱਕਣ ਲੱਗੇ, ਉਨ੍ਹਾਂ ਵੇਖਿਆ ਕਿ ਉਸ ਦੀ ਇਕ ਅੱਖ ਬਾਹਰ ਨਿਕਲ ਆਈ

ਹੈ ਤੇ ਉਸ ਦੇ ਜ਼ਖ਼ਮੀ ਥਾਂ ਤੋਂ ਲਹੂ ਵਗ ਰਿਹਾ ਹੈ। ਸ਼ਹਿਜ਼ਾਦੇ ਨੇ ਪੁੱਛਿਆ, "ਦੱਸ ਭਈ ! ਕੀ ਗੱਲ ਹੈ ?" ਉਸ ਕਿਹਾ, "ਮੈਂ ਇਕ ਪੇਸ਼ਾਵਰ ਚੋਰ ਹਾਂ; ਅੱਜ ਰਾਤ ਜਦੋਂ ਕਿ ਚੰਦ੍ਰਮਾ ਅਜੇ ਚੜ੍ਹਿਆ ਨਹੀਂ ਸੀ, ਮੈਂ ਇਕ ਸ਼ਾਹੂਕਾਰ ਦਾ ਘਰ ਲੁੱਟਣ ਗਿਆ, ਪਰ ਗ਼ਲਤੀ ਨਾਲ ਜੁਲਾਹੇ ਦੇ ਘਰ ਜਾ ਵੜਿਆ। ਜਦੋਂ ਮੈਂ ਬਾਰੀ ਥਾਣੀ ਛਾਲ ਮਾਰੀ, ਮੇਰਾ ਸਿਰ ਜੁਲਾਹੇ ਦੀ ਖੱਡੀ ਵਿਚ ਜਾ ਲੱਗਾ ਤੇ ਮੇਰੀ ਅੱਖ ਫੁਟ ਗਈ। ਮੈਂ ਚਾਹੁੰਦਾ ਹਾਂ ਕਿ ਮੇਰੇ ਤੇ ਜੁਲਾਹੇ ਦੇ ਇਸ ਮਾਮਲੇ ਵਿਚ ਨਿਆਂ ਕੀਤਾ ਜਾਵੇ।"

ਇਹ ਸੁਣ ਕੇ ਸ਼ਹਿਜ਼ਾਦੇ ਨੇ ਜੁਲਾਹੇ ਨੂੰ ਸੱਦਿਆ ਤੇ ਫ਼ੈਸਲਾ ਇਹ ਦਿੱਤਾ ਕਿ ਜੁਲਾਹੇ ਦੀ ਇਕ ਅੱਖ ਕੱਢ ਲਈ ਜਾਵੇ।

ਜੁਲਾਹੇ ਨੇ ਕਿਹਾ, "ਹਜ਼ੂਰ ਤੁਹਾਡਾ ਫ਼ੈਸਲਾ ਠੀਕ ਹੈ, ਪਰ ਮੇਰੇ ਕੰਮ ਵਿਚ ਮੈਨੂੰ ਦੋ ਅੱਖਾਂ ਦੀ ਹੀ ਲੋੜ ਪੈਂਦੀ ਹੈ, ਇਨ੍ਹਾਂ ਬਿਨਾਂ, ਮੈਂ ਬੁਣੇ ਜਾ ਰਹੇ ਕੱਪੜੇ ਦੇ ਦੋਹੀਂ ਪਾਸੀਂ ਨਹੀਂ ਤੱਕ ਸਕਦਾ। ਹਾਂ, ਮੇਰੇ ਗੁਆਂਢ ਇਕ ਚਮਾਰ ਹੈ, ਉਸਦੀਆਂ ਦੋਵੇਂ ਅੱਖਾਂ ਠੀਕ ਹਨ, ਮਗਰ ਉਸ ਦੇ ਕੰਮ-ਕਾਰ ਵਿਚ ਦੋਹਾਂ ਦੀ ਖ਼ਾਸ ਲੋੜ ਨਹੀਂ, ਇਕ ਨਾਲ ਵੀ ਸਰ ਸਕਦਾ ਹੈ।"

ਇਹ ਸੁਣ ਕੇ ਸ਼ਹਿਜ਼ਾਦੇ ਨੇ ਚਮਾਰ ਨੂੰ ਬੁਲਾਇਆ। ਉਹ ਆ ਗਿਆ ਤੇ ਉਸ ਦੀ ਇਕ ਅੱਖ ਕੱਢ ਦਿੱਤੀ ਗਈ, ਤੇ ਇਉਂ ਇਨਸਾਫ਼ ਦਾ ਕੰਮ ਸਿਰੇ ਚੜ੍ਹਾਇਆ ਗਿਆ।

19. ਵੱਡੀਆਂ ਆਸਾਂ

ਤਿੰਨ ਆਦਮੀ ਇਕ ਕਾਰਖ਼ਾਨੇ ਵਿਚ ਮੇਜ਼ ਦੁਆਲੇ ਇਕੱਠੇ ਆ ਬੈਠੇ। ਇਨ੍ਹਾਂ ਵਿਚੋਂ ਇਕ ਜੁਲਾਹਾ, ਦੂਸਰਾ ਤਰਖਾਣ ਤੇ ਤੀਸਰਾ ਮਜ਼ਦੂਰ ਸੀ।

ਜੁਲਾਹੇ ਨੇ ਕਿਹਾ, "ਮੈਂ ਅੱਜ ਇਕ ਬੜਾ ਸੁੰਦਰ ਖੱਫਣ ਵੇਚ ਕੇ ਦੋ ਅਸ਼ਰਫ਼ੀਆਂ ਵੱਟੀਆਂ ਹਨ, ਆਓ, ਰੱਜ ਰੱਜ ਸ਼ਰਾਬ ਪੀਵੀਏ।"

ਤਰਖਾਣ ਨੇ ਕਿਹਾ, "ਮੈਂ ਅੱਜ ਬਹੁਤ ਸੋਹਣਾ ਸੰਦੂਕ ਵੇਚਿਆ ਹੈ, ਇਸ ਲਈ ਨਾਲ ਕਬਾਬ ਵੀ ਖਾਵਾਂਗੇ।"

ਮਜ਼ਦੂਰ ਨੇ ਕਿਹਾ, "ਭਾਵੇਂ ਮੈਂ ਅੱਜ ਸਿਰਫ਼ ਇੱਕੋ ਹੀ ਕਬਰ ਪੁੱਟੀ ਹੈ, ਪਰ ਮੈਨੂੰ ਦੁਗਣੇ ਪੈਸੇ ਮਿਲੇ ਹਨ। ਆਓ, ਆਪਾਂ ਮਿਲ ਕੇ ਰਸਗੁੱਲੇ, ਗੁਲਾਬ ਜਾਮਨ ਵਗ਼ੈਰਾ ਮਿਠਿਆਈਆਂ ਵੀ ਉਡਾਈਏ।"

ਰਾਤ ਨੂੰ ਹੋਟਲ ਵਿਚ ਕਾਫ਼ੀ ਚਿਰ ਤਕ ਰੌਣਕਾਂ ਰਹੀਆਂ ਤੇ ਤਿੰਨੇ ਆਦਮੀ ਸ਼ਰਾਬ ਤੇ ਮਿਠਿਆਈ ਦੇ ਗੁਲਸ਼ੱਰੇ ਉਡਾਉਂਦੇ ਰਹੇ। ਤਿੰਨੇ ਖ਼ੂਬ ਮਸਤ ਸਨ।

ਦੁਕਾਨਦਾਰ ਪ੍ਰਸੰਨ ਹੋ ਹੋ ਕੇ ਆਪਣੀ ਪਤਨੀ ਵਲ ਤੱਕ ਰਿਹਾ ਸੀ, ਕਿਉਂਕਿ ਉਸਦੇ ਮਹਿਮਾਨ ਨਿਝੱਕ ਹੋ ਕੇ ਖ਼ਰਚ ਕਰ ਰਹੇ ਸਨ। ਜਦੋਂ ਉਹ ਹੋਟਲ ਤੋਂ ਬਾਹਰ ਆਏ, ਚੰਦ ਚੜ੍ਹ ਆਇਆ ਸੀ ਤੇ ਉਹ ਸੜਕ 'ਤੇ ਖਿੱਲੀ ਪਾਉਂਦੇ, ਗਾਉਂਦੇ ਤੇ ਉੱਚੀ-ਉੱਚੀ ਗੱਲਾਂ ਕਰਦੇ ਜਾ ਰਹੇ ਸਨ।

ਸ਼ਰਾਬ ਦਾ ਦੁਕਾਨਦਾਰ ਤੇ ਉਸਦੀ ਪਤਨੀ, ਹੋਟਲ ਦੇ ਦਰਵਾਜ਼ੇ 'ਤੇ ਖੜੋ ਕੇ ਤੱਕ ਰਹੇ ਸਨ। ਪਤਨੀ ਨੇ ਕਿਹਾ, "ਇਹ ਲੋਕ ਕਿਤਨੇ ਪ੍ਰਸੰਨ-ਚਿਤ ਤੇ ਆਜ਼ਾਦ ਹਨ। ਅਗਰ ਇਹ ਰੋਜ਼ ਆਉਣ ਤਾਂ ਸਾਡੇ ਪੁੱਤਰ ਨੂੰ ਸ਼ਰਾਬ ਦੀ ਦੁਕਾਨ 'ਤੇ ਸਿਰ ਖਪਾਉਣ ਦੀ ਲੋੜ

ਨਹੀਂ ਰਹੇਗੀ। ਅਸੀਂ ਆਪਣੀ ਆਮਦਨ ਨਾਲ ਇਸ ਨੂੰ ਚੰਗੀ ਵਿੱਦਿਆ ਪੜ੍ਹਾ ਸਕਦੇ ਹਾਂ ਤੇ ਇਹ ਇਕ ਚੰਗਾ ਪਾਦਰੀ ਬਣ ਸਕਦਾ ਹੈ।"

20. ਦੂਸਰੀ ਬੋਲੀ

ਜਨਮ ਤੋਂ ਤਿੰਨ ਦਿਨ ਪਿੱਛੋਂ ਜਦੋਂ ਕਿ ਮੈਂ ਰੇਸ਼ਮੀ ਪੰਘੂੜੇ 'ਤੇ ਲੇਟਿਆ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਬੜੀ ਹੈਰਾਨੀ ਨਾਲ ਤੱਕ ਰਿਹਾ ਸਾਂ, ਮੇਰੀ ਮਾਤਾ ਨੇ ਦਾਈ ਤੋਂ ਪੁੱਛਿਆ, "ਮੇਰਾ ਲਾਲ ਕੈਸਾ ਹੈ ?"

ਦਾਈ ਨੇ ਜਵਾਬ ਦਿੱਤਾ, "ਬੱਚਾ ਬਹੁਤ ਸੁੰਦਰ ਹੈ, ਮੈਂ ਇਸ ਨੂੰ ਤਿੰਨ ਵੇਰ ਦੁੱਧ ਪਿਲਾਇਆ ਹੈ, ਮੈਂ ਇਤਨਾ ਖ਼ੁਸ਼ੀ-ਭਰਪੂਰ ਚਿਹਰਾ ਕਦੀ ਨਹੀਂ ਤੱਕਿਆ।"

ਮੈਂ ਬੇਕਰਾਰ ਹੋ ਕੇ ਰੋਣਾ ਚੀਕਣਾ ਸ਼ੁਰੂ ਕੀਤਾ, "ਮਾਂ! ਇਹ ਠੀਕ ਨਹੀਂ, ਕਿਉਂਕਿ ਮੇਰਾ ਵਿਛੌਣਾ ਬੜਾ ਸਖ਼ਤ ਹੈ ਤੇ ਜੋ ਮੈਂ ਦੁੱਧ ਪੀਂਦਾ ਹਾਂ, ਉਹ ਵੀ ਮੇਰੇ ਮੂੰਹ ਨੂੰ ਕੌੜਾ ਕੌੜਾ ਲੱਗਦਾ ਹੈ ਤੇ ਛਾਤੀ ਦੀ ਬਦਬੂ ਤਾਂ ਮੇਰੇ ਲਈ ਨਰਕ ਹੈ, ਮਾਂ! ਮੈਂ ਬਹੁਤ ਦੁਖੀ ਹਾਂ।"

ਮੇਰੀ ਇਸ ਬੋਲੀ ਨੂੰ ਨਾ ਮੇਰੀ ਮਾਂ ਸਮਝ ਸਕੀ ਤੇ ਨਾ ਮੈਨੂੰ ਦੁੱਧ ਪਿਲਾਉਣ ਵਾਲੀ ਦਾਈ, ਕਿਉਂਕਿ ਮੈਂ ਜਿਸ ਬੋਲੀ ਵਿਚ ਗੱਲ ਕਰ ਰਿਹਾ ਸਾਂ, ਉਹ ਇਸ ਦੁਨੀਆਂ ਦੀ ਨਹੀਂ ਸੀ, ਬਲਕਿ ਉਹ ਉਸ ਦੁਨੀਆਂ ਦੀ ਜ਼ਬਾਨ ਸੀ, ਜਿਥੋਂ ਕਿ ਮੈਂ ਹੁਣੇ ਹੁਣੇ ਆਇਆ ਸਾਂ।

ਇੱਕੀਵੇਂ ਦਿਨ ਸਾਡੇ ਘਰ ਇਕ ਮੁੱਲਾਂ ਆਇਆ। ਉਸ ਮੇਰੀ ਮਾਂ ਨੂੰ ਕਿਹਾ, "ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਹੈ ਕਿ ਤੁਹਾਡਾ ਪੁੱਤਰ ਪੈਦਾਇਸ਼ੀ ਮੋਮਨ ਹੈ।"

ਮੈਨੂੰ ਬੜੀ ਹੈਰਾਨੀ ਹੋਈ ਤੇ ਮੈਂ ਮੁੱਲਾਂ ਨੂੰ ਕਿਹਾ, "ਤੁਹਾਡੀ ਮਾਤਾ ਨੂੰ ਤਾਂ ਅਫ਼ਸੋਸ ਹੀ ਕਰਨਾ ਚਾਹੀਦਾ ਸੀ, ਕਿਉਂਕਿ ਤੁਸੀਂ ਤਾਂ ਪੈਦਾਇਸ਼ੀ ਮੋਮਨ ਨਹੀਂ ਸੀ।" ਪਰ ਮੁੱਲਾਂ ਮੇਰੀ ਬੋਲੀ ਸਮਝ ਨਾ ਸਕਿਆ।

ਸੱਤਾਂ ਮਹੀਨਿਆਂ ਪਿੱਛੋਂ ਮੈਨੂੰ ਇਕ ਜੋਤਸ਼ੀ ਵੇਖਣ ਆਇਆ, ਉਸ ਮੇਰੀ ਮਾਂ ਨੂੰ ਕਿਹਾ, "ਤੁਹਾਡਾ ਸਪੁੱਤਰ ਬੜਾ ਸਿਆਸਤਦਾਨ ਤੇ ਪ੍ਰਭਾਵਸ਼ਾਲੀ ਲੀਡਰ ਬਣੇਗਾ।"

ਮੈਂ ਰੋ ਰੋ ਕੇ ਪੁਕਾਰਿਆ, "ਇਹ ਗ਼ਲਤ ਪੇਸ਼ੀਨਗੋਈ ਹੈ, ਮਾਂ! ਮੈਂ ਇਕ ਰਿਸ਼ੀ-ਮੁਨੀ ਤੋਂ ਸਿਵਾ ਕੁਝ ਵੀ ਨਹੀਂ ਬਣਾਂਗਾ।"

ਪਰ ਇਸ ਉਮਰ ਵਿਚ ਵੀ ਮੇਰੀ ਬੋਲੀ ਕਿਸੇ ਨੂੰ ਸਮਝ ਨਾ ਆਈ, ਇਸ 'ਤੇ ਮੈਨੂੰ ਬੜੀ ਹੈਰਾਨੀ ਹੋਈ।

ਹੁਣ ਮੇਰੀ ਆਯੂ ਤੇਤੀ ਵਰ੍ਹਿਆਂ ਦੀ ਹੈ। ਮੇਰੀ ਮਾਂ, ਦਾਈ ਤੇ ਮੁੱਲਾਂ ਸਭ ਮਰ ਚੁਕੇ ਹਨ। ਰੱਬ ਉਨ੍ਹਾਂ ਨੂੰ ਸੁਰਗਾਂ ਵਿਚ ਵਾਸਾ ਦੇਵੇ, ਪਰ ਉਹ ਜੋਤਸ਼ੀ ਅਜੇ ਜਿਊਂਦਾ ਹੈ ਤੇ ਕੱਲ੍ਹ ਮੈਨੂੰ ਇਬਾਦਤਖ਼ਾਨੇ ਦੇ ਦਰਵਾਜ਼ੇ ਲਾਗੇ ਮਿਲਿਆ ਸੀ। ਜਦੋਂ ਅਸੀਂ ਪਰਸਪਰ ਗੱਲਾਂ ਕਰ ਰਹੇ ਸਾਂ, ਤਾਂ ਉਸ ਆਖਿਆ, "ਮੈਨੂੰ ਪਹਿਲਾਂ ਹੀ ਪਤਾ ਸੀ ਕਿ ਤੁਸੀਂ ਇਕ ਗਵਈਏ ਬਣੋਗੇ, ਤੁਹਾਡੇ ਬਚਪਨ ਸਮੇਂ ਹੀ ਮੈਂ ਇਹ ਜੋਤਸ਼ ਲਾ ਲਿਆ ਸੀ।"

ਮੈਂ ਇਸ ਗੱਲ 'ਤੇ ਭਰੋਸਾ ਕਰ ਲਿਆ, ਕਿਉਂਕਿ ਹੁਣ ਮੈਂ ਆਪ ਵੀ ਆਪਣੀ ਉਹ ਪਹਿਲੀ ਬੋਲੀ ਭੁੱਲ ਚੁਕਿਆ ਸਾਂ।

21. ਅਨਾਰ ਦੀ ਕਲੀ

ਇਕ ਵੇਰ ਦੀ ਗੱਲ ਹੈ, ਜਦੋਂ ਕਿ ਮੈਂ ਅਨਾਰ ਦੀ ਕਲੀ ਵਿਚ ਰਹਿੰਦਾ ਸਾਂ, ਤਾਂ ਮੈਂ ਇਕ ਬੀਜ ਨੂੰ ਇਹ ਕਹਿੰਦਿਆਂ ਸੁਣਿਆ, "ਕਿਸੇ ਦਿਨ ਨੂੰ ਮੈਂ ਪੂਰਾ ਬਿਰਛ ਬਣ ਜਾਵਾਂਗਾ ਤੇ ਪੌਣ ਮੇਰੀ ਟਾਹਣੀਆਂ ਦੀਆਂ ਲਗਰਾਂ ਨੂੰ ਛੂਹ ਕੇ ਗੀਤ ਗਾਏਗੀ। ਸੂਰਜ ਦੀਆਂ ਕਿਰਨਾਂ ਮੇਰੇ ਪੱਤਿਆਂ 'ਤੇ ਕਲੋਲ ਕਰਨਗੀਆਂ, ਇਉਂ ਮੈਂ ਹਰ ਮੌਸਮ ਵਿਚ ਸੁੰਦਰ ਤੇ ਤਕੜਾ ਹੋ ਕੇ ਰਹਾਂਗਾ।"

ਫਿਰ ਦੂਸਰੇ ਬੀਜ ਨੇ ਕਿਹਾ, "ਜਦੋਂ ਮੈਂ ਤੇਰੇ ਵਾਂਙ ਗੱਭਰੂ ਸਾਂ, ਤਾਂ ਮੇਰੇ ਵੀ ਅਜੇਹੇ ਹੀ ਉਛਾਲ ਸਨ। ਪਰ ਹੁਣ ਜਦੋਂ ਕਿ ਮੈਂ ਹਰ ਚੀਜ਼ ਦਾ ਸਹੀ ਅਨੁਮਾਨ ਲਾ ਸਕਦਾ ਹਾਂ, ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀਆਂ ਤਮਾਮ ਖ਼ਿਆਲੀ ਉਡਾਰੀਆਂ ਗ਼ਲਤ ਸਾਬਤ ਹੋਈਆਂ ਹਨ।"

ਤੀਸਰਾ ਬੀਜ ਬੋਲਿਆ, "ਸਾਡੇ ਵਿਚ ਕੋਈ ਵੀ ਐਸੀ ਗੱਲ ਨਹੀਂ, ਜਿਸ ਨਾਲ ਸਾਡਾ ਭਵਿੱਖਤ ਸ਼ਾਨਦਾਰ ਹੋ ਸਕੇ।"

ਚੌਥੇ ਨੇ ਕਿਹਾ, "ਪਰ ਇਕ ਸ਼ਾਨਦਾਰ ਭਵਿੱਖਤ ਬਿਨਾਂ ਸਾਡੀ ਜ਼ਿੰਦਗੀ ਤਾਂ ਇਕ ਬਨਾਵਟੀ ਸੁਆਂਗ ਹੀ ਮਾਲੂਮ ਹੋਵੇਗੀ।"

ਪੰਜਵੇਂ ਨੇ ਕਿਹਾ, "ਜਦੋਂ ਸਾਨੂੰ ਇਹ ਹੀ ਪਤਾ ਨਹੀਂ ਕਿ ਅਸੀਂ ਕੀ ਹਾਂ, ਤਾਂ ਇਸ ਗੱਲ ਦੀ ਬਹਿਸ ਕਰਨ ਦੀ ਕੀ ਲੋੜ ਹੈ ਕਿ ਸਾਡਾ ਭਵਿੱਖਤ ਕੈਸਾ ਬਣੇਗਾ।"

ਛੇਵੇਂ ਨੇ ਉੱਤਰ ਦਿਤਾ, "ਅਸੀਂ ਜੋ ਕੁਝ ਵੀ ਹਾਂ, ਉਹੋ ਕੁਝ ਸਦਾ ਰਹਾਂਗੇ।"

ਸਤਵੇਂ ਨੇ ਕਿਹਾ, "ਮੈਨੂੰ ਆਉਣ ਵਾਲੀਆਂ ਗੱਲਾਂ ਦਾ ਪੂਰਾ ਪੂਰਾ ਗਿਆਨ ਹੈ, ਪਰੰਤੂ ਮੈਂ ਉਸਨੂੰ ਸ਼ਬਦਾਂ ਰਾਹੀਂ ਦੱਸਣ ਤੋਂ ਅਸਮਰਥ ਹਾਂ।"

ਇਸ ਪਿਛੋਂ ਅੱਠਵੇਂ, ਨੌਵੇਂ ਤੇ ਦਸਵੇਂ ਨੇ ਵੀ ਆਪਣੇ ਆਪਣੇ ਵਖਿਆਨ ਝਾੜੇ। ਮੈਨੂੰ ਇਨ੍ਹਾਂ ਬੇਅੰਦਾਜ਼ ਆਵਾਜ਼ਾਂ ਵਿੱਚੋਂ ਕਿਸੇ ਦੀ ਸਮਝ ਨਾ ਆਈ।

ਇਸੇ ਲਈ ਮੈਂ ਉਸੇ ਦਿਨ ਸ਼ਗੂਫੇ (ਕਲੀ) ਦੇ ਦਿਲ ਵਿਚ ਆਪਣੀ ਥਾਂ ਬਣਾ ਲਈ, ਜਿਸ ਵਿਚ ਬੀ ਥੋੜ੍ਹੇ ਹੁੰਦੇ ਹਨ ਤੇ ਜ਼ਿਆਦਾ ਰੌਲਾ-ਗੌਲਾ ਵੀ ਨਹੀਂ ਹੁੰਦਾ।

22. ਤਿੰਨ ਕੀੜੀਆਂ

ਇਕ ਆਦਮੀ ਧੁੱਪੇ ਸੁੱਤਾ ਪਿਆ ਸੀ, ਤਿੰਨ ਕੀੜੀਆਂ ਉਸ ਦੇ ਨੱਕ 'ਤੇ ਆ ਚੜ੍ਹੀਆਂ ਤੇ ਆਪਣੀ ਆਪਣੀ ਰਸਮ-ਰੀਤੀ ਅਨੁਸਾਰ 'ਸਲਾਮ, ਨਮਸਤੇ' ਕਰ ਕੇ ਆਪਸ ਵਿਚ ਗੱਲਾਂ ਕਰਨ ਲੱਗੀਆਂ।

ਪਹਿਲੀ ਕੀੜੀ ਨੇ ਕਿਹਾ, "ਮੈਂ ਇਨ੍ਹਾਂ ਪਹਾੜੀਆਂ ਤੇ ਵਾਦੀਆਂ ਨਾਲੋਂ ਹੋਰ ਕੋਈ ਜ਼ਿਆਦਾ ਬੰਜਰ ਥਾਂ ਨਹੀਂ ਤੱਕੀ। ਮੈਂ ਸਾਰਾ ਦਿਨ ਇਥੇ ਦਾਣੇ ਲੱਭਦੀ ਰਹੀ ਹਾਂ, ਪਰ ਮੈਨੂੰ ਇਕ ਵੀ ਦਾਣਾ ਨਹੀਂ ਮਿਲਿਆ।"

ਦੂਸਰੀ ਕੀੜੀ ਨੇ ਕਿਹਾ, "ਮੈਨੂੰ ਵੀ ਕੁਝ ਨਹੀਂ ਮਿਲਿਆ, ਮੈਂ ਸਾਰੇ ਖੂੰਜੇ ਫੋਲ ਮਾਰੇ ਹਨ। ਇਹ ਉਹੋ ਥਾਂ ਹੈ, ਜਿਸ ਬਾਰੇ ਖ਼ਿਆਲ ਕਰਦੇ ਸੀ ਕਿ ਉਥੇ ਤਾਂ ਕੁਝ ਵੀ ਪੈਦਾ ਨਹੀਂ ਹੁੰਦਾ।"

ਫਿਰ ਤੀਸਰੀ ਕੀੜੀ ਨੇ ਸਿਰ ਚੁੱਕ ਕੇ ਕਹਿਣਾ ਸ਼ੁਰੂ ਕੀਤਾ, "ਮੇਰੀਓ ਸਹੇਲੀਓ! ਅਸੀਂ ਇਸ ਸਮੇਂ ਸਾਰੀਆਂ ਇਕ ਵੱਡੇ ਕੀੜੇ ਦੇ ਨੱਕ 'ਤੇ ਬੈਠੀਆਂ ਹਾਂ। ਇਸ ਦਾ ਸਰੀਰ ਇਤਨਾ ਵੱਡਾ ਹੈ, ਜਿਸ ਨੂੰ ਅਸੀਂ ਵੇਖ ਨਹੀਂ ਸਕਦੀਆਂ। ਇਸ ਦਾ ਪ੍ਰਛਾਵਾਂ ਇਤਨਾ ਲੰਮਾ ਚੌੜਾ ਹੈ, ਜੋ ਸਾਡੇ ਅਨੁਮਾਨ ਵਿਚ ਨਹੀਂ ਆ ਸਕਦਾ। ਇਸ ਦੀ ਆਵਾਜ਼ ਇਤਨੀ ਉੱਚੀ ਹੈ ਕਿ ਸਾਡੇ ਕੰਨ ਇਸ ਨੂੰ ਝੱਲ ਨਹੀਂ ਸਕਦੇ ਤੇ ਉਹ ਹਰ ਥਾਂ ਹੈ।"

ਜਦੋਂ ਤੀਜੀ ਕੀੜੀ ਨੇ ਇਹ ਗੱਲ ਆਖੀ ਤਾਂ ਦੂਜੀਆਂ ਹੱਸ ਪਈਆਂ। ਉਸੇ ਵੇਲੇ ਸੁੱਤੇ ਆਦਮੀ ਨੇ ਪਾਸਾ ਲੈਂਦਿਆਂ ਆਪਣੇ ਨੱਕ ਵਿਚ ਖਾਜ ਕੀਤੀ, ਜਿਸ ਨਾਲ ਉਹ ਵਿਚਾਰੀਆਂ ਤਿੰਨੇ ਕੀੜੀਆਂ ਦਲੀਆਂ-ਮਲੀਆਂ ਗਈਆਂ।

23. ਨੇਕੀ ਤੇ ਬਦੀ ਦੇ ਫ਼ਰਿਸ਼ਤੇ

ਇਕ ਵੇਰ ਨੇਕੀ ਤੇ ਬਦੀ ਦੇ ਫ਼ਰਿਸ਼ਤੇ ਇਕ ਪਹਾੜ ਦੀ ਚੋਟੀ ਉਤੇ ਮਿਲੇ। ਨੇਕੀ ਦੇ ਫ਼ਰਿਸ਼ਤੇ ਨੇ ਕੁਝ ਦੁਆ ਸਲਾਮ ਕੀਤੀ, ਪਰ ਬਦੀ ਦਾ ਫ਼ਰਿਸ਼ਤਾ ਚੁਪ-ਚਾਪ ਖਲੋਤਾ ਰਿਹਾ।

ਨੇਕੀ ਦੇ ਫ਼ਰਿਸ਼ਤੇ ਨੇ ਕਿਹਾ, "ਅੱਜ ਤੁਹਾਡਾ ਹਾਲ-ਚਾਲ ਕੁਛ ਅੱਛਾ ਮਾਲੂਮ ਨਹੀਂ ਹੁੰਦਾ।"

ਬਦੀ ਦੇ ਫ਼ਰਿਸ਼ਤੇ ਨੇ ਜਵਾਬ ਦਿੱਤਾ, "ਕੁਛ ਮੁੱਦਤ ਤੋਂ ਲੋਕ ਮੈਨੂੰ ਤੁਹਾਡੀ ਥਾਂ ਸਮਝ ਲੈਂਦੇ ਹਨ ਤੇ ਤੁਹਾਡਾ ਹੀ ਨਾਮ ਲੈ ਕੇ ਸੱਦਦੇ ਹਨ ਤੇ ਤੁਹਾਡੇ ਵਰਗਾ ਹੀ ਸਲੂਕ ਕਰਦੇ ਹਨ, ਇਹ ਗੱਲ ਮੈਨੂੰ ਕੁਝ ਅੱਛੀ ਨਹੀਂ ਲਗਦੀ।"

ਨੇਕੀ ਦੇ ਫ਼ਰਿਸ਼ਤੇ ਨੇ ਕਿਹਾ, "ਲੇਕਿਨ ਮੈਨੂੰ ਵੀ ਤੁਹਾਡੀ ਥਾਂ ਸਮਝਿਆ ਜਾਂਦਾ ਹੈ ਤੇ ਤੁਹਾਡੇ ਨਾਮ ਨਾਲ ਹੀ ਬੁਲਾਇਆ ਜਾਂਦਾ ਹੈ।" ਇਹ ਸੁਣ ਕੇ ਬਦੀ ਦਾ ਫ਼ਰਿਸ਼ਤਾ ਇਨਸਾਨ ਦੀ ਹਮਾਕਤ 'ਤੇ ਘਿਰਣਾ ਕਰਦਾ ਹੋਇਆ ਚਲਿਆ ਗਿਆ।

24. ਦੋ ਸਾਧੂ

ਇਕ ਪਰਬਤ 'ਤੇ ਦੋ ਸਾਧੂ ਰਹਿੰਦੇ ਸਨ। ਉਨ੍ਹਾਂ ਦਾ ਕੰਮ ਰੱਬ ਦੀ ਬੰਦਗੀ ਤੇ ਆਪਸ ਵਿਚ ਪਿਆਰ ਨਾਲ ਰਹਿਣ ਤੋਂ ਸਿਵਾ ਹੋਰ ਕੁਝ ਨਹੀਂ ਸੀ। ਉਨ੍ਹਾਂ ਪਾਸ ਇਕ ਮਿੱਟੀ ਦਾ ਪਿਆਲਾ ਸੀ, ਇਹੋ ਉਨ੍ਹਾਂ ਦਾ ਸਭ ਕੁਝ ਸੀ।

ਇਕ ਦਿਨ ਵੱਡੇ ਸਾਧੂ ਦੇ ਦਿਲ ਵਿਚ ਬਦੀ ਦੀ ਰੂਹ ਆ ਦਾਖ਼ਲ ਹੋਈ। ਉਸ ਛੋਟੇ ਸਾਧੂ ਪਾਸ ਆ ਕੇ ਕਿਹਾ, "ਸਾਨੂੰ ਦੋਹਾਂ ਨੂੰ ਇਕੱਠਿਆਂ ਰਹਿੰਦਿਆਂ ਕਾਫ਼ੀ ਸਮਾਂ ਲੰਘ ਗਿਆ ਹੈ, ਹੁਣ ਅੱਡਰੇ ਹੋਣ ਦਾ ਸਮਾਂ ਆ ਗਿਆ ਹੈ ਤੇ ਸਾਨੂੰ ਹੁਣ ਆਪਣੀ ਜਾਇਦਾਦ ਵੰਡ ਲੈਣੀ ਚਾਹੀਦੀ ਹੈ।"

ਛੋਟੇ ਸਾਧੂ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ, "ਭਾਈ! ਤੇਰੇ ਵਿਛੋੜੇ ਦਾ ਖ਼ਿਆਲ ਤਾਂ ਮੇਰੇ ਦਿਲ ਵਿਚ ਸੱਲ ਪਾ ਰਿਹਾ ਹੈ। ਅਗਰ ਤੂੰ ਜਾਣਾ ਹੀ ਚਾਹੁੰਦਾ ਹੈਂ ਤਾਂ ਖ਼ੈਰ ਤੇਰੀ ਮਰਜ਼ੀ।" ਇਹ ਕਹਿੰਦਿਆਂ ਹੋਇਆਂ ਉਸ ਉਹ ਪਿਆਲਾ ਵੱਡੇ ਸਾਧੂ ਦੇ ਸਾਹਮਣੇ ਲਿਆ

ਕੇ ਰੱਖ ਦਿੱਤਾ ਤੇ ਕਿਹਾ, "ਅਸੀਂ ਇਸ ਨੂੰ ਵੰਡ ਨਹੀਂ ਸਕਦੇ, ਇਸ ਲਈ ਇਹ ਪਿਆਲਾ ਤੂੰ ਹੀ ਰੱਖ ਲੈ।"

ਵੱਡੇ ਸਾਧੂ ਨੇ ਉੱਤਰ ਦਿੱਤਾ, "ਮੈਂ ਖ਼ੈਰਾਤ ਨਹੀਂ ਚਾਹੁੰਦਾ, ਮੈਂ ਤਾਂ ਸਿਰਫ਼ ਆਪਣਾ ਹਿੱਸਾ ਲੈਣਾ ਹੈ, ਇਸ ਲਈ ਸਾਨੂੰ ਇਹ ਪਿਆਲਾ ਟੋਟੇ ਕਰ ਕੇ ਵੰਡ ਲੈਣਾ ਚਾਹੀਦਾ ਹੈ।"

ਛੋਟੇ ਸਾਧੂ ਨੇ ਕਿਹਾ, "ਅਗਰ ਇਹ ਪਿਆਲਾ ਤੋੜ ਹੀ ਲਿਆ ਗਿਆ ਤਾਂ ਸਾਡੇ ਕਿਸੇ ਦੇ ਵੀ ਕੰਮ ਦਾ ਨਾ ਰਹੇਗਾ, ਜੇਕਰ ਤੁਸੀਂ ਪਸੰਦ ਕਰੋ, ਆਓ ਆਪਾਂ ਗੁਣਾ ਪਾ ਲਈਏ।"

ਪਰੰਤੂ ਵੱਡੇ ਸਾਧੂ ਨੇ ਫਿਰ ਕਿਹਾ, "ਮੈਂ ਕੇਵਲ ਉਹੋ ਚੀਜ਼ ਲਵਾਂਗਾ, ਜਿਸ ਨੂੰ ਇਨਸਾਫ਼ ਮੇਰਾ ਹੱਕ ਕਰਾਰ ਦੇਵੇ। ਮੈਨੂੰ ਇਹ ਕਦੀ ਵੀ ਪਸੰਦ ਨਹੀਂ ਕਿ ਇਨਸਾਫ਼ ਨੂੰ ਕਿਸਮਤ ਉਤੇ ਛੱਡ ਦਿੱਤਾ ਜਾਵੇ, ਸਾਨੂੰ ਇਹ ਪਿਆਲਾ ਜ਼ਰੂਰ ਵੰਡਣਾ ਹੀ ਪਵੇਗਾ।"

ਇਸ 'ਤੇ ਛੋਟੇ ਸਾਧੂ ਨੇ ਫਿਰ ਕੁਝ ਹੋਰ ਕਹਿਣਾ ਯੋਗ ਨਾ ਸਮਝਿਆ ਤੇ ਕਿਹਾ, "ਅਗਰ ਤੁਹਾਡੀ ਇਹੋ ਮਰਜ਼ੀ ਹੈ, ਲਿਆਓ ਭੰਨ ਲੈਂਦੇ ਹਾਂ।"

ਇਹ ਸੁਣ ਕੇ ਵੱਡੇ ਸਾਧੂ ਦਾ ਚਿਹਰਾ ਗ਼ੁੱਸੇ ਨਾਲ ਲਾਲ ਪੀਲਾ ਹੋ ਗਿਆ ਤੇ ਗਰਜ ਕੇ ਬੋਲਿਆ, "ਓ ਕਮਜ਼ੋਰ ਸਾਧੁੜੇ ! ਕੀ ਤੂੰ ਇਸ ਪਿਆਲੇ ਬਦਲੇ ਮੇਰੇ ਨਾਲ ਲੜਾਈ ਵੀ ਨਹੀਂ ਕਰੇਗਾ ?"

25. ਵੱਡਾ ਸਮੁੰਦਰ

ਮੈਂ ਤੇ ਮੇਰੀ ਆਤਮਾ ਸਮੁੰਦਰ 'ਤੇ ਨ੍ਹਾਉਣ ਲਈ ਗਏ ਤੇ ਅਸੀਂ ਇਕਾਂਤ ਥਾਂ ਜਾ ਭਾਲੀ। ਉਥੇ ਅਸੀਂ ਇਕ ਆਦਮੀ ਵੇਖਿਆ ਜੋ ਕਿ ਚੱਟਾਨ 'ਤੇ ਬੈਠਾ ਆਪਣੇ ਥੈਲੇ ਵਿਚੋਂ ਲੂਣ ਦੀਆਂ ਚੁਟਕੀਆਂ ਸਮੁੰਦਰ ਵਿਚ ਸੁਟ ਰਿਹਾ ਸੀ। ਮੇਰੀ ਆਤਮਾ ਨੇ ਕਿਹਾ, "ਇਹ ਆਦਮੀ ਕੋਈ ਨਿਰਾਸ਼ਾਵਾਦੀ ਤੇ ਖ਼ਬਤੀ ਹੈ। ਚਲੋ, ਕਿਸੇ ਹੋਰ ਥਾਂ ਚਲੀਏ।"

ਅਸੀਂ ਤੁਰਦੇ ਤੁਰਦੇ ਇਕ ਟਾਪੂ ਪਾਸ ਪਹੁੰਚ ਗਏ, ਉਥੇ ਅਸਾਂ ਇਕ ਹੋਰ ਆਦਮੀ ਨੂੰ ਦੁੱਧ-ਚਿੱਟੀ ਚੱਟਾਨ 'ਤੇ ਖਲੋਤਿਆਂ ਤੱਕਿਆ। ਇਸ ਦੇ ਹੱਥ ਵਿਚ ਇਕ ਸੁਨਹਿਰੀ ਡੱਬਾ ਸੀ, ਜਿਸ ਵਿਚੋਂ ਉਹ ਖੰਡ ਦੀਆਂ ਚੁਟਕੀਆਂ ਭਰ ਭਰ ਸਮੁੰਦਰ ਵਿਚ ਸੁੱਟ ਰਿਹਾ ਸੀ। ਮੇਰੀ ਆਤਮਾ ਨੇ ਕਿਹਾ, "ਇਹ ਵੀ ਕੋਈ ਜਗਿਆਸੂ ਹੈ, ਪਰ ਮੌਜੀ ਆਦਮੀ ਹੈ, ਇਸ ਲਈ ਇਹ ਕਿਤੇ ਸਾਡੇ ਨੰਗੇ ਸਰੀਰ ਨੂੰ ਦੇਖ ਨਾ ਲਵੇ, ਚਲੋ ਇਥੋਂ ਚਲੀਏ।"

ਅਸੀਂ ਹੋਰ ਅੱਗੇ ਚਲੇ ਗਏ ਤੇ ਇਕ ਆਦਮੀ ਕੰਢੇ 'ਤੇ ਖਲੋਤਾ ਮਰੀਆਂ ਹੋਈਆਂ ਮੱਛੀਆਂ ਨੂੰ ਬੜੀ ਰਹਿਮ-ਦਿਲੀ ਨਾਲ ਪਾਣੀ ਵਿਚ ਸੁੱਟ ਰਿਹਾ ਸੀ।

ਮੇਰੀ ਆਤਮਾ ਨੇ ਕਿਹਾ, "ਅਸੀਂ ਇਸ ਦੇ ਸਾਹਮਣੇ ਵੀ ਨਹੀਂ ਨ੍ਹਾ ਸਕਦੇ, ਕਿਉਂਕਿ ਇਹ ਕੋਈ ਬਹੁਤ ਹੀ ਸ਼ਰੀਫ਼ ਤੇ ਸਾਊ ਪੁਰਸ਼ ਹੈ।"

ਇਸ ਤੋਂ ਅੱਗੇ ਅਸੀਂ ਫਿਰ ਉਸ ਥਾਂ ਪਹੁੰਚੇ, ਜਿਥੇ ਇਕ ਹੋਰ ਆਦਮੀ ਬਰੇਤੀ 'ਤੇ ਆਪਣੇ ਪ੍ਰਛਾਵੇਂ ਦਾ ਚਿਤ੍ਰ ਤਿਆਰ ਕਰ ਰਿਹਾ ਸੀ। ਸਾਗਰ ਦੀਆਂ ਬੇਅੰਤ ਲਹਿਰਾਂ ਆਉਂਦੀਆਂ ਤੇ ਉਸ ਨੂੰ ਮਿਟਾ ਜਾਂਦੀਆਂ, ਪਰੰਤੂ ਉਹ ਉਸੇ ਤਰ੍ਹਾਂ ਚਿਤ੍ਰ ਬਣਾਉਣ ਵਿਚ ਮਗਨ ਰਿਹਾ। ਮੇਰੀ ਆਤਮਾ ਨੇ ਕਿਹਾ, "ਇਹ ਆਦਮੀ ਸੂਫ਼ੀ ਫ਼ਕੀਰ ਹੈ, ਆਓ ਇਸ ਨੂੰ ਵੀ ਛੱਡ ਲੰਘੀਏ।"

ਅੱਗੇ ਫਿਰ ਅਸਾਂ ਇਕ ਆਦਮੀ ਤੱਕਿਆ, ਜੋ ਝੱਗ ਇਕੱਠੀ ਕਰ ਕਰ ਕੇ ਇਕ ਕਾਲੇ ਪਿਆਲੇ ਵਿਚ ਪਾ ਰਿਹਾ ਸੀ।

ਮੇਰੀ ਰੂਹ ਨੇ ਕਿਹਾ, "ਇਹ ਕੋਈ ਅਸਲੀਅਤ ਦਾ ਪੁਜਾਰੀ ਹੈ, ਇਸ ਨੂੰ ਵੀ ਸਾਡੇ ਮੌਜ-ਮੇਲੇ ਦਾ ਨਜ਼ਾਰਾ ਨਜ਼ਰ ਨਹੀਂ ਆਉਣਾ ਚਾਹੀਦਾ।"

ਅਸੀਂ ਹੋਰ ਅੱਗੇ ਵਧੇ ਤੇ ਅਚਾਨਕ ਇਕ ਆਵਾਜ਼ ਕੰਨੀਂ ਪਈ, "ਇਹ ਸਮੁੰਦਰ ਹੈ! ਅਥਾਹ ਸਮੁੰਦਰ ਤੇ ਆਨਾਂ ਸ਼ਾਨਾਂ ਨਾਲ ਭਰਪੂਰ ਸਾਗਰ!!" ਜਦੋਂ ਅਸੀਂ ਇਸ ਆਵਾਜ਼ ਦੇ ਪਾਸ ਪੁੱਜਣ ਦਾ ਯਤਨ ਕੀਤਾ ਤਾਂ ਅਸਾਂ ਵੇਖਿਆ ਕਿ ਇਕ ਆਦਮੀ ਸਮੁੰਦਰ ਵੱਲ ਪਿੱਠ ਕਰੀ ਖਲੋਤਾ ਹੈ ਤੇ ਇਕ ਸਿੱਪੀ ਕੰਨ ਨੂੰ ਲਾ ਕੇ ਉਸ ਦੀ ਆਵਾਜ਼ ਸੁਣ ਰਿਹਾ ਹੈ।

ਮੇਰੀ ਆਤਮਾ ਨੇ ਕਿਹਾ, "ਚਲੋ, ਇਥੋਂ ਵੀ ਨਿਕਲ ਚਲੀਏ, ਇਹ ਕੋਈ ਬਾਹਰਲੇ ਵੇਸ ਦਾ ਪੁਜਾਰੀ ਹੈ, ਜੋ ਚੀਜ਼ ਦੀ ਅਸਲੀਅਤ ਨੂੰ ਪੂਰੀ ਤਰ੍ਹਾਂ ਨਹੀਂ ਸਮਝਦਾ ਤੇ ਆਪਣਾ ਧਿਆਨ ਉਸ ਦੇ ਮਾਮੂਲੀ ਭਾਗ 'ਤੇ ਹੀ ਟਿਕਾ ਬਹਿੰਦਾ ਹੈ।"

ਇਉਂ ਅਸੀਂ ਅੱਗੇ ਵਧਦੇ ਗਏ ਤੇ ਅੱਗੇ ਇਕ ਆਦਮੀ ਤੱਕਿਆ ਜੋ ਰੇਤੇ ਵਿਚ ਸਿਰ ਦੱਬੀ ਪਿਆ ਸੀ। ਮੈਂ ਆਪਣੀ ਆਤਮਾ ਨੂੰ ਕਿਹਾ, "ਅਸੀਂ ਇਥੇ ਵੀ ਨਹੀਂ ਨ੍ਹਾ ਸਕਦੇ, ਕਿਉਂਕਿ ਇਹ ਆਦਮੀ ਸਾਨੂੰ ਵੇਖ ਨਹੀਂ ਸਕਦਾ।" ਮੇਰੀ ਰੂਹ ਨੇ ਜਵਾਬ ਦਿਤਾ, "ਨਹੀਂ ਇਹ ਤਾਂ ਸਭ ਤੋਂ ਵਧੇਰੇ ਖ਼ਤਰਨਾਕ ਹੈ, ਕਿਉਂਕਿ ਇਹ ਤਾਂ ਕੋਈ ਸ਼ਰ੍ਹਈ, ਕਰਮ-ਕਾਂਡੀ ਲਗਦਾ ਹੈ।"

ਮੇਰੀ ਆਤਮਾ ਦੇ ਚਿਹਰੇ 'ਤੇ ਬਹੁਤ ਉਦਾਸੀ ਛਾ ਗਈ ਤੇ ਉਸ ਅਫ਼ਸੋਸੀ ਹੋਈ ਆਵਾਜ਼ ਨਾਲ ਕਿਹਾ, "ਆਓ, ਇਥੋਂ ਚਲੇ ਹੀ ਚਲੀਏ, ਕਿਉਂਕਿ ਇਥੇ ਕੋਈ ਗੁਪਤ ਤੇ ਇਕਾਂਤ ਟਿਕਾਣਾ ਨਹੀਂ ਹੈ, ਜਿਥੇ ਅਸੀਂ ਨ੍ਹਾ ਸਕੀਏ, ਮੈਂ ਨਹੀਂ ਚਾਹੁੰਦੀ ਕਿ ਪੌਣ ਮੇਰੀਆਂ ਸੁਨਹਿਰੀ ਜ਼ੁਲਫ਼ਾਂ ਨਾਲ ਅਠਖੇਲੀਆਂ ਕਰੇ ਜਾਂ ਮੈਂ ਉਸ ਹਵਾ ਸਾਹਮਣੇ ਆਪਣੀ ਛਾਤੀ ਨੰਗੀ ਕਰਾਂ, ਤੇ ਨਾ ਹੀ ਮੈਂ ਚਾਨਣ ਨੂੰ ਆਗਿਆ ਦਿਆਂਗੀ ਕਿ ਉਹ ਮੇਰੀ ਪਵਿਤ੍ਰ ਸੁੰਦਰਤਾ ਨੂੰ ਦੁਨੀਆਂ ਸਾਹਮਣੇ ਜ਼ਾਹਰ ਕਰੇ।"

ਫਿਰ ਅਸੀਂ ਉਸ ਸਮੁੰਦਰ ਨੂੰ ਛੱਡ ਕੇ ਇਕ ਵੱਡੇ ਸਮੁੰਦਰ ਦੀ ਢੂੰਡ ਵਿਚ ਅੱਗੇ ਅੱਗੇ ਨਿਕਲਦੇ ਗਏ।

26. ਫਾਂਸੀ ਚੜ੍ਹਨ ਵਾਲੇ

ਮੈਂ ਉੱਚੀ ਆਵਾਜ਼ ਨਾਲ ਲੋਕਾਂ ਨੂੰ ਪੁਕਾਰ ਕੇ ਕਿਹਾ, "ਮੈਂ ਤਾਂ ਸੂਲੀ 'ਤੇ ਜ਼ਰੂਰ ਚੜ੍ਹਾਂਗਾ।"

ਉਨ੍ਹਾਂ ਕਿਹਾ, "ਅਸੀਂ ਤੇਰਾ ਖ਼ੂਨ ਆਪਣੇ ਜ਼ਿੰਮੇ ਕਿਉਂ ਲਈਏ?" ਮੈਂ ਜਵਾਬ ਦਿੱਤਾ, "ਤੁਸੀਂ ਪਾਗਲਾਂ ਨੂੰ ਫਾਂਸੀ ਦਿੱਤੇ ਬਿਨਾਂ ਤਰੱਕੀ ਕਰ ਹੀ ਕਿਵੇਂ ਸਕਦੇ ਹੋ?"

ਉਨ੍ਹਾਂ ਮੇਰੀ ਗੱਲ ਮੰਨ ਕੇ ਮੈਨੂੰ ਸੂਲੀ 'ਤੇ ਚਾੜ੍ਹ ਦਿੱਤਾ ਤੇ ਮੈਨੂੰ ਸੂਲੀ ਨਾਲ ਬੜੀ ਤਸੱਲੀ ਮਿਲੀ। ਜਦੋਂ ਮੈਂ ਸੂਲੀ 'ਤੇ ਲਟਕ ਰਿਹਾ ਸਾਂ ਤਾਂ ਉਨ੍ਹਾਂ ਮੈਨੂੰ ਵੇਖਣ ਲਈ ਸਿਰ ਉਤਾਂਹ ਚੁੱਕੇ, ਇਸ ਤਰ੍ਹਾਂ ਉਨ੍ਹਾਂ ਦੇ ਸਿਰ ਉੱਚੇ ਹੋ ਗਏ; ਇਸ ਤੋਂ ਪਹਿਲਾਂ ਉਨ੍ਹਾਂ ਕਦੀ ਸਿਰ ਉਤਾਂਹ ਨਹੀਂ ਉਭਾਰੇ ਸਨ। ਪਰ ਜਦੋਂ ਉਹ ਮੇਰੇ ਵੱਲ ਸਿਰ ਚੁੱਕ ਕੇ ਵੇਖ ਰਹੇ ਸਨ

ਤਾਂ ਇਕ ਨੇ ਪੁੱਛਿਆ, "ਤੁਸੀਂ ਕਿਸ ਚੀਜ਼ ਦਾ ਪ੍ਰਾਸ਼ਚਿਤ ਕਰ ਰਹੇ ਹੋ?"

ਦੂਸਰਾ ਬੋਲਿਆ, "ਤੁਸੀਂ ਕਿਸ ਮਨੋਰਥ ਲਈ ਆਪਣੀ ਕੁਰਬਾਨੀ ਦਿਤੀ?"

ਤੀਸਰੇ ਨੇ ਸਵਾਲ ਕੀਤਾ, "ਕੀ ਤੂੰ ਇਹ ਖ਼ਿਆਲ ਕਰਦਾ ਹੈਂ ਕਿ ਇਸ ਨਾਲ ਤੂੰ ਅਮਰ ਜੀਵਨ ਹਾਸਲ ਕਰ ਲਵੇਂਗਾ?"

ਚੌਥੇ ਨੇ ਕਿਹਾ, "ਵੇਖੋ, ਇਹ ਕਿਵੇਂ ਮੁਸਕਰਾ ਰਿਹਾ ਹੈ; ਕੋਈ ਆਦਮੀ ਇਸ ਤਰ੍ਹਾਂ ਸਖ਼ਤੀ ਬਰਦਾਸ਼ਤ ਕਰ ਕੇ ਤੇ ਫਿਰ ਮਾਫ਼ ਵੀ ਕਰ ਸਕਦਾ ਹੈ?"

ਮੈਂ ਇਨ੍ਹਾਂ ਸਾਰਿਆਂ ਨੂੰ ਜਵਾਬ ਦੇਂਦਿਆਂ ਕਿਹਾ, "ਤੁਹਾਨੂੰ ਕੇਵਲ ਇਤਨਾ ਹੀ ਯਾਦ ਰੱਖਣ ਦੀ ਲੋੜ ਹੈ ਕਿ ਮੈਂ ਮੁਸਕਰਾ ਰਿਹਾ ਸੀ। ਮੈਂ ਨਾ ਹੀ ਪ੍ਰਾਸ਼ਚਿਤ ਕੀਤਾ ਤੇ ਨਾ ਕੋਈ ਕੁਰਬਾਨੀ ਕੀਤੀ ਹੈ ਤੇ ਨਾ ਕੋਈ ਸ਼ੁਹਰਤ ਚਾਹੁੰਦਾ ਹਾਂ ਅਤੇ ਨਾ ਤੁਸਾਂ ਅਜੇਹਾ ਕੋਈ ਕਸੂਰ ਹੀ ਕੀਤਾ ਹੈ ਜੋ ਮੈਂ ਮਾਫ਼ ਕਰਾਂ। ਮੈਂ ਤਿਹਾਇਆ ਸਾਂ, ਮੈਂ ਤੁਹਾਨੂੰ ਬੇਨਤੀ ਕੀਤੀ ਕਿ ਤੁਸੀਂ ਮੇਰਾ ਲਹੂ ਮੈਨੂੰ ਪਿਲਾ ਦਿਉ, ਕਿਉਂਕਿ ਇਕ ਪਾਗਲ ਦੀ ਤ੍ਰਿਖਾ ਉਸ ਦੇ ਆਪਣੇ ਲਹੂ ਬਿਨਾਂ ਕਿਵੇਂ ਵੀ ਬੁਝ ਨਹੀਂ ਸਕਦੀ।

"ਮੈਂ ਗੁੰਗਾ ਸਾਂ ਤੇ ਜ਼ਖ਼ਮ ਦਾ ਮੂੰਹ ਕਰਨ ਲਈ ਇਕ ਨਸ਼ਤਰੀ ਚੋਟ ਚਾਹੁੰਦਾ ਸਾਂ। ਮੈਂ ਤੁਹਾਡੀਆਂ ਅਦਾਵਾਂ ਵਿਚ ਹੀ ਮਗਨ ਸਾਂ; ਮੈਂ ਚੰਗੇ ਦਿਨਾਂ ਤੇ ਰਾਤਾਂ ਲਈ ਦਰ ਦਰ ਦੀ ਢੂੰਡ ਕੀਤੀ।

"ਹੁਣ ਮੈਂ ਜਾਂਦਾ ਹਾਂ, ਜਿਵੇਂ ਹੋਰ ਸੂਲੀ ਚੜ੍ਹਨ ਵਾਲੇ ਚਲੇ ਗਏ ਹਨ।

"ਇਸ ਤੋਂ ਇਹ ਨਾ ਸਮਝਣਾ ਕਿ ਅਸੀਂ ਸੂਲੀ ਚੜ੍ਹਨ ਤੋਂ ਅੱਕ ਗਏ ਹਾਂ। ਬਲਕਿ ਇਸ ਨਾਲੋਂ ਅਸੀਂ ਵੱਡੀਆਂ ਧਰਤੀਆਂ ਤੇ ਵੱਡੇ ਅਸਮਾਨਾਂ ਵਿਚ ਬੜੇ ਬੜੇ ਭਾਰੇ ਲੋਕ-ਇਕੱਠਾਂ ਦੇ ਦਰਮਿਆਨ ਕਈਆਂ ਦੇ ਹੱਥੋਂ ਬਾਰ ਬਾਰ ਸੂਲੀ ਚੜ੍ਹਾਏ ਜਾਂਦੇ ਰਹਾਂਗੇ।"

27. ਪਵਿੱਤਰ ਸ਼ਹਿਰ

ਮੈਂ ਆਪਣੀ ਜੁਆਨੀ ਦੇ ਦਿਨਾਂ ਵਿਚ ਸੁਣਦਾ ਹੁੰਦਾ ਸਾਂ ਕਿ ਇਕ ਐਸਾ ਸ਼ਹਿਰ ਹੈ, ਜਿਥੋਂ ਦੇ ਵਸਨੀਕ ਅਸਮਾਨੀ ਕਿਤਾਬਾਂ ਅਨੁਸਾਰ ਹੀ ਜ਼ਿੰਦਗੀ ਬਸਰ ਕਰਦੇ ਹਨ। ਮੈਂ ਸੋਚਿਆ, "ਉਸ ਸ਼ਹਿਰ ਨੂੰ ਮੈਂ ਜ਼ਰੂਰ ਲੱਭਾਂਗਾ ਤੇ ਉਥੋਂ ਦੀਆਂ ਬਰਕਤਾਂ ਹਾਸਲ ਕਰਾਂਗਾ।"

ਇਹ ਸ਼ਹਿਰ ਬਹੁਤ ਦੂਰ ਸੀ, ਇਸ ਲਈ ਮੈਂ ਕਾਫ਼ੀ ਤਿਆਰੀ ਕੀਤੀ। ਚਾਲੀ ਦਿਨਾਂ ਦੇ ਲੰਮੇ ਸਫ਼ਰ ਬਾਦ ਇਕਤਾਲੀਵੇਂ ਦਿਨ ਮੈਂ ਸ਼ਹਿਰ ਵਿਚ ਪਹੁੰਚਿਆ। ਮੈਨੂੰ ਉਥੇ ਇਹ ਦੇਖ ਕੇ ਬਹੁਤ ਹੈਰਾਨੀ ਹੋਈ ਕਿ ਉਸ ਸ਼ਹਿਰ ਦੇ ਤਮਾਮ ਵਸਨੀਕਾਂ ਦਾ ਸਿਰਫ਼ ਇਕੋ ਇਕ ਹੱਥ ਤੇ ਇਕੋ ਇਕ ਅੱਖ ਸੀ। ਮੈਂ ਪ੍ਰੇਸ਼ਾਨ ਹੋ ਕੇ ਆਪਣੇ ਦਿਲ ਵਿਚ ਹੀ ਆਖਿਆ, "ਇਤਨੇ ਪਵਿੱਤਰ ਸ਼ਹਿਰ ਦੇ ਵਸਨੀਕਾਂ ਦਾ ਇਕ ਇਕ ਹੱਥ ਤੇ ਇਕ ਇਕ ਅੱਖ ਕਿਉਂ ਸੀ?"

ਮੈਂ ਤੱਕਿਆ, ਉਹ ਆਪ ਵੀ ਇਸ ਗੱਲ 'ਤੇ ਹੈਰਾਨ ਸਨ। ਮੇਰੇ ਦੋ ਹੱਥਾਂ ਤੇ ਦੋ ਅੱਖਾਂ ਨੇ ਉਨ੍ਹਾਂ ਨੂੰ ਹੋਰ ਹੈਰਾਨੀ ਵਿਚ ਪਾ ਦਿੱਤਾ ਤੇ ਮੇਰੀ ਬਾਬਤ ਉਹ ਕਈ ਤਰ੍ਹਾਂ ਦੀਆਂ ਗੱਲਾਂ-ਬਾਤਾਂ ਕਰਨ ਲੱਗੇ। ਮੈਂ ਉਨ੍ਹਾਂ ਨੂੰ ਪੁੱਛਿਆ, "ਕੀ ਇਹ ਉਹੋ ਪਵਿੱਤਰ ਸ਼ਹਿਰ ਹੈ, ਜਿਥੋਂ ਦਾ ਹਰ ਵਸਨੀਕ ਅਸਮਾਨੀ ਕਿਤਾਬਾਂ ਅਨੁਸਾਰ ਹੀ ਜ਼ਿੰਦਗੀ ਬਿਤਾਉਂਦਾ ਹੈ?"

ਉਨ੍ਹਾਂ ਬੜੀ ਗੰਭੀਰਤਾ ਤੇ ਫ਼ਖ਼ਰ ਨਾਲ ਕਿਹਾ, "ਹਾਂ, ਇਹ ਉਹੋ ਸ਼ਹਿਰ ਹੈ।"

ਮੈਂ ਪੁੱਛਿਆ, "ਤੁਹਾਡੀ ਹਾਲਤ ਅਜੇਹੀ ਕਿਵੇਂ ਹੋਈ ਹੈ, ਤੁਹਾਡੇ ਸੱਜੇ ਪਾਸੇ ਦੀਆਂ ਅੱਖਾਂ ਤੇ ਸੱਜੇ ਪਾਸੇ ਦੇ ਹੀ ਹੱਥ ਕਿਧਰ ਗੁਆਚ ਗਏ ?"

ਉਹ ਸਾਰੇ ਮੇਰੀ ਗੱਲ-ਬਾਤ ਤੋਂ ਕਾਫ਼ੀ ਪ੍ਰਭਾਵਤ ਹੋਏ ਤੇ ਆਖਣ ਲੱਗੇ, "ਆ ਤੈਨੂੰ ਦਿਖਾਈਏ।"

ਉਹ ਮੈਨੂੰ ਸ਼ਹਿਰ ਦੇ ਇਕ ਮੰਦਰ ਵਿਚ ਲੈ ਗਏ, ਜਿਸ ਦੇ ਇਕ ਕੋਣੇ ਵਿਚ ਹੱਥਾਂ ਤੇ ਅੱਖੀਆਂ ਦਾ ਇਕ ਵੱਡਾ ਢੇਰ ਲੱਗਾ ਹੋਇਆ ਸੀ। ਇਹ ਸਭ ਗਲ-ਸੜ ਰਹੀਆਂ ਸਨ। ਮੈਂ ਆਖਿਆ, "ਅਫ਼ਸੋਸ ! ਕਿਸ ਪੱਥਰ-ਚਿੱਤ ਨੇ ਤੁਹਾਡੇ ਸਭ ਨਾਲ ਅਜੇਹਾ ਭੈੜਾ ਵਰਤਾਉ ਕੀਤਾਂ ਹੈ ?"

ਮੇਰੀ ਇਹ ਗੱਲ ਸੁਣ ਕੇ ਉਹ ਆਪਸ ਵਿਚ ਕਾਨਾਫੂਸੀ ਕਰਨ ਲੱਗੇ ਤੇ ਇਕ ਬਜ਼ੁਰਗ ਨੇ ਅੱਗੇ ਹੋ ਕੇ ਮੈਨੂੰ ਆਖਿਆ, "ਇਹ ਸਾਡਾ ਆਪਣਾ ਕੰਮ ਹੈ, ਪਰਮੇਸ਼ਰ ਨੇ ਸਾਨੂੰ ਬੁਰਾਈਆਂ ਉਤੇ ਫ਼ਤਹਿ ਬਖ਼ਸ਼ੀ ਹੈ।"

ਇਹ ਆਖਦਾ ਹੋਇਆ ਉਹ ਮੈਨੂੰ ਉੱਚੀ ਥਾਂ 'ਤੇ ਲੈ ਗਿਆ; ਬਾਕੀ ਸਭ ਲੋਕ ਸਾਡੇ ਪਿੱਛੇ ਪਿੱਛੇ ਆ ਰਹੇ ਸਨ। ਫਿਰ ਉਸ ਮੈਨੂੰ ਸਿਲਾ ਤੇ ਉਕਰੀ ਇਕ ਲਿਖਤ ਦਿਖਾਈ, ਜਿਸ ਵਿਚ ਇਹ ਸ਼ਬਦ ਦਰਜ ਸਨ :

"ਅਗਰ ਤੁਹਾਡੀ ਸੱਜੀ ਅੱਖ ਤੁਹਾਨੂੰ ਨੀਵਾਂ ਡੇਗ ਰਹੀ ਹੈ, ਤਾਂ ਇਸ ਨੂੰ ਬਾਹਰ ਕੱਢ ਸੁੱਟੋ। ਸਾਰੇ ਸਰੀਰ ਨੂੰ ਨਰਕ ਵਿਚ ਪਾਉਣ ਦੀ ਥਾਂ ਇਕ ਅੰਗ ਦਾ ਨਾਸ ਹੋ ਜਾਣਾ ਹੀ ਚੰਗਾ ਹੈ।

"ਅਗਰ ਤੁਹਾਡਾ ਸੱਜਾ ਹੱਥ ਤੁਹਾਨੂੰ ਬੁਰਿਆਈ ਕਰਨ ਲਈ ਮਜਬੂਰ ਕਰੇ ਤਾਂ ਉਸ ਨੂੰ ਵੱਢ ਕੇ ਲਾਹ ਸੁੱਟੋ, ਤਾਂਕਿ ਇਕ ਅੰਗ ਬਦਲੇ ਤੁਹਾਡੇ ਸਾਰੇ ਸਰੀਰ ਨੂੰ ਦੋਜ਼ਖ਼ ਦੀ ਅੱਗ ਵਿਚ ਨਾ ਸੜਨਾ ਪਵੇ।"

ਇਹ ਲਿਖਤ ਪੜ੍ਹ ਕੇ ਮੈਂ ਸਾਰੀ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਿਆ। ਮੈਂ ਤਮਾਮ ਲੋਕਾਂ ਨੂੰ ਸੰਬੋਧਨ ਕਰਦਿਆਂ ਆਖਿਆ, "ਕੀ ਤੁਹਾਡੇ ਵਿਚ ਕੋਈ ਅਜੇਹਾ ਆਦਮੀ ਜਾਂ ਤ੍ਰੀਮਤ ਨਹੀਂ, ਜਿਸ ਦੀਆਂ ਦੋਵੇਂ ਅੱਖਾਂ ਤੇ ਦੋਵੇਂ ਹੱਥ ਸਾਬਤ ਹੋਣ ?"

ਉਨ੍ਹਾਂ ਸਾਰਿਆਂ ਕਿਹਾ, "ਨਹੀਂ, ਕੋਈ ਨਹੀਂ, ਇਨ੍ਹਾਂ ਬੱਚਿਆਂ ਤੋਂ ਬਿਨਾਂ, ਜੋ ਕਿ ਇਸ ਲਿਖਤ ਨੂੰ ਪੜ੍ਹ ਨਹੀਂ ਸਕਦੇ ਤੇ ਨਾ ਹੀ ਇਸ 'ਤੇ ਅਮਲ ਕਰ ਸਕਦੇ ਹਨ, ਕੋਈ ਆਦਮੀ ਪੂਰਣ ਅੰਗੀ ਨਹੀਂ।"

ਜਦੋਂ ਅਸੀਂ ਗਿਰਜੇ ਤੋਂ ਬਾਹਰ ਆਏ ਤਾਂ ਮੈਂ ਛੇਤੀ ਨਾਲ ਉਸ ਸ਼ਹਿਰ ਵਿਚੋਂ ਭੱਜ ਦੌੜਿਆ, ਕਿਉਂਕਿ ਮੈਂ ਨਿੱਕਾ ਇਆਣਾ ਤਾਂ ਨਹੀਂ ਸਾਂ, ਮੈਂ ਉਸ ਲਿਖਤ ਨੂੰ ਚੰਗੀ ਤਰ੍ਹਾਂ ਪੜ੍ਹ ਸਕਦਾ ਸਾਂ।

28. ਘਾਹ ਦਾ ਤਿਣਕਾ

ਘਾਹ ਦੇ ਤਿਣਕੇ ਨੇ ਇਕ ਪਤਝੜ ਨਾਲ ਝੜੇ ਪੱਤੇ ਨੂੰ ਪੁੱਛਿਆ, "ਤੂੰ ਡਿੱਗਣ ਲੱਗਿਆਂ ਇਤਨਾ ਸ਼ੋਰ ਕਿਉਂ ਕਰਦਾ ਹੈਂ ? ਤੇਰੇ ਰੌਲੇ ਨੇ ਮੇਰੇ ਬਸੰਤੀ ਸੁਪਨਿਆਂ ਨੂੰ ਹੈਰਾਨੀ ਵਿਚ ਪਾ ਦਿੱਤਾ ਹੈ।"

ਪੱਤਾ ਕ੍ਰੋਧ ਨਾਲ ਬੋਲਿਆ, "ਓ ਪਾਜੀ ! ਅਣਜਾਣ ਤੇ ਨੀਚ ਜਾਤ ਦੇ ਤਿਣਕੇ ! ਜਦੋਂ ਤੂੰ ਕਦੀ ਉੱਚੀ ਪੌਣ ਵਿਚ ਬੈਠਿਆ ਹੀ ਨਹੀਂ, ਤੂੰ ਇਸ ਰਾਗ ਦੀ ਲੈਅ ਨੂੰ ਕੀ ਸਮਝ ਸਕਦਾ ਹੈਂ।" ਇਉਂ ਕਹਿੰਦਾ ਉਹ ਪੱਤਾ ਸੌਂ ਗਿਆ। ਜਦੋਂ ਬਸੰਤ ਆਈ, ਉਸ ਦੀ ਅੱਖ ਖੁੱਲ੍ਹੀ, ਮਗਰ ਹੁਣ ਉਹ ਘਾਹ ਦਾ ਤਿਣਕਾ ਬਣ ਚੁਕਿਆ ਸੀ। ਜਦੋਂ ਫਿਰ ਪਤਝੜ ਆਈ ਤਾਂ ਉਸ 'ਤੇ ਹੋਰ ਪੱਤੇ ਡਿੱਗਣ ਲੱਗੇ। ਉਸ ਹੌਲੀ ਜਿਹੀ ਆਵਾਜ਼ ਵਿਚ ਕਿਹਾ :

"ਇਹ ਪਤਝੜ ਦੇ ਮਾਰੇ ਪੱਤੇ ਕਿੰਨਾ ਰੌਲਾ ਪਾ ਰਹੇ ਹਨ ਤੇ ਮੇਰੇ ਮਿੱਠੇ ਮਿੱਠੇ ਸੁਪਨਿਆਂ ਨੂੰ ਖ਼ਾਹਮਖ਼ਾਹ ਪ੍ਰੇਸ਼ਾਨ ਕਰ ਰਹੇ ਹਨ।"

29. ਦੋ ਵਿਦਵਾਨ

ਇਕ ਸ਼ਹਿਰ ਵਿਚ ਦੋ ਵਿਦਵਾਨ ਰਹਿੰਦੇ ਸਨ, ਇਨ੍ਹਾਂ ਦਾ ਆਪਸ ਵਿਚ ਕਾਫ਼ੀ ਮਤਭੇਦ ਸੀ। ਉਹ ਇਕ ਦੂਜੇ ਦਾ ਸਦਾ ਮਖ਼ੌਲ ਉਡਾਉਂਦੇ ਰਹਿੰਦੇ ਸਨ। ਇਕ ਨਾਸਤਿਕ ਸੀ ਤੇ ਇਕ ਆਸਤਿਕ।

ਇਕ ਦਿਨ ਦੋਵੇਂ ਬਾਜ਼ਾਰ ਵਿਚ ਮਿਲੇ ਤੇ ਆਪਣੇ ਆਪਣੇ ਸ਼ਰਧਾਲੂਆਂ ਦੀ ਮੌਜੂਦਗੀ ਵਿਚ ਰੱਬ ਦੀ ਹੋਂਦ ਤੇ ਅਣਹੋਂਦ ਬਾਰੇ ਤਕੜਾ ਚਿਰ ਚਰ-ਚਰ ਕਰਦੇ ਰਹੇ. ਅੰਤ ਬਹਿਸ ਕਰਦੇ ਕਰਾਉਂਦੇ ਚਲੇ ਗਏ।

ਇਸੇ ਸ਼ਾਮ ਨਾਸਤਿਕ ਮੰਦਰ ਵਿਚ ਗਿਆ ਤੇ ਆਪਣੇ ਪਿਛਲੇ ਕੀਤੇ ਗੁਨਾਹਾਂ ਦੀ ਰੱਬ ਪਾਸੋਂ ਮਾਫ਼ੀ ਮੰਗੀ।

ਦੂਸਰੇ ਵਿਦਵਾਨ ਨੇ ਆਪਣੀਆਂ ਸਾਰੀਆਂ ਕਿਤਾਬਾਂ ਸਾੜ ਸੁੱਟੀਆਂ ਕਿਉਂਕਿ ਹੁਣ ਉਹ ਪੱਕਾ ਨਾਸਤਿਕ ਬਣ ਚੁਕਿਆ ਸੀ।

30. ਪਾਗਲ ਅੱਖ

ਇਕ ਦਿਨ ਅੱਖ ਨੇ ਕਿਹਾ, "ਮੈਂ ਇਨ੍ਹਾਂ ਵਾਦੀਆਂ ਤੋਂ ਪਰ੍ਹੇ ਧੁੰਦ ਨਾਲ ਢੱਕੇ ਹੋਏ ਪਹਾੜਾਂ ਨੂੰ ਤੱਕ ਰਹੀ ਹਾਂ, ਕੀ ਉਹ ਖ਼ੂਬਸੂਰਤ ਨਹੀਂ ?"

ਕੰਨ ਨੇ ਸੁਣਿਆ ਤੇ ਥੋੜ੍ਹੀ ਦੇਰ ਸੋਚ ਕਰਨ ਪਿੱਛੋਂ ਬੋਲਿਆ, "ਪਰ ਪਹਾੜ ਹਨ ਕਿਥੇ, ਉਨ੍ਹਾਂ ਦੀ ਆਵਾਜ਼ ਸਾਨੂੰ ਕਿਤੇ ਸੁਣਾਈ ਨਹੀਂ ਦੇਂਦੀ।"

ਫਿਰ ਹੱਥ ਨੇ ਕਿਹਾ, "ਮੈਂ ਉਨ੍ਹਾਂ ਨੂੰ ਛੂਹਣ ਲਈ ਬੜਾ ਯਤਨ ਕਰ ਰਿਹਾ ਹਾਂ ਪਰ ਮੈਨੂੰ ਤਾਂ ਪਰਬਤ ਕਿਤੇ ਨਹੀਂ ਮਿਲਦੇ।"

ਨੱਕ ਨੇ ਆਖਿਆ, "ਇਥੇ ਕੋਈ ਪਹਾੜ ਨਹੀਂ, ਪਹਾੜ ਹੋਣ ਤਾਂ ਸਾਨੂੰ ਉਸਦਾ ਮੁਸ਼ਕ ਨਾ ਆਵੇ।"

ਅੱਖ ਨੇ ਆਪਣਾ ਧਿਆਨ ਹੋਰ ਪਾਸੇ ਕਰ ਲਿਆ; ਉਹ ਤਿੰਨੇ ਇਸ ਵਿਸਮਾਦ-ਪੂਰਣ ਤਸੱਵਰ ਉਤੇ ਝਗੜਾ ਕਰਦੇ ਰਹੇ। ਅੰਤ ਉਨ੍ਹਾਂ ਕਿਹਾ :

"ਅੱਖ ਜ਼ਰੂਰ ਪਾਗਲ ਹੋ ਗਈ ਹੈ।"

31. ਸ਼ੇਰ ਦੀ ਬੱਚੀ

ਚਾਰ ਗੁਲਾਮ, ਤਖ਼ਤ 'ਤੇ ਸੁੱਤੀ ਪਈ ਆਪਣੀ ਬਜ਼ੁਰਗ ਮਲਕਾ ਨੂੰ ਪੱਖਾ ਝੱਲ ਰਹੇ ਸਨ। ਮਲਕਾ ਬੜੀ ਗੂੜ੍ਹੀ ਨੀਂਦ ਵਿਚ ਸੀ। ਉਸਦੀ ਗੋਦ ਵਿਚ ਇਕ ਬਿੱਲੀ ਲੇਟੀ ਹੋਈ ਗੁਰਰਾ ਰਹੀ ਸੀ ਤੇ ਉਹ ਗ਼ੁਲਾਮਾਂ ਵੱਲ ਬੜੇ ਧਿਆਨ ਨਾਲ ਤੱਕ ਰਹੀ ਸੀ।

ਪਹਿਲੇ ਗ਼ੁਲਾਮ ਨੇ ਕਿਹਾ, "ਇਹ ਬੁੱਢੀ ਮਲਕਾ ਸੁੱਤੀ ਹੋਈ ਕਿਸ ਤਰ੍ਹਾਂ ਕਰੂਪ ਤੇ ਭੈੜੀ ਮਾਲੂਮ ਹੋ ਰਹੀ ਹੈ। ਇਸ ਦਾ ਚਿਹਰਾ ਝੁਰੜੀਆਂ ਨਾਲ ਭਰਿਆ ਹੈ ਤੇ ਇਹ ਸਾਹ ਵੀ ਵਿਚਾਰੀ ਇਉਂ ਲੈ ਰਹੀ ਹੈ, ਜਿਵੇਂ ਕਿਤੇ ਸ਼ੈਤਾਨ ਇਸ ਦਾ ਗਲਾ ਘੁੱਟ ਰਿਹਾ ਹੁੰਦਾ ਹੈ।"

ਬਿੱਲੀ ਨੇ ਗੁਰਰਾਉਂਦਿਆਂ ਹੋਇਆਂ ਕਿਹਾ, "ਇਹ ਨੀਂਦ ਵਿਚ ਇਤਨੀ ਭੈੜੀ ਮਾਲੂਮ ਨਹੀਂ ਹੁੰਦੀ ਜਿਤਨੇ ਕਿ ਤੁਸੀਂ ਗੁਲਾਮ ਜਾਗਦੇ ਹੋਏ ਭੀ ਕੁਬਰੇ ਤੇ ਕੋਝੇ ਮਾਲੂਮ ਹੁੰਦੇ ਹੋ।"

ਦੂਸਰੇ ਗ਼ੁਲਾਮ ਨੇ ਕਿਹਾ, "ਤੁਸੀਂ ਇਹ ਸੋਚ ਰਹੇ ਹੋਵੋਗੇ ਕਿ ਨੀਂਦ ਕਰਕੇ ਇਸਦੇ ਚਿਹਰੇ ਦੀਆਂ ਝੁਰੜੀਆਂ ਸਾਫ਼ ਦਿਸ ਰਹੀਆਂ ਹਨ, ਇਹ ਜ਼ਰੂਰ ਕੋਈ ਭੈੜਾ ਸੁਪਨਾ ਤੱਕ ਰਹੀ ਹੈ।"

ਬਿੱਲੀ ਨੇ ਕਿਹਾ, "ਕਾਸ਼! ਕਿ ਤੁਸੀਂ ਸੌਂ ਕੇ ਵੀ ਆਪਣੀ ਆਜ਼ਾਦੀ ਦਾ ਸੁਪਨਾ ਹੀ ਦੇਖ ਸਕਦੇ।"

ਤੀਸਰੇ ਗ਼ੁਲਾਮ ਨੇ ਕਿਹਾ, "ਸ਼ਾਇਦ ਇਹ ਉਨ੍ਹਾਂ ਲੋਕਾਂ ਦਾ ਝੁਰਮਟ ਦੇਖ ਰਹੀ ਹੈ ਜਿਨ੍ਹਾਂ ਨੂੰ ਇਸ ਕਤਲ ਕੀਤਾ ਸੀ।"

ਬਿੱਲੀ ਨੇ ਗੁਰਰਾਉਂਦਿਆਂ ਹੋਇਆਂ ਕਿਹਾ, "ਹਾਂ, ਇਹ ਤੁਹਾਡੇ ਵੱਡੇ ਵਡੇਰਿਆਂ ਦਾ ਜਲੂਸ ਤੱਕ ਰਹੀ ਹੈ।"

ਚੌਥੇ ਗ਼ੁਲਾਮ ਨੇ ਕਿਹਾ, "ਇਸ ਬੁੱਢੀ ਰਾਣੀ ਬਾਰੇ ਗੱਲਾਂ ਕਰਨੀਆਂ ਇਕ ਚੰਗਾ ਸ਼ੁਗਲ ਹੈ, ਪਰ ਖੜ੍ਹਿਆਂ ਖੜ੍ਹਿਆਂ ਪੱਖਾ ਝੱਲਦੇ ਰਹਿਣਾ ਵੀ ਕੋਈ ਘੱਟ ਮੁਸੀਬਤ ਨਹੀਂ।"

ਬਿੱਲੀ ਨੇ ਗੁਰਰਾਉਂਦਿਆਂ ਹੋਇਆਂ ਫਿਰ ਕਿਹਾ, "ਤੁਸੀਂ ਕਿਆਮਤ ਤਕ ਪੱਖੇ ਝੱਲਦੇ ਰਹੋਗੇ। ਜਿਸ ਤਰ੍ਹਾਂ ਦੇ ਤੁਸੀਂ ਧਰਤੀ 'ਤੇ ਹੋ, ਵੈਸੇ ਹੀ ਅਸਮਾਨ 'ਤੇ ਰਹੋਗੇ।"

ਇਸੇ ਸਮੇਂ ਬੁੱਢੀ ਮਲਕਾ ਨੇ ਸੁੱਤਿਆਂ ਸੁੱਤਿਆਂ ਆਪਣਾ ਸਿਰ ਹਿਲਾਇਆ ਤੇ ਉਸ ਦਾ ਤਾਜ ਭੁੰਜੇ ਆ ਡਿੱਗਿਆ।

ਇਕ ਗ਼ੁਲਾਮ ਨੇ ਕਿਹਾ, "ਇਹ ਤਾਂ ਭੈੜਾ ਸ਼ਗਨ ਹੋਇਆ ਹੈ।"

ਬਿੱਲੀ ਨੇ ਗੁਰਰਾ ਕੇ ਕਿਹਾ, "ਇਕ ਲਈ ਭੈੜਾ ਸ਼ਗਨ ਹੀ ਦੂਜੇ ਲਈ ਚੰਗਾ ਹੁੰਦਾ ਹੈ।"

ਦੂਸਰੇ ਗ਼ੁਲਾਮ ਨੇ ਕਿਹਾ, "ਅਗਰ ਇਹ ਜਾਗ ਪਵੇ ਤੇ ਡਿੱਗੇ ਤਾਜ ਨੂੰ ਦੇਖ ਲਵੇ ਤਾਂ ਸਾਨੂੰ ਸਾਰਿਆਂ ਨੂੰ ਕਤਲ ਕਰ ਦੇਵੇਗੀ।"

ਬਿੱਲੀ ਨੇ ਗੁਰਰਾਉਂਦਿਆਂ ਹੋਇਆਂ ਕਿਹਾ, "ਤੁਹਾਨੂੰ ਤਾਂ ਜੰਮਣ ਸਮੇਂ ਤੋਂ ਹੀ ਇਹ ਰੋਜ਼ ਕਤਲ ਕਰਦੀ ਆ ਰਹੀ ਹੈ, ਪਰ ਤੁਹਾਨੂੰ ਪਤਾ ਨਹੀਂ ਲਗਦਾ।"

ਤੀਸਰੇ ਗ਼ੁਲਾਮ ਨੇ ਕਿਹਾ, "ਹਾਂ, ਇਹ ਸਾਨੂੰ ਕਤਲ ਕਰ ਦੇਵੇਗੀ ਤੇ ਫਿਰ ਇਸ ਨੂੰ ਦੇਵਤਿਆਂ ਲਈ ਕੁਰਬਾਨੀ ਕੀਤੀ ਖ਼ਿਆਲ ਕਰੇਗੀ।"

ਬਿੱਲੀ ਨੇ ਫਿਰ ਗੁਰਰਾਂਦਿਆਂ ਕਿਹਾ, "ਕੇਵਲ ਕਮਜ਼ੋਰ ਹੀ ਦੇਵਤਿਆਂ ਲਈ ਬਲੀ ਕੀਤੇ ਜਾਂਦੇ ਹਨ।"

ਚੌਥੇ ਗ਼ੁਲਾਮ ਨੇ ਦੂਸਰਿਆਂ ਨੂੰ ਚੁੱਪ ਕਰਾਉਂਦਿਆਂ ਹੋਇਆਂ, ਮਲਕਾ ਨੂੰ ਬਿਨਾਂ ਜਗਾਏ ਤਾਜ ਉਸਦੇ ਸਿਰ ਉਤੇ ਰੱਖ ਦਿੱਤਾ।

ਬਿੱਲੀ ਨੇ ਗੁਰਰਾਉਂਦਿਆਂ ਕਿਹਾ, "ਸਿਰਫ ਗ਼ੁਲਾਮ ਹੀ ਡਿੱਗੇ ਹੋਏ ਤਾਜ ਨੂੰ ਦੁਬਾਰਾ ਰੱਖ ਸਕਦਾ ਹੈ।"

ਕੁਝ ਚਿਰ ਪਿੱਛੋਂ ਬੁੱਢੀ ਰਾਣੀ ਜਾਗੀ ਤੇ ਉਸ ਚੌਹੀਂ ਪਾਸੀਂ ਤੱਕਿਆ ਤੇ ਕਿਹਾ, "ਮੇਰਾ ਖ਼ਿਆਲ ਹੈ ਕਿ ਮੈਂ ਇਕ ਸੁਪਨਾ ਤੱਕ ਰਹੀ ਸਾਂ ਕਿ ਜਾਣੋ ਇਕ ਬਿਛੂ, ਬੋਹੜ ਦੇ ਬਿਰਛ 'ਤੇ ਚਾਰ ਨਿੱਕੇ ਕੀੜਿਆਂ ਮਗਰ ਦੌੜਿਆ ਜਾ ਰਿਹਾ ਹੈ, ਇਹ ਖ਼ਾਬ ਮੈਨੂੰ ਪਸੰਦ ਨਹੀਂ ਆਇਆ।" ਇਹ ਕਹਿੰਦੀ ਹੋਈ ਉਹ ਫਿਰ ਸੌਂ ਗਈ। ਉਸ ਘੁਰਾੜੇ ਮਾਰਨੇ ਸ਼ੁਰੂ ਕਰ ਦਿੱਤੇ, ਚਾਰੇ ਗ਼ੁਲਾਮ ਪੱਖਾ ਝੱਲਦੇ ਰਹੇ।

ਬਿੱਲੀ ਨੇ ਗੁਰਰਾਂਦਿਆਂ ਹੋਇਆਂ ਕਿਹਾ, "ਪੱਖਾ ਝੱਲਦੇ ਜਾਓ, ਝੱਲਦੇ ਜਾਓ ਮੂਰਖੋ! ਤੇ ਉਸ ਅੱਗ ਨੂੰ ਹਵਾ ਦੇਂਦੇ ਜਾਓ ਜੋ ਤੁਹਾਨੂੰ ਦਿਨ ਬਦਿਨ ਆਪਣੀ ਲਪੇਟ ਵਿਚ ਲੈਂਦੀ ਜਾ ਰਹੀ ਹੈ।"

32. ਜੰਗ ਤੇ ਛੋਟੀਆਂ ਕੌਮਾਂ

ਇਕ ਵੇਰ ਦੀ ਗੱਲ ਕਿ ਇਕ ਹਰੇ ਭਰੇ ਚੌਗਾਨ ਵਿਚ ਭੇਡ ਤੇ ਉਸਦਾ ਬੱਚਾ ਘਾਹ ਚੁਗ ਰਹੇ ਸਨ ਤੇ ਉਨ੍ਹਾਂ ਦੇ ਸਿਰ 'ਤੇ ਭੁੱਖੀਆਂ ਨਜ਼ਰਾਂ ਜਮਾਈ ਇਕ ਉਕਾਬ ਮੰਡਲਾ ਰਿਹਾ ਸੀ। ਜਦ ਉਸ ਭੇਡ ਦੇ ਨਿੱਕੇ ਬੱਚੇ ਨੂੰ ਪਕੜਨ ਲਈ ਝਪਟ ਮਾਰੀ, ਉਤਨੇ ਚਿਰ ਨੂੰ ਇਕ ਹੋਰ ਉਕਾਬ ਆ ਨਿਕਲਿਆ, ਉਸ ਦੀਆਂ ਅੱਖਾਂ ਵੀ ਮਾਸ ਲਈ ਲਲਚਾਈਆਂ ਹੋਈਆਂ ਸਨ। ਹੁਣ ਦੋਵੇਂ ਉਕਾਬ ਆਪਸ ਵਿਚ ਲੜਨ ਲੱਗੇ। ਉਨ੍ਹਾਂ ਦੇ ਸ਼ੋਰ ਨੇ ਇਕ ਵੇਰ ਤਾਂ ਅਸਮਾਨ ਸਿਰ 'ਤੇ ਚੁੱਕ ਲਿਆ।

ਚਿੱਟੀ ਭੇਡ ਨੇ ਅਸਮਾਨ ਵੱਲ ਤੱਕਿਆ ਤੇ ਬਹੁਤ ਹੈਰਾਨ ਹੋਈ। ਫਿਰ ਉਸ ਆਪਣੇ ਰੂੰ ਦੇ ਗੋੜ੍ਹੇ ਵਰਗੇ ਉੱਜਲ ਬੱਚੇ ਨੂੰ ਕਿਹਾ :

"ਮੇਰੇ ਪੁੱਤਰ! ਕਿਤਨੀ ਅਜੀਬ ਗੱਲ ਹੈ ਕਿ ਇਹ ਦੋ ਸਾਊ ਤੇ ਸੋਹਣੇ ਪੰਛੀ ਗਵਾਂਢੀ ਹਨ ਤੇ ਆਪਸ ਵਿਚ ਗੂੜ੍ਹੇ ਮਿੱਤਰ ਵੀ ਹਨ, ਕੀ ਇਨ੍ਹਾਂ ਲਈ ਇਸ ਅਸਮਾਨ ਦੀ ਵਿਸ਼ਾਲਤਾ ਛੋਟੀ ਹੈ?

"ਮੇਰੇ ਛੋਟੇ ਪੁੱਤਰ! ਤੂੰ ਅਰਦਾਸ ਕਰ, ਉੱਜਲ ਹਿਰਦੇ ਵਿੱਚੋਂ ਦੁਆ ਕਰ ਕਿ ਰੱਬ ਤੇਰੇ ਤੇ ਤੇਰੇ ਭਾਈਆਂ ਵਿਚਕਾਰ ਸ਼ਾਂਤੀ ਪੈਦਾ ਕਰੇ।"

ਤੇ ਮਾਂ ਦੇ ਨਿੱਕੇ ਬੱਚੇ ਨੇ ਦਿਲੋਂ ਮਨੋਂ ਪ੍ਰਭੂ ਪਾਸ ਪ੍ਰਾਰਥਨਾ ਕੀਤੀ।

33. ਦੂਸਰੇ ਸਮੁੰਦਰ

ਇਕ ਮੱਛੀ ਨੇ ਦੂਸਰੀ ਮੱਛੀ ਨੂੰ ਕਿਹਾ, "ਸਾਡੇ ਸਮੁੰਦਰ ਤੋਂ ਪਰ੍ਹੇ ਇਕ ਹੋਰ ਸਮੁੰਦਰ ਵੀ ਹੈ, ਜਿਸ ਵਿਚ ਹੋਰ ਕਈ ਜੀਵ ਵੀ ਤਰਦੇ ਫਿਰ ਰਹੇ ਹਨ। ਇਹ ਵੀ ਦੱਸੀਦਾ ਹੈ ਕਿ

ਉਹ ਬਿਲਕੁਲ ਇਸੇ ਤਰ੍ਹਾਂ ਦੀ ਹੀ ਜ਼ਿੰਦਗੀ ਬਸਰ ਕਰਦੇ ਹਨ, ਜਿਸ ਤਰ੍ਹਾਂ ਕਿ ਅਸੀਂ ਇਥੇ ਬੜੇ ਆਰਾਮ ਨਾਲ ਰਹਿ ਰਹੀਆਂ ਹਾਂ।"

ਦੂਸਰੀ ਮੱਛੀ ਨੇ ਨਖ਼ਰੇ ਨਾਲ ਕਿਹਾ, "ਅਸੀਂ ਅਸੀਂ ਹੀ ਹਾਂ। ਤੁਸੀਂ ਜਾਣਦੇ ਹੋ ਕਿ ਜੋ ਚੀਜ਼ ਸਾਡੇ ਸਮੁੰਦਰ ਤੋਂ ਇਕ ਇੰਚ ਭੀ ਇਧਰ-ਉਧਰ ਹੋ ਜਾਂਦੀ ਹੈ ਤਾਂ ਉਹ ਫ਼ੌਰਨ ਮਰ ਮਿਟ ਜਾਂਦੀ ਹੈ। ਤੇਰੇ ਪਾਸ ਦੂਸਰੀਆਂ ਜ਼ਿੰਦਗੀਆਂ ਦਾ ਤੇ ਦੂਜੇ ਸਮੁੰਦਰਾਂ ਵਿਚ ਜਿਊਂਦੇ ਰਹਿਣ ਦਾ ਕੀ ਸਬੂਤ ਹੈ?"

34. ਕੋਰਾ ਕਾਗ਼ਜ਼

ਇਕ ਵੇਰ ਕਾਗ਼ਜ਼ ਦੇ ਸਫ਼ੈਦ ਪੁਰਜ਼ੇ ਨੇ ਕਿਹਾ, "ਮੈਂ ਬੇਦਾਗ਼ ਬਣਾਇਆ ਗਿਆ ਹਾਂ ਤੇ ਹਮੇਸ਼ਾ ਬੇਦਾਗ ਹੀ ਰਹਾਂਗਾ। ਸੜ ਬਲ ਕੇ ਮੈਂ ਸੁਆਹ ਵਿਚ ਮਿਲ ਜਾਵਾਂਗਾ, ਮਗਰ ਸਿਆਹੀ ਦੇ ਧੱਬਿਆਂ ਨਾਲ ਆਪਣੇ ਆਪ ਨੂੰ ਕਦੀ ਕਲੰਕਿਤ ਨਹੀਂ ਕਰਾਂਗਾ।"

ਜੋ ਕੁਝ ਸਫ਼ੈਦ ਕਾਗ਼ਜ਼ ਨੇ ਕਿਹਾ, ਦਵਾਤ ਨੇ ਉਸ ਨੂੰ ਧਿਆਨ ਨਾਲ ਸੁਣਿਆ ਤੇ ਆਪਣੇ ਕਾਲੇ ਦਿਲ ਵਿਚ ਹੱਸੀ, ਪਰ ਉਸ ਨੂੰ ਕਾਗਜ਼ ਦੇ ਪਾਸ ਜਾਣ ਦੀ ਹਿੰਮਤ ਨਾ ਪਈ।

ਰੰਗ-ਬਰੰਗੀਆਂ ਪੈਂਨਸਿਲਾਂ ਨੇ ਵੀ ਸੁਣਿਆ, ਪਰ ਉਨ੍ਹਾਂ ਉਸ ਦੇ ਪਾਸ ਪਹੁੰਚਣ ਦੀ ਕੋਈ ਕੋਸ਼ਿਸ਼ ਨਾ ਕੀਤੀ।

ਕਾਗ਼ਜ਼ ਦਾ ਸਫ਼ੈਦ ਪੁਰਜ਼ਾ ਬੇਦਾਗ਼ ਰਿਹਾ, ਬਿਲਕੁਲ ਬੇਦਾਗ਼। ਬਿਨਾਂ ਧੱਬਿਆਂ ਤੋਂ, ਮਗਰ ਕੋਰਾ।

35. ਅਧੂਰੀ ਮਤਿ

ਦਰਿਆ ਦੇ ਕਿਨਾਰੇ ਇਕ ਸ਼ਤੀਰੀ ਤਰ ਰਹੀ ਸੀ, ਇਸ 'ਤੇ ਚਾਰ ਡੱਡੂ ਬੈਠੇ ਸਨ। ਇਕ ਦਮ ਪਾਣੀ ਦਾ ਅਜੇਹਾ ਰੋੜ੍ਹ ਆਇਆ ਕਿ ਸ਼ਤੀਰੀ ਨੂੰ ਮੰਝਧਾਰ ਵਿਚ ਵਹਾ ਕੇ ਲੈ ਗਿਆ। ਡੱਡੂ ਬੜੇ ਖ਼ੁਸ਼ ਸਨ ਕਿ ਅੱਜ ਵਰਗਾ ਢਾਣੀ ਲੈਣ ਦਾ ਲੁਤਫ਼ ਉਨ੍ਹਾਂ ਨੂੰ ਕਦੀ ਨਹੀਂ ਆਇਆ।

ਪਹਿਲਾ ਡੱਡੂ ਕਹਿਣ ਲੱਗਾ, "ਦਰਅਸਲ ਇਹ ਇਕ ਅਜੀਬ ਕਿਸਮ ਦੀ ਸ਼ਤੀਰੀ ਹੈ ਤੇ ਇਉਂ ਤਰ ਰਹੀ ਹੈ, ਜਿਵੇਂ ਕੋਈ ਜਿਊਂਦੀ ਚੀਜ਼; ਅੱਜ ਤਕ ਅਜੇਹੀ ਸ਼ਤੀਰੀ ਮੇਰੇ ਵੇਖਣ ਵਿਚ ਨਹੀਂ ਆਈ।

ਦੂਸਰਾ ਡੱਡੂ ਬੋਲਿਆ, "ਨਹੀਂ, ਮੇਰੇ ਯਾਰ! ਇਹ ਸ਼ਤੀਰੀ ਵੀ ਲੱਕੜੀ ਦੇ ਹੋਰ ਗੱਟੂਆਂ ਵਾਂਗ ਹੀ ਹੈ, ਇਹ ਆਪ ਹਰਕਤ ਨਹੀਂ ਕਰਦੀ। ਇਹ ਤਾਂ ਦਰਿਆ ਹੀ ਹੈ ਜੋ ਸਮੁੰਦਰ ਵੱਲ ਨੂੰ ਵਹਿੰਦਾ ਜਾ ਰਿਹਾ ਹੈ, ਤੇ ਇਸ ਵਹਿਣ ਨਾਲ ਹੀ ਇਸ ਸ਼ਤੀਰੀ ਨੂੰ ਲਈ ਜਾ ਰਿਹਾ ਹੈ।"

ਤੀਸਰਾ ਡੱਡੂ ਕਹਿਣ ਲੱਗਾ, "ਨਾ ਹੀ ਸ਼ਤੀਰੀ ਤਰ ਰਹੀ ਹੈ ਤੇ ਨਾ ਦਰਿਆ ਵਹਿ ਰਿਹਾ ਹੈ। ਹਰਕਤ ਤਾਂ ਸਾਡੇ ਆਪਣੇ ਖ਼ਿਆਲ ਵਿਚ ਹੈ ਕਿਉਂਕਿ ਖ਼ਿਆਲ ਤੋਂ ਬਿਨਾਂ ਕੋਈ

ਚੀਜ਼ ਹਰਕਤ ਨਹੀਂ ਕਰ ਸਕਦੀ।"

ਇਸ ਤਰ੍ਹਾਂ ਤਿੰਨੇ ਡੱਡੂ ਆਪਸ ਵਿਚ ਝਗੜਦੇ ਰਹੇ ਕਿ ਅਸਲ ਵਿਚ ਹਰਕਤ ਕਰਨ ਵਾਲੀ ਕੋਈ ਚੀਜ਼ ਨਹੀਂ ਹੈ। ਗੁੱਸਾ ਵਧਦਾ ਗਿਆ, ਬਹੁਤ ਰੌਲਾ-ਗੌਲਾ ਪਿਆ, ਮਗਰ ਕੋਈ ਫ਼ੈਸਲਾ ਨਾ ਹੋ ਸਕਿਆ।

ਆਖ਼ਰ ਉਨ੍ਹਾਂ ਚੌਥੇ ਡੱਡੂ ਨੂੰ ਪੁੱਛਿਆ, ਜੋ ਹੁਣ ਤਕ ਖ਼ਾਮੋਸ਼ ਬੈਠਾ ਸਾਰੀ ਬਹਿਸ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਸ ਨੇ ਕਿਹਾ, "ਤੁਹਾਡੇ ਵਿੱਚੋਂ ਹਰ ਇਕ ਠੀਕ ਹੈ, ਕੋਈ ਵੀ ਗ਼ਲਤ ਨਹੀਂ। ਹਰਕਤ ਸ਼ਤੀਰੀ ਵਿਚ ਵੀ ਹੈ, ਪਾਣੀ ਵਿਚ ਵੀ ਤੇ ਸਾਡੇ ਖ਼ਿਆਲ ਵਿਚ ਵੀ।"

ਇਹ ਗੱਲ ਸੁਣ ਕੇ ਤਿੰਨੇ ਡੱਡੂ ਗੁੱਸੇ ਵਿਚ ਆ ਗਏ, ਕਿਉਂਕਿ ਉਨ੍ਹਾਂ ਵਿਚੋਂ ਕੋਈ ਵੀ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਉਸਦਾ ਦਾਅਵਾ ਬਿਲਕੁਲ ਸੱਚਾਈ 'ਤੇ ਨਿਰਭਰ ਨਹੀਂ ਤੇ ਬਾਕੀ ਦੋ ਪੂਰੀ ਤਰ੍ਹਾਂ ਗ਼ਲਤ ਨਹੀਂ।

ਫਿਰ ਇਕ ਅਜੀਬ ਘਟਨਾ ਵਾਪਰੀ ਤੇ ਉਹ ਤਿੰਨੇ ਡੱਡੂ ਆਪਸ ਵਿਚ ਮਿਲ ਗਏ ਤੇ ਉਨ੍ਹਾਂ ਚੌਥੇ ਡੱਡੂ ਨੂੰ ਸ਼ਤੀਰੀ ਤੋਂ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ।

36. ਨੁਕਤਾਚੀਨ

ਇਕ ਰਾਤ ਦੀ ਗੱਲ ਹੈ ਕਿ ਇਕ ਘੋੜਸਵਾਰ ਸਮੁੰਦਰ ਵੱਲ ਦੇ ਪਾਸੇ ਪੈਂਡਾ ਕਰਦਾ ਹੋਇਆ ਸੜਕ ਲਾਗੇ ਇਕ ਸਰਾਂਅ ਵਿਚ ਪਹੁੰਚਿਆ। ਉਹ ਸਮੁੰਦਰ ਵੱਲ ਜਾਣ ਵਾਲੇ ਹੋਰ ਪਾਂਧੀਆਂ ਵਾਂਗ ਰਾਤ ਤੇ ਇਨਸਾਨੀਅਤ 'ਤੇ ਯਕੀਨ ਰਖਦਿਆਂ ਹੋਇਆਂ ਆਪਣੇ ਘੋੜੇ ਨੂੰ ਸਰਾਂਅ ਦੇ ਦਰਵਾਜ਼ੇ ਲਾਗੇ ਬੰਨ੍ਹ ਕੇ ਅੰਦਰ ਚਲਾ ਗਿਆ।

ਅੱਧੀ ਰਾਤ ਸਮੇਂ ਜਦੋਂ ਸਾਰੇ ਲੋਕ ਸੌਂ ਗਏ, ਇਕ ਚੋਰ ਆਇਆ ਤੇ ਉਸ ਮੁਸਾਫ਼ਰ ਦਾ ਘੋੜਾ ਚੁਰਾ ਕੇ ਲੈ ਗਿਆ।

ਸਵੇਰੇ ਉਠਣ ਸਾਰ ਮੁਸਾਫ਼ਰ ਨੂੰ ਪਤਾ ਲੱਗਾ ਕਿ ਉਸ ਦਾ ਤਾਂ ਘੋੜਾ ਚੋਰੀ ਹੋ ਗਿਆ ਹੈ। ਉਹ ਚੋਰ 'ਤੇ ਬੜਾ ਗ਼ੁੱਸੇ ਹੋਇਆ। ਉਸ ਨੂੰ ਇਸ ਗੱਲ ਦਾ ਅਫ਼ਸੋਸ ਸੀ ਕਿ ਇਕ ਆਦਮੀ ਨੇ ਘੋੜਾ ਚੁਰਾਉਣ ਦੇ ਖ਼ਿਆਲ ਨਾਲ ਆਪਣੇ ਦਿਲ ਨੂੰ ਮਲੀਨ ਬਣਾ ਲਿਆ। ਓਦੋਂ ਤਕ ਸਰਾਂਅ ਦੇ ਹੋਰ ਆਦਮੀ ਭੀ ਆ ਗਏ ਤੇ ਉਸ ਦੇ ਆਲੇ-ਦੁਆਲੇ ਖੜੇ ਹੋ ਕੇ ਭਾਂਤ-ਭਾਂਤ ਦੀਆਂ ਗੱਲਾਂ ਕਰਨ ਲੱਗੇ।

ਪਹਿਲੇ ਆਦਮੀ ਨੇ ਕਿਹਾ, "ਕੀ ਇਹ ਤੇਰੀ ਬੇਪਰਵਾਹੀ ਨਹੀਂ ? ਤੂੰ ਘੋੜਾ ਤਬੇਲੇ ਦੇ ਬਾਹਰ ਕਿਉਂ ਬੰਨ੍ਹਿਆ ?"

ਦੂਸਰੇ ਨੇ ਕਿਹਾ, "ਇਸ ਤੋਂ ਵੱਧ ਹੋਰ ਬੇਪਰਵਾਹੀ ਇਹ ਕੀਤੀ ਹੈ ਕਿ ਘੋੜੇ ਦੇ ਪੈਰੀਂ ਨਿਉਲ ਤਕ ਨਹੀਂ ਲਾਇਆ।"

ਤੀਸਰੇ ਨੇ ਕਿਹਾ, "ਇਹ ਤਾਂ ਬੇਪਰਵਾਹੀ ਦੀ ਹੱਦ ਹੀ ਹੈ ਕਿ ਸਮੁੰਦਰ ਦੇ ਪਾਸੇ ਵੱਲ ਘੋੜੇ 'ਤੇ ਚੜ੍ਹ ਕੇ ਸਫ਼ਰ ਕੀਤਾ ਜਾਵੇ।"

ਚੌਥੇ ਨੇ ਕਿਹਾ, "ਪੈਰੀਂ ਨਾ ਤੁਰਨ ਜੋਗੇ ਕਮਜ਼ੋਰ ਤੇ ਆਲਸੀ ਆਦਮੀ ਹੀ ਘੋੜੇ ਰੱਖਦੇ ਹਨ।"

ਇਹ ਗੱਲਾਂ ਸੁਣ ਕੇ ਮੁਸਾਫ਼ਰ ਬੜਾ ਹੈਰਾਨ ਹੋਇਆ ਤੇ ਆਖ਼ਰ ਉਸ ਆਖਿਆ, "ਦੋਸਤੋ ! ਕੀ ਤੁਸੀਂ ਮੇਰੀਆਂ ਗਲਤੀਆਂ ਨੂੰ ਇਸ ਲਈ ਗਿਣ ਰਹੇ ਹੋ ਕਿ ਮੇਰਾ ਘੋੜਾ ਚੋਰੀ ਹੋ ਗਿਆ ਹੈ ? ਹੈਰਾਨੀ ਇਹ ਹੈ ਕਿ ਤੁਸਾਂ ਉਸ ਆਦਮੀ ਬਾਰੇ ਇਕ ਸ਼ਬਦ ਤਕ ਨਹੀਂ ਆਖਿਆ, ਜਿਸ ਨੇ ਘੋੜਾ ਚੁਰਾਇਆ ਹੈ।"

37. ਤਾਜ ਦਾ ਅਧਿਕਾਰੀ

ਇਕ ਵੇਰ ਬਾਬਲ ਦਾ ਬਾਦਸ਼ਾਹ ਤਾਜਪੋਸ਼ੀ ਹੋਣ ਤੋਂ ਬਾਦ ਆਪਣੇ ਸੁਪਨ-ਮਹੱਲ ਵਿਚ ਗਿਆ, ਜੋ ਕਿ ਤਿੰਨ ਲਾਮਿਆਂ ਨੇ ਉਸ ਲਈ ਖ਼ਾਸ ਤੌਰ 'ਤੇ ਤਿਆਰ ਕੀਤਾ ਸੀ। ਬਾਦਸ਼ਾਹ ਨੇ ਤਾਜ ਅਤੇ ਆਪਣਾ ਸ਼ਾਹੀ ਲਿਬਾਸ ਲਾਹ ਦਿੱਤਾ ਤੇ ਕਮਰੇ ਦੇ ਵਿਚਕਾਰ ਖੜੋ ਕੇ ਖ਼ਿਆਲੀ ਉਡਾਰੀਆਂ ਮਾਰਨ ਲੱਗਾ ਕਿ ਉਹ ਇਸ ਸਮੇਂ ਬਾਬਲ ਦਾ ਚੱਕ੍ਰਵਰਤੀ ਬਾਦਸ਼ਾਹ ਹੈ।

ਇਕ ਦਮ ਉਸ ਪਾਸਾ ਮੋੜਿਆ ਤਾਂ ਆਪਣੀ ਮਾਂ ਦੇ ਦਿੱਤੇ ਸ਼ੀਸ਼ੇ ਵਿਚੀਂ ਤੱਕਿਆ, ਅੱਗੋਂ ਇਕ ਨੰਗ-ਧੜੰਗਾ ਫੱਕਰ ਨਿਕਲ ਕੇ ਆ ਰਿਹਾ ਸੀ। ਬਾਦਸ਼ਾਹ ਹੈਰਾਨ ਹੋਇਆ ਤੇ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ ?"

ਉਸ ਨੰਗੇ ਮਲੰਗ ਨੇ ਕਿਹਾ, "ਕੇਵਲ ਇਹ ਜਾਣਨਾ ਚਾਹੁੰਦਾ ਹਾਂ ਕਿ ਲੋਕਾਂ ਤੁਹਾਨੂੰ ਸ਼ਾਹੀ ਤਾਜ ਕਿਉਂ ਪਹਿਨਾਇਆ ਹੈ ?"

ਬਾਦਸ਼ਾਹ ਨੇ ਕਿਹਾ, "ਕਿਉਂਕਿ ਮੈਂ ਸਾਰੇ ਦੇਸ਼ ਵਿਚੋਂ ਸਾਊ ਅਤੇ ਭਲਾਮਾਣਸ ਸਾਂ।"

ਉਸ ਨੰਗੇ ਮਲੰਗ ਨੇ ਕਿਹਾ, "ਅਗਰ ਤੂੰ ਇਸ ਤੋਂ ਵੀ ਜ਼ਿਆਦਾ ਭਾਗਵਾਨ ਹੁੰਦਾ ਤਾਂ ਵੀ ਤੂੰ ਬਾਦਸ਼ਾਹ ਬਣਨ ਦੇ ਯੋਗ ਨਹੀਂ ਸੀ।"

ਬਾਦਸ਼ਾਹ ਨੇ ਕਿਹਾ, "ਕਿਉਂਕਿ ਮੈਂ ਬੜਾ ਭਾਰਾ ਸੂਰਬੀਰ ਸਾਂ, ਇਸ ਲਈ ਮੈਨੂੰ ਤਾਜ ਪਹਿਨਾਇਆ ਗਿਆ।"

ਉਸ ਮਲੰਗ ਨੇ ਕਿਹਾ, "ਅਗਰ ਤੂੰ ਇਸ ਤੋਂ ਵੀ ਵਧੇਰੇ ਬਲਵਾਨ ਹੁੰਦਾ ਤਾਂ ਵੀ ਬਾਦਸ਼ਾਹੀ ਤੇਰਾ ਹੱਕ ਨਹੀਂ ਸੀ।"

ਫੇਰ ਬਾਦਸ਼ਾਹ ਨੇ ਕਿਹਾ, "ਮੈਂ ਸਭ ਤੋਂ ਜ਼ਿਆਦਾ ਬੁੱਧੀਵਾਨ ਸਾਂ, ਇਸ ਲਈ ਮੈਨੂੰ ਸ਼ਹਿਨਸ਼ਾਹੀਅਤ ਸੌਂਪੀ ਗਈ ਹੈ।"

ਮਲੰਗ ਨੇ ਕਿਹਾ, "ਭਾਵੇਂ ਤੂੰ ਇਸ ਤੋਂ ਵੀ ਬਹੁਤਾ ਵਿਦਵਾਨ ਹੁੰਦਾ, ਫਿਰ ਵੀ ਰਾਜ 'ਤੇ ਤੇਰਾ ਅਧਿਕਾਰ ਨਹੀਂ ਸੀ।"

ਬਾਦਸ਼ਾਹ ਪਸ਼ਚਾਤਾਪ ਕਰਦਾ ਰੋਂਦਾ ਰੋਂਦਾ ਧਰਤੀ 'ਤੇ ਡਿੱਗ ਪਿਆ।

ਫੱਕਰ ਮਲੰਗ ਨੇ ਉਸ ਵੱਲ ਹੇਠਾਂ ਨੂੰ ਤੱਕਿਆ, ਫਿਰ ਉਹ ਤਾਜ ਚੁੱਕਿਆ ਤੇ ਆਦਰ ਨਾਲ ਉਸ ਦੇ ਝੁਕੇ ਹੋਏ ਸਿਰ 'ਤੇ ਰੱਖ ਦਿੱਤਾ।

ਤੇ ਉਹ ਮਲੰਗ ਬਾਦਸ਼ਾਹ ਨੂੰ ਪਿਆਰ-ਭਰੀਆਂ ਨਜ਼ਰਾਂ ਨਾਲ ਤੱਕਦਾ ਹੋਇਆ ਸ਼ੀਸ਼ੇ ਵਿਚੋਂ ਕਿਧਰੇ ਅਲੋਪ ਹੋ ਗਿਆ।

ਬਾਦਸ਼ਾਹ ਉਠਿਆ, ਤੇ ਸ਼ੀਸ਼ੇ ਵਿਚੀਂ ਉਸ ਆਪਣਾ ਆਪ ਵੇਖਿਆ, ਹੁਣ ਉਸ ਦੇ ਸਿਰ 'ਤੇ ਸੁੰਦਰ ਤਾਜ ਸ਼ੋਭਾ ਪਾ ਰਿਹਾ ਸੀ।

38. ਲਿਖਾਰੀ ਤੇ ਕਵੀ

ਇਕ ਸੱਪ ਨੇ ਚੰਡੋਲ ਨੂੰ ਕਿਹਾ, "ਤੁਸੀਂ ਉਡਦੇ ਤਾਂ ਹੋ, ਮਗਰ ਤੁਹਾਨੂੰ ਜ਼ਮੀਨ ਦੇ ਉਨ੍ਹਾਂ ਕੋਣਿਆਂ ਦੀ ਖ਼ਬਰ ਨਹੀਂ, ਜਿਥੇ ਜ਼ਿੰਦਗੀ ਦਾ ਅਨੰਦ ਪੂਰਨ ਖ਼ਾਮੋਸ਼ੀ ਵਿਚ ਸੰਚਾਰ ਕਰ ਰਿਹਾ ਹੈ।"

ਚੰਡੋਲ ਨੇ ਜਵਾਬ ਦਿੱਤਾ, "ਭਾਵੇਂ ਤੁਸੀਂ ਬਹੁਤ ਸਾਰੀਆਂ ਗੱਲਾਂ ਜਾਣਦੇ ਹੋ ਤੇ ਤਮਾਮ ਸਿਆਣਿਆਂ ਵਿਚੋਂ ਵੀ ਦਾਨੇ ਮੰਨੇ ਜਾਂਦੇ ਹੋ ਪਰ ਅਫ਼ਸੋਸ ਹੈ ਕਿ ਤੁਸੀਂ ਉਡ ਨਹੀਂ ਸਕਦੇ।"

ਸੱਪ ਨੇ ਚੰਡੋਲ ਦੀ ਗੱਲ ਨੂੰ ਅਣਸੁਣੀ ਕਰ ਕੇ ਆਖਣਾ ਸ਼ੁਰੂ ਕੀਤਾ, "ਤੁਸੀਂ ਸਮੁੰਦਰ ਦੇ ਭੇਦਾਂ ਤਕ ਨਹੀਂ ਪਹੁੰਚ ਸਕਦੇ ਤੇ ਨਾ ਹੀ ਅਣ-ਦਿਸਦੇ ਖ਼ਜ਼ਾਨਿਆਂ 'ਤੇ ਘੁੰਮਰ ਪਾ ਸਕਦੇ ਹੋ। ਅਜੇ ਕੱਲ੍ਹ ਦੀ ਗੱਲ ਹੈ ਕਿ ਮੈਂ ਲਾਲ ਜਵਾਹਰਾਂ ਦੀਆਂ ਕੰਦਰਾਂ ਵਿਚ ਲੇਟਿਆ ਹੋਇਆ ਸੀ ਤੇ ਉਹ ਪੱਕੇ ਹੋਏ ਅਨਾਰ ਦੇ ਸੀਨੇ ਵਾਂਗ ਲਾਲ ਸਨ ਤੇ ਸੂਰਜ ਦੀ ਨਿੱਕੀ ਜਿਹੀ ਕਿਰਨ ਉਨ੍ਹਾਂ ਨੂੰ ਚਮਕਦੇ ਗੁਲਾਲ ਵਿਚ ਬਦਲ ਰਹੀ ਸੀ। ਮੇਰੇ ਸਿਵਾ ਇਨ੍ਹਾਂ ਅਜੂਬਿਆਂ ਨੂੰ ਕੌਣ ਤੱਕ ਸਕਦਾ ਹੈ? ਕੋਈ ਨਹੀਂ।"

ਚੰਡੋਲ ਨੇ ਕਿਹਾ, "ਸਚਮੁਚ ਹੀ ਤੁਹਾਥੋਂ ਬਿਨਾਂ ਹੋਰ ਕੋਈ ਅਜੇਹੀ ਹਸਤੀ ਨਹੀਂ, ਜੋ ਇਤਨੀ ਕੀਮਤੀ ਬਲੌਰੀ ਕੰਦਰਾਂ ਵਿਚ ਬਿਰਾਜਣ ਦਾ ਸੁਭਾਗ ਹਾਸਲ ਕਰ ਸਕਦੀ ਹੋਵੇ, ਪਰ ਅਫ਼ਸੋਸ ਕਿ ਤੁਸੀਂ ਗਾ ਨਹੀਂ ਸਕਦੇ।"

ਸੱਪ ਨੇ ਕਿਹਾ, "ਮੈਨੂੰ ਇਕ ਅਜੇਹੀ ਬੂਟੀ ਦੀ ਖ਼ਬਰ ਹੈ ਜਿਸ ਦੀਆਂ ਜੜ੍ਹਾਂ ਧਰਤੀ ਵਿਚ ਪਤਾਲ ਤਕ ਜਾਂਦੀਆਂ ਹਨ। ਅਗਰ ਕੋਈ ਉਸ ਦੀ ਜੜ੍ਹ ਖਾ ਲਵੇ ਤਾਂ ਉਹ ਬੇਹੱਦ ਖ਼ੂਬਸੂਰਤ ਹੋ ਜਾਂਦਾ ਹੈ।"

ਚੰਡੋਲ ਨੇ ਕਿਹਾ, "ਠੀਕ ਹੈ, ਕੋਈ ਨਹੀਂ ਜੋ ਤੁਹਾਥੋਂ ਸਿਵਾ ਜ਼ਮੀਨ ਦੇ ਜਾਦੂਗਰੀ ਖ਼ਿਆਲ ਨੂੰ ਪ੍ਰਗਟ ਕਰ ਸਕੇ, ਪਰ ਅਫ਼ਸੋਸ ਕਿ ਤੁਸੀਂ ਉੱਡ ਨਹੀਂ ਸਕਦੇ।"

ਸੱਪ ਨੇ ਕਿਹਾ, "ਕਿਰਮਚੀ ਰੰਗ ਦੀ ਇਕ ਨਦੀ ਹੈ, ਜੋ ਪਹਾੜ ਦੀ ਹੇਠਲੀ ਤਹਿ ਵਿਚ ਵਹਿ ਰਹੀ ਹੈ। ਜੋ ਕੋਈ ਉਸ ਦਾ ਪਾਣੀ ਪੀ ਲੈਂਦਾ ਹੈ, ਉਹ ਅਮਰ ਹੋ ਜਾਂਦਾ ਹੈ। ਯਕੀਨਨ ਕੋਈ ਜਾਨਵਰ ਜਾਂ ਪੰਛੀ ਉਸ ਕਿਰਮਚੀ ਨਦੀ ਤਕ ਪਹੁੰਚ ਹੀ ਨਹੀਂ ਸਕਦਾ।"

ਚੰਡੋਲ ਨੇ ਜਵਾਬ ਦਿੱਤਾ, "ਅਗਰ ਤੁਸੀਂ ਚਾਹੋ ਤਾਂ ਦੇਵਤਿਆਂ ਵਾਂਗ ਅਮਰ ਤਾਂ ਬਣ ਸਕਦੇ ਹੋ, ਪਰ ਅਫ਼ਸੋਸ! ਤੁਸੀਂ ਗਾ ਨਹੀਂ ਸਕਦੇ।"

ਸੱਪ ਨੇ ਕਿਹਾ, "ਮੈਨੂੰ ਇਕ ਐਸੇ ਹੁਨਰ-ਭਰਪੂਰ ਮੰਦਰ ਦੀ ਵੀ ਖ਼ਬਰ ਹੈ, ਜਿਸ ਨੂੰ ਮੈਂ ਚੰਦ ਚਾਂਦਨੀ ਵਿਚ ਇਕ ਵੇਰ ਜ਼ਰੂਰ ਤਕਦਾ ਹਾਂ। ਇਸ ਨੂੰ ਦੇਵਤਿਆਂ ਦੀ ਇਕ ਮਾਨਯੋਗ ਉੱਚ ਸ਼੍ਰੇਣੀ ਨੇ ਬਣਵਾਇਆ ਸੀ। ਇਸ ਦੀਆਂ ਦੀਵਾਰਾਂ 'ਤੇ ਜ਼ਮਾਨੇ ਦੇ ਕਈ ਖ਼ਾਸ ਭੇਦ ਲਿਖੇ ਹੋਏ ਹਨ। ਜੋ ਕੋਈ ਉਨ੍ਹਾਂ ਨੂੰ ਪੜ੍ਹ ਲਵੇ, ਉਹ ਤਮਾਮ ਭੇਦਾਂ ਨੂੰ ਪਾ ਲਵੇ।"

ਚੰਡੋਲ ਨੇ ਕਿਹਾ, "ਠੀਕ ਹੈ ਕਿ ਜ਼ਮਾਨੇ ਦੇ ਸਾਰੇ ਇਲਮ ਤੁਸੀਂ ਆਪਣੇ ਲਚਕਦਾਰ ਸਰੀਰ ਨਾਲ ਲਪੇਟ ਸਕਦੇ ਹੋ, ਮਗਰ ਤੁਸੀਂ ਉੱਡ ਨਹੀਂ ਸਕਦੇ।"

ਇਸ 'ਤੇ ਸੱਪ ਨੂੰ ਖਿਝ ਆਈ ਤੇ ਉਹ ਆਪਣੀ ਖੁੱਡ ਵਿਚ ਵੜਨ ਲੱਗਾ। ਉਸ ਸਮੇਂ ਉਹ ਇਉਂ ਬੁੜਬੜਾਇਆ, "ਊਂਹ! ਖ਼ਾਲੀ ਗੀਤਾਂ ਦਾ ਸ਼ੌਕੀ।"

ਤੇ ਚੰਡੋਲ ਗਾਉਂਦਾ ਗਾਉਂਦਾ ਉਡ ਗਿਆ, "ਅਫ਼ਸੋਸ, ਅਫ਼ਸੋਸ! ਮੇਰੇ ਸਿਆਣੇ ਮਿਤ੍ਰ! ਤੁਸੀਂ ਉਡ ਨਹੀਂ ਸਕਦੇ।"

39. ਦਰਵੇਸ਼

ਜਦੋਂ ਮੈਂ ਗੱਭਰੂ ਸਾਂ, ਇਕ ਦਰਵੇਸ਼ ਨੂੰ ਮਿਲਿਆ ਜੋ ਪਰਬਤਾਂ ਤੋਂ ਪਾਰ ਇਕ ਖ਼ਾਮੋਸ਼ ਕੰਦਰ ਵਿਚ ਰਹਿੰਦਾ ਸੀ। ਅਸਾਂ ਨੇਕੀ ਦੀ ਅਸਲੀਅਤ ਬਾਰੇ ਗੱਲਾਂ-ਬਾਤਾਂ ਕਰਨੀਆਂ ਸ਼ੁਰੂ ਕੀਤੀਆਂ, ਜਦ ਨੂੰ ਇਕ ਥੱਕਿਆ ਟੁੱਟਿਆ ਡਾਕੂ ਲੰਗੜਾਂਦਾ ਹੋਇਆ ਉਥੇ ਆਇਆ ਤੇ ਉਸ ਨੇ ਕਿਹਾ, "ਸਾਈਂ ਜੀ! ਕੀ ਤੁਹਾਡੀ ਕੁਟੀਆ ਵਿਚ ਇਥੇ ਮੈਨੂੰ ਆਰਾਮ ਮਿਲ ਸਕੇਗਾ? ਮੈਂ ਬੜੇ ਗੁਨਾਹਾਂ ਦੇ ਭਾਰ ਨਾਲ ਦਬਿਆ ਹੋਇਆ ਹਾਂ।"

ਦਰਵੇਸ਼ ਨੇ ਕਿਹਾ, "ਮੈਂ ਆਪ ਗੁਨਾਹਾਂ ਦੇ ਬੋਝ ਹੇਠ ਆਇਆ ਹੋਇਆ ਹਾਂ।"

ਡਾਕੂ ਨੇ ਕਿਹਾ, "ਨਹੀਂ, ਮੈਂ ਤਾਂ ਚੋਰ ਤੇ ਲੁਟੇਰਾ ਹਾਂ।"

ਦਰਵੇਸ਼ ਨੇ ਉੱਤਰ ਦਿੱਤਾ, "ਮੈਂ ਆਪ ਵੀ ਇਕ ਚੋਰ ਤੇ ਲੁਟੇਰਾ ਹਾਂ।"

ਡਾਕੂ ਨੇ ਕਿਹਾ, "ਮੈਂ ਤਾਂ ਖ਼ੂਨੀ ਹਾਂ ਖ਼ੂਨੀ; ਬੇਅੰਦਾਜ਼ ਇਨਸਾਨਾਂ ਦਾ ਲਹੂ ਮੇਰੇ ਕੰਨਾਂ ਵਿਚ ਭਿਆਨਕ ਆਵਾਜ਼ਾਂ ਦੇ ਰਿਹਾ ਹੈ।"

ਦਰਵੇਸ਼ ਨੇ ਆਖਿਆ, "ਮੈਂ ਆਪ ਇਕ ਕਾਤਲ ਹਾਂ, ਤੇ ਬੇਸ਼ੁਮਾਰ ਮਨੁੱਖਾਂ ਦਾ ਲਹੂ ਮੇਰੇ ਕੰਨੀਂ ਸ਼ੋਰ ਮਚਾ ਰਿਹਾ ਹੈ।"

ਡਾਕੂ ਨੇ ਕਿਹਾ, "ਸਾਈਂ ਜੀ! ਮੈਂ ਬਹੁਤ ਪਾਪ ਕੀਤੇ ਹਨ।"

ਸਾਈਂ ਨੇ ਗੰਭੀਰ ਹੋ ਕਿਹਾ, "ਮੈਂ ਵੀ ਬੜੇ ਗੁਨਾਹ ਕੀਤੇ ਹਨ।"

ਇਹ ਸੁਣ ਕੇ ਡਾਕੂ ਉੱਠ ਖਲੋਤਾ, ਉਸ ਸਾਈਂ ਵੱਲ ਤੱਕਿਆ ਤੇ ਚਲਦਾ ਬਣਿਆ। ਉਸ ਦੀਆਂ ਅੱਖਾਂ ਵਿਚ ਬੜੀ ਭਾਰੀ ਥਕਾਵਟ ਸੀ ਤੇ ਉਹ ਜਾਂਦਾ ਜਾਂਦਾ ਕੋਈ ਟੋਹ ਲਗਾਉਂਦਾ ਜਾ ਰਿਹਾ ਸੀ।

ਮੈਂ ਦਰਵੇਸ਼ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ ਆਪਣੇ ਆਪ ਨੂੰ ਅਣਕੀਤੇ ਗੁਨਾਹਾਂ ਨਾਲ ਕਿਉਂ ਜੋੜਿਆ? ਕੀ ਤੁਹਾਡਾ ਇਹ ਖ਼ਿਆਲ ਨਹੀਂ ਕਿ ਇਹ ਆਦਮੀ ਤੁਹਾਥੋਂ ਤੰਗ ਆ ਕੇ ਗਿਆ ਹੈ?"

ਦਰਵੇਸ਼ ਨੇ ਜਵਾਬ ਦਿੱਤਾ, "ਇਹ ਠੀਕ ਹੈ, ਹੁਣ ਇਸ ਨੂੰ ਮੇਰੇ 'ਤੇ ਭਰੋਸਾ ਨਹੀਂ ਰਿਹਾ ਪਰ ਇਥੋਂ ਉਹ ਬੇਹੱਦ ਅਸਰ ਲੈ ਕੇ ਗਿਆ ਹੈ, ਖ਼ਾਲੀ ਨਹੀਂ ਗਿਆ।

ਇਸ ਸਮੇਂ ਅਸੀਂ ਉਸ ਡਾਕੂ ਨੂੰ ਕੁਛ ਫ਼ਾਸਲੇ 'ਤੇ ਗਾਉਂਦਿਆਂ ਹੋਇਆਂ ਸੁਣਿਆ, ਉਸ ਦੇ ਗੀਤਾਂ ਦੀ ਗੁੰਜਾਰ ਪਰਬਤਾਂ ਨੂੰ ਇਕ ਤਰ੍ਹਾਂ ਖ਼ੁਸ਼ੀਆਂ-ਭਰੀ ਮਸਤੀ ਪ੍ਰਦਾਨ ਕਰ ਰਹੀ ਸੀ।

40. ਭੋਲਾ ਲੋਕ

ਇਕ ਵੇਰ ਮਾਰੂਥਲ ਵੱਲੋਂ ਇਕ ਆਦਮੀ ਸਰਵੀਆ ਦੇ ਸ਼ਾਨਦਾਰ ਸ਼ਹਿਰ ਵਿਚ ਆਇਆ। ਉਹ ਹਮੇਸ਼ਾ ਸੁਪਨਿਆਂ ਦੀ ਦੁਨੀਆਂ ਵਿਚ ਗਵਾਚਾ ਰਹਿੰਦਾ ਸੀ। ਉਸ ਦੇ ਕੋਲ ਆਪਣੇ ਤਨ ਦੇ ਕਪੜਿਆਂ ਤੇ ਆਪਣੀ ਸੋਟੀ ਦੇ ਸਿਵਾ ਹੋਰ ਕੁਝ ਵੀ ਨਹੀਂ ਸੀ।

ਜਦੋਂ ਉਹ ਸ਼ਹਿਰ ਦੇ ਗਲੀਆਂ ਕੂਚਿਆਂ ਵਿਚੀਂ ਲੰਘਦਾ, ਤਾਂ ਹੈਰਾਨੀ ਨਾਲ ਸਿਰ ਚੁਕ ਚੁਕ ਮਹੱਲਾਂ ਦੇ ਕਲਸਾਂ ਤੇ ਮੀਨਾਰਾਂ ਨੂੰ ਵੇਖਦਾ ਜਾਂਦਾ। ਸਰਵੀਆ ਇਕ ਕਾਫ਼ੀ ਵੱਡਾ

ਸ਼ਹਿਰ ਸੀ, ਉਸ ਨੇ ਕਈ ਵਾਰ ਇਧਰ-ਉਧਰ ਜਾ ਰਹੇ ਲੋਕਾਂ ਪਾਸੋਂ ਵੀ ਪੁੱਛ-ਗਿੱਛ ਕੀਤੀ। ਪਰ ਉਹ ਇਸ ਦੀ ਬੋਲੀ ਤੋਂ ਅਣਜਾਣ ਸਨ ਤੇ ਉਹ ਵੀ ਉਨ੍ਹਾਂ ਦੀ ਬੋਲੀ ਤੋਂ ਜਾਣੂ ਨਹੀਂ ਸੀ।

ਦੁਪਹਿਰ ਸਮੇਂ ਉਹ ਇਕ ਵੱਡੇ ਹੋਟਲ ਦੇ ਸਾਹਮਣੇ ਖਲੋ ਗਿਆ, ਜੋ ਕਿ ਸੁਨਹਿਰੀ ਪੱਥਰਾਂ ਦਾ ਬਣਿਆ ਹੋਇਆ ਸੀ। ਲੋਕ ਉਸ ਵਿਚ ਬਿਨਾਂ ਝਿਜਕ ਅੰਦਰ ਬਾਹਰ ਜਾ ਰਹੇ ਸੀ।

"ਇਹ ਜ਼ਰੂਰ ਕੋਈ ਯਾਤਰਾ-ਅਸਥਾਨ ਹੋਵੇਗਾ," ਇਹ ਕਹਿੰਦਾ ਉਹ ਵੀ ਅੰਦਰ ਚਲਾ ਗਿਆ। ਜਦੋਂ ਉਸ ਵੇਖਿਆ ਕਿ ਉਹ ਬੜੇ ਵੱਡੇ ਹਾਲ ਕਮਰੇ ਵਿਚ ਆ ਗਿਆ ਹੈ, ਤਾਂ ਉਸ ਦੀ ਪ੍ਰੇਸ਼ਾਨੀ ਦੀ ਕੋਈ ਹੱਦ ਨਾ ਰਹੀ। ਮੇਜ਼ਾਂ ਦੁਆਲੇ ਬੈਠੇ ਲੋਕ ਕੁਝ ਖਾ ਪੀ ਰਹੇ ਸਨ ਤੇ ਗੀਤ ਗਾਣਿਆਂ ਦੀ ਵੀ ਖ਼ੂਬ ਰੌਣਕ ਸੀ।

ਉਸ ਨੇ ਆਪਣੇ ਦਿਲ ਵਿਚ ਸੋਚਿਆ, ਨਹੀਂ ਨਹੀਂ, ਇਹ ਪੂਜਾ ਇਬਾਦਤ ਤਾਂ ਹੋ ਨਹੀਂ ਸਕਦੀ। ਹਾਂ, ਕੋਈ ਜ਼ਿਆਫ਼ਤ ਜਾਂ ਪਾਰਟੀ ਹੈ ਜੋ ਕਿ ਸ਼ਹਿਜ਼ਾਦੇ ਨੇ ਖ਼ਾਸ ਖ਼ੁਸ਼ੀ ਸਮੇਂ ਆਪਣੇ ਯਾਰਾਂ ਦੋਸਤਾਂ ਨੂੰ ਦਿੱਤੀ ਹੈ।

ਇਤਨੇ ਨੂੰ ਇਕ ਆਦਮੀ ਆਇਆ, ਜਿਸ ਨੇ ਇਸ ਨੂੰ ਸ਼ਹਿਜ਼ਾਦੇ ਦਾ ਨੌਕਰ ਸਮਝਿਆ। ਉਸ ਇਸ ਭੋਲੇ ਲੋਕ ਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਭੋਜਨ ਮਿਠਿਆਈਆਂ ਵਗ਼ੈਰਾ ਲਿਆ ਸਾਹਮਣੇ ਰੱਖੀਆਂ।

ਜਦੋਂ ਉਹ ਰੱਜ ਗਿਆ, ਉਸ ਜਾਣ ਦਾ ਖ਼ਿਆਲ ਕੀਤਾ, ਪਰ ਇਕ ਸਫ਼ੈਦ ਪੁਸ਼ਾਕ ਵਾਲੇ ਆਦਮੀ ਨੇ ਉਸ ਨੂੰ ਦਰਵਾਜ਼ੇ 'ਤੇ ਰੋਕ ਲਿਆ।

ਉਸ ਨੇ ਖ਼ਿਆਲ ਕੀਤਾ ਕਿ ਜ਼ਰੂਰ ਇਹ ਸ਼ਹਿਜ਼ਾਦਾ ਹੀ ਹੋਵੇਗਾ। ਇਹ ਸੋਚ ਕੇ ਉਸ ਨੇ ਸ਼ੁਕਰਾਨੇ ਦੇ ਤੌਰ 'ਤੇ ਸਿਰ ਵੀ ਝੁਕਾ ਲਿਆ। ਫਿਰ ਉਸ ਸਫ਼ੈਦਪੋਸ਼ ਨੇ ਸ਼ਹਿਰੀ ਜ਼ਬਾਨ ਵਿਚ ਕਿਹਾ, "ਸ੍ਰੀ ਮਾਨ ਜੀ! ਆਪ ਨੇ ਭੋਜਨ ਦਾ ਬਿੱਲ ਨਹੀਂ ਤਾਰਿਆ।"

ਉਹ ਉਸ ਦੀ ਗੱਲ ਸਮਝ ਨਾ ਸਕਿਆ ਤੇ ਫਿਰ ਉਸ ਜ਼ੋਰਦਾਰ ਸ਼ਬਦਾਂ ਵਿਚ ਉਸ ਦਾ ਧੰਨਵਾਦ ਕੀਤਾ। ਉਸ ਬਾਬੂ ਨੇ ਉਸ ਵੱਲ ਧਿਆਨ ਨਾਲ ਤੱਕਿਆ ਤੇ ਨਿਸਚਾ ਕੀਤਾ ਕਿ ਇਹ ਤਾਂ ਕੋਈ ਅਣਜਾਣ ਪਰਦੇਸੀ ਹੈ, ਜੋ ਬਿੱਲ ਅਦਾ ਨਹੀਂ ਕਰ ਸਕਦਾ।

ਦੋ ਸਿਪਾਹੀਆਂ ਨੂੰ ਬੁਲਾ ਕੇ ਹੋਟਲ ਬਾਬੂ ਨੇ ਸਾਰੀ ਗੱਲ ਸਮਝਾਈ ਤੇ ਉਹ ਇਸ ਨੂੰ ਕਚਹਿਰੀ ਵੱਲ ਲੈ ਚਲੇ। ਇਸ ਨੇ ਉਨ੍ਹਾਂ ਦੀ ਪੁਸ਼ਾਕ ਵੱਲ ਤੱਕ ਕੇ ਅਨੁਮਾਨ ਲਾਇਆ ਕਿ ਸ਼ਾਇਦ ਇਹ ਕੋਈ ਸ਼ਹਿਰ ਦੇ ਪਤਵੰਤੇ ਸੱਜਣ ਹਨ।

ਅਦਾਲਤ ਵਿਚ ਆ ਗਏ, ਇਥੇ ਇਕ ਲੰਬੀ ਦਾੜ੍ਹੀ ਵਾਲਾ ਸੱਜਣ ਸ਼ਾਹੀ ਲਿਬਾਸ ਪਹਿਨੀ ਬੈਠ ਰਿਹਾ ਸੀ। ਭੋਲੇ ਲੋਕ ਨੇ ਇਹ ਸਮਝਿਆ ਕਿ ਸ਼ਾਇਦ ਇਹ ਬਾਦਸ਼ਾਹ ਹੈ। ਉਸ ਦੇ ਦਿਲ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਕਿ ਉਸ ਨੂੰ ਸ਼ਹਿਨਸ਼ਾਹ ਦੇ ਹਜ਼ੂਰ ਆਉਣ ਦਾ ਸੁਭਾਗ ਮਿਲਿਆ ਹੈ।

ਸਿਪਾਹੀਆਂ ਨੇ ਮੈਜਿਸਟ੍ਰੇਟ ਦੇ ਸਾਹਮਣੇ ਸਾਰਾ ਮਾਮਲਾ ਪੇਸ਼ ਕੀਤਾ। ਦੋ ਵਕੀਲ ਆਏ, ਉਨ੍ਹਾਂ ਆਪਣੇ ਆਪਣੇ ਪੱਖ ਵਿਚ ਖਲੋ ਕੇ ਦਲੀਲਾਂ ਪੇਸ਼ ਕੀਤੀਆਂ। ਇਸ ਸਮਝਿਆ ਕਿ ਸ਼ਾਇਦ ਮੇਰੀ ਸਿਫ਼ਤ ਦੇ ਗੀਤ ਗਾਏ ਜਾ ਰਹੇ ਹਨ। ਚੁਨਾਂਚਿ ਉਸ ਦੇ ਦਿਲ ਵਿਚ ਬਾਦਸ਼ਾਹ ਤੇ ਜੱਜ ਸਾਹਿਬ ਲਈ ਬੜੇ ਧੰਨਵਾਦ ਦੇ ਖ਼ਿਆਲ ਪੈਦਾ ਹੋਏ।

ਅਖ਼ੀਰ ਉਸ ਨੂੰ ਸਜ਼ਾ ਦਾ ਹੁਕਮ ਸੁਣਾ ਦਿੱਤਾ ਗਿਆ। ਸਜ਼ਾ ਇਹ ਸੀ ਕਿ ਇਕ ਫੱਟੀ 'ਤੇ ਉਸ ਦੇ ਕਸੂਰ ਦੀ ਸਾਰੀ ਗੱਲ ਲਿਖ ਕੇ ਉਸ ਦੇ ਗਲ ਲਟਕਾ ਦਿੱਤੀ ਜਾਵੇ ਤੇ

ਘੋੜੇ 'ਤੇ ਚੜ੍ਹਾ ਕੇ ਉਸਨੂੰ ਸਾਰੇ ਸ਼ਹਿਰ ਵਿਚ ਫੇਰਿਆ ਜਾਵੇ ਤੇ ਅੱਗੇ ਅੱਗੇ ਢੋਲ ਵਾਲਾ ਉਸ ਦੇ ਗੁਨਾਹ ਦੀ ਡੌਂਡੀ ਪਿੱਟਦਾ ਜਾਵੇ। ਚੁਨਾਂਚਿ ਇਸੇ ਤਰ੍ਹਾਂ ਹੁਕਮ ਦੀ ਪਾਲਣਾ ਕੀਤੀ ਗਈ।

ਜਦੋਂ ਕਿ ਉਸ ਨੂੰ ਬਿਨਾਂ ਕਾਠੀ ਘੋੜੇ 'ਤੇ ਬਿਠਾ ਕੇ ਸ਼ਹਿਰ ਵਿਚ ਫੇਰਿਆ ਜਾ ਰਿਹਾ ਸੀ ਤੇ ਅੱਗੇ ਅੱਗੇ ਮੁਨਾਦੀ ਕੀਤੀ ਜਾ ਰਹੀ ਸੀ, ਸਾਰੇ ਸ਼ਹਿਰ ਦੇ ਇਆਣੇ ਤੇ ਹੋਰ ਤਮਾਸ਼ਬੀਨ ਲੋਕ ਇਕੱਠੇ ਹੋ ਗਏ ਤੇ ਉਸ ਨੂੰ ਵੇਖ ਵੇਖ ਕੇ ਹੱਸਣ ਲੱਗੇ।

ਇਸ ਦਾ ਦਿਲ ਖ਼ੁਸ਼ੀ ਨਾਲ ਉਛਲਣ ਲੱਗਾ ਤੇ ਅੱਖਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਪ੍ਰਸੰਨਤਾ-ਭਰੀ ਚਮਕ ਆ ਗਈ। ਕਿਉਂਕਿ ਉਸ ਦੇ ਖ਼ਿਆਲ ਵਿਚ ਇਹ ਗੁਨਾਹਾਂ ਦੀ ਫੱਟੀ ਬਾਦਸ਼ਾਹ ਵੱਲੋਂ ਮਿਲਿਆ ਕੋਈ ਇੱਜ਼ਤ ਦਾ ਤਗ਼ਮਾ ਸੀ ਤੇ ਸਾਰੀ ਭੀੜ ਉਸ ਦੀ ਨਜ਼ਰ ਵਿਚ ਸੁਆਗਤ ਕਰਨ ਆਇਆ ਇਕ ਜਲੂਸ ਸੀ।

ਜਦੋਂ ਕਿ ਉਹ ਇਸ ਤਰ੍ਹਾਂ ਜਾ ਰਿਹਾ ਸੀ, ਉਸ ਆਪਣੇ ਇਕ ਸਾਥੀ ਹਮਵਤਨ ਨੂੰ ਤੱਕਿਆ, ਉਸ ਨੂੰ ਹੋਰ ਵੀ ਖ਼ੁਸ਼ੀ ਹੋਈ ਤੇ ਉਸ ਉੱਚੀ ਆਵਾਜ਼ ਨਾਲ ਕਿਹਾ:

"ਦੋਸਤ! ਓ ਦੋਸਤ! ਅਸੀਂ ਕਿਥੇ ਆ ਗਏ ਹਾਂ, ਇਹ ਕਿਸ ਤਰ੍ਹਾਂ ਦਾ ਮਨੋਹਰ ਸ਼ਹਿਰ ਹੈ! ਇਥੋਂ ਦੇ ਮੇਜ਼ਬਾਨ ਕਿਤਨੇ ਅੱਛੇ ਹਨ ਜੋ ਕਿ ਅਣਜਾਣੇ ਮਹਿਮਾਨਾਂ ਨੂੰ ਵੀ ਆਪਣੇ ਮਹੱਲਾਂ ਵਿਚ ਦਾਅਵਤਾਂ ਦੇਂਦੇ ਹਨ। ਸ਼ਹਿਜ਼ਾਦੇ ਤੇ ਬਾਦਸ਼ਾਹ ਵੀ ਹਰ ਇਕ ਦਾ ਸਤਿਕਾਰ ਕਰ ਕੇ ਚੰਗਾ ਨਿਵਾਜਦੇ ਹਨ, ਇਨ੍ਹਾਂ 'ਤੇ ਰੱਬ ਦੀ ਖ਼ਾਸ ਮਿਹਰ ਹੈ।"

ਹਮਵਤਨ ਨੇ ਕੋਈ ਜਵਾਬ ਨਾ ਦਿੱਤਾ, ਉਹ ਮੁਸਕ੍ਰਾਇਆ ਤੇ ਸਿਰ ਹਿਲਾਉਂਦਾ ਬਿਨਾਂ ਕੁਝ ਆਖੇ ਜਲੂਸ ਵਿਚੋਂ ਨਿਕਲ ਗਿਆ।

ਉਸ ਭੋਲੇ ਲੋਕ ਨੇ ਬੜੀ ਸ਼ਾਨ ਨਾਲ ਆਪਣਾ ਸਿਰ ਉਤਾਂਹ ਉਠਾਇਆ ਤੇ ਉਸ ਦੀਆਂ ਅੱਖਾਂ ਵਿਚ ਇਕ ਅਸਚਰਜ-ਭਰੀ ਝਲਕ ਸੀ।

41. ਲੋਭੀ

ਇਕ ਵੇਰ ਮੈਂ ਇਕ ਦਿਓ ਵੇਖਿਆ, ਜਿਸ ਦਾ ਸਿਰ ਮਨੁੱਖਾਂ ਸਮਾਨ ਤੇ ਪੈਰ ਪਸ਼ੂਆਂ ਵਰਗੇ ਸਨ। ਇਹ ਦਿਓ ਧਰਤੀ ਖਾਂਦਾ ਤੇ ਸਮੁੰਦਰ ਪੀਂਦਾ ਸੀ। ਮੈਂ ਇਸ ਨੂੰ ਕਾਫ਼ੀ ਸਮਾਂ ਤੱਕਦਾ ਰਿਹਾ। ਫਿਰ ਉਸ ਦੇ ਨੇੜੇ ਜਾ ਕੇ ਪੁੱਛਿਆ, "ਕੀ ਇਹ ਤੇਰੇ ਲਈ ਕਾਫ਼ੀ ਨਹੀਂ? ਕੀ ਤੇਰੀ ਭੁੱਖ ਤੇ ਪਿਆਸ ਕਦੀ ਪੂਰੀ ਤਰ੍ਹਾਂ ਮਿਟ ਜਾਂਦੀ ਹੈ ਕਿ ਨਹੀਂ?"

ਉਸ ਆਖਿਆ, "ਹਾਂ, ਮੈਨੂੰ ਤਸੱਲੀ ਤਾਂ ਹੈ ਤੇ ਖਾਣ-ਪੀਣ ਵੱਲੋਂ ਅੱਕ-ਥੱਕ ਵੀ ਗਿਆ ਹਾਂ, ਪਰ ਮੈਨੂੰ ਇਹ ਫ਼ਿਕਰ ਲੱਗਾ ਹੋਇਆ ਹੈ ਕਿ ਕੱਲ੍ਹ ਮੇਰੇ ਖਾਣ ਲਈ ਨਾ ਧਰਤੀ ਰਹੇਗੀ ਤੇ ਨਾ ਪੀਣ ਲਈ ਸਮੁੰਦਰ ਹੀ ਬਾਕੀ ਰਹੇਗਾ।"

42. ਨਜੂਮੀ

ਕੱਲ੍ਹ ਮੈਂ ਤੇ ਮੇਰਾ ਦੋਸਤ ਇਕ ਮੰਦਰ ਵੱਲ ਚਲੇ ਗਏ। ਅੱਗੇ ਇਕ ਅੰਨ੍ਹਾ ਆਦਮੀ ਬੈਠਾ ਸੀ। ਮੇਰੇ ਮਿੱਤਰ ਨੇ ਕਿਹਾ, "ਵੇਖੋ! ਇਹ ਸਾਡੇ ਦੇਸ਼ ਦਾ ਸਭ ਤੋਂ ਵੱਡਾ ਸਿਆਣਾ ਹੈ।"

ਮੈਂ ਆਪਣੇ ਮਿੱਤਰ ਨੂੰ ਉਥੇ ਛੱਡ ਕੇ ਆਪ ਉਸ ਅੰਨ੍ਹੇ ਪਾਸ ਗਿਆ ਤੇ ਦੁਆ ਸਲਾਮ ਕਰ ਕੇ ਉਸ ਨਾਲ ਗੱਲਾਂ ਕਰਨ ਲੱਗਾ। ਗੱਲਾਂ ਕਰਦਿਆਂ ਕਰਦਿਆਂ ਮੈਂ ਉਸ ਨੂੰ ਆਖਿਆ, "ਮੈਨੂੰ ਖਿਮਾ ਕਰਨਾ, ਇਕ ਸਵਾਲ ਮੈਂ ਤੁਹਾਥੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਕਦ ਕੁ ਤੋਂ ਅੰਨ੍ਹੇ ਹੋ?"

ਉਸ ਨੇ ਕਿਹਾ, "ਜਨਮ ਤੋਂ ਹੀ।"

ਫਿਰ ਮੈਂ ਪੁੱਛਿਆ, "ਤੁਸੀਂ ਕਿਸ ਮਜ਼੍ਹਬ ਨੂੰ ਮੰਨਣ ਵਾਲੇ ਹੋ?"

ਉਸ ਨੇ ਕਿਹਾ, "ਮੈਂ ਇਕ ਨਜੂਮੀ ਹਾਂ।"

ਫਿਰ ਉਸ ਨੇ ਛਾਤੀ 'ਤੇ ਹੱਥ ਮਾਰਦਿਆਂ ਬੜੀ ਸ਼ਾਨ ਨਾਲ ਕਹਿਣਾ ਸ਼ੁਰੂ ਕੀਤਾ, "ਮੈਂ ਅਸਮਾਨ ਦੇ ਤਮਾਮ ਸੂਰਜ, ਚੰਦ ਤੇ ਸਿਤਾਰਿਆਂ ਦੀ ਚਾਲ ਨੂੰ ਦੇਖਦਾ ਰਹਿੰਦਾ ਹਾਂ। ਮੈਂ......"

43. ਚਾਰ ਸ਼ਾਇਰ

ਚਾਰ ਸ਼ਾਇਰ ਇਕ ਸ਼ਰਾਬ ਦੇ ਪਿਆਲੇ ਦੁਆਲੇ ਇਕੱਠੇ ਹੋਏ ਬੈਠੇ ਸਨ, ਪਿਆਲਾ ਦਰਮਿਆਨ ਮੇਜ਼ 'ਤੇ ਸੀ।

ਪਹਿਲੇ ਸ਼ਾਇਰ ਨੇ ਕਿਹਾ, "ਮੇਰਾ ਖ਼ਿਆਲ ਹੈ ਕਿ ਮੈਂ ਆਪਣੀ ਤੀਸਰੀ ਅੱਖ ਨਾਲ ਇਸ ਸ਼ਰਾਬ ਦੀ ਮਹਿਕ ਨੂੰ ਅਸਮਾਨ ਵਿਚ ਉਡਦਿਆਂ ਵੇਖ ਰਿਹਾ ਹਾਂ, ਜਿਵੇਂ ਕਿਸੇ ਖੁੱਲ੍ਹੇ ਮਾਰੂਥਲ ਵਿਚ ਪੰਛੀਆਂ ਦੀ ਡਾਰ ਜਾ ਰਹੀ ਹੋਵੇ।"

ਦੂਜੇ ਸ਼ਾਇਰ ਨੇ ਸਿਰ ਉਤਾਂਹ ਚੁਕਦਿਆਂ ਕਿਹਾ, "ਮੈਂ ਆਪਣੇ ਅੰਦਰੂਨੀ ਕੰਨ ਰਾਹੀਂ ਇਨ੍ਹਾਂ ਪੰਛੀਆਂ ਦੇ ਮਿੱਠੇ ਗੀਤ ਸੁਣ ਰਿਹਾ ਹਾਂ। ਇਨ੍ਹਾਂ ਦੇ ਨਗਮੇ ਨੇ ਮੇਰੇ ਦਿਲ ਨੂੰ ਇਉਂ ਕੈਦ ਕਰ ਲਿਆ ਹੈ ਜਿਵੇਂ ਮਧੂ-ਮੱਖੀਆਂ ਨੂੰ ਚਿੱਟਾ ਗ਼ੁਲਾਬ ਆਪਣੀਆਂ ਪੰਖੜੀਆਂ ਵਿਚ ਬੰਦ ਕਰ ਲੈਂਦਾ ਹੈ।"

ਤੀਸਰੇ ਸ਼ਾਇਰ ਨੇ ਅਸਮਾਨ ਵਲ ਬਾਂਹ ਉਲਾਰਦਿਆਂ ਕਿਹਾ, "ਮੈਂ ਉਨ੍ਹਾਂ ਪੰਛੀਆਂ ਦੇ ਖੰਭਾਂ ਨੂੰ ਛੋਹ ਰਿਹਾ ਹਾਂ ਤੇ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਸੁਪਨੇ ਅੰਦਰ ਸੁੰਦਰਤਾ ਦਾ ਸਾਹ ਮੇਰੀਆਂ ਉਂਗਲੀਆਂ ਨੂੰ ਸਪਰਸ਼ ਕਰ ਰਿਹਾ ਹੋਵੇ।"

ਤਾਂ ਚੌਥਾ ਸ਼ਾਇਰ ਉਠਿਆ ਤੇ ਉਸ ਪਿਆਲੇ ਨੂੰ ਉਤਾਂਹ ਉਠਾਂਦਿਆਂ ਕਿਹਾ, "ਅਫ਼ਸੋਸ, ਮਿੱਤਰੋ! ਮੈਂ ਤੁਹਾਡੇ ਵਾਂਗ ਦੇਖਣ, ਸੁਣਨ ਤੇ ਛੋਹਣ ਦੇ ਰਾਜ਼ ਤੋਂ ਖਾਲੀ ਹਾਂ। ਨਾ ਮੈਂ ਸ਼ਰਾਬ ਦੀ ਮਹਿਕ ਦੇਖ ਸਕਦਾ ਹਾਂ, ਨਾ ਮੈਨੂੰ ਪੰਛੀਆਂ ਦੇ ਗੀਤ ਸੁਣਾਈ ਦਿੰਦੇ ਹਨ ਤੇ ਨਾ ਹੀ ਮੇਰੇ ਹੱਥ ਉਨ੍ਹਾਂ ਦੇ ਖੰਭਾਂ ਦੀ ਫੜਫੜਾਹਟ ਨੂੰ ਪਰਸ ਰਹੇ ਹਨ। ਮੈਂ ਤਾਂ ਕੇਵਲ ਸ਼ਰਾਬ ਹੀ ਵੇਖ ਰਿਹਾ ਹਾਂ, ਕੇਵਲ ਸ਼ਰਾਬ। ਮੈਨੂੰ ਇਹ ਪੀਣੀ ਹੀ ਪਵੇਗੀ, ਜਿਸ ਨਾਲ ਮੈਂ ਵੀ ਆਪਣੇ ਅਨੁਭਵ ਵਿਚ ਤੇਜ਼ੀ ਪੈਦਾ ਕਰ ਕੇ ਤੁਹਾਡੀ ਖ਼ਿਆਲ-ਉਡਾਰੀ ਤਕ ਪੁੱਜ ਸਕਾਂ।"

ਇਉਂ ਉਸ ਬੁੱਲ੍ਹਾਂ ਨੂੰ ਪਿਆਲਾ ਲਾਉਂਦਿਆਂ ਸਾਰੀ ਮਦਰਾ ਪੀ ਛੱਡੀ। ਤਿੰਨੇ ਸ਼ਾਇਰ ਉਸ ਵੱਲ ਹੈਰਾਨੀ ਨਾਲ ਤੱਕ ਰਹੇ ਸਨ ਤੇ ਉਨ੍ਹਾਂ ਦੇ ਨੈਣਾਂ ਅੰਦਰ ਇਕ ਅਮਿਟ ਨਫ਼ਰਤ ਸੀ, ਜੋ ਕਿ ਆਮ ਤੌਰ 'ਤੇ ਕਵੀ-ਨੈਣਾਂ ਵਿਚ ਨਹੀਂ ਹੁੰਦੀ।

44. ਸ਼ਰਾਬੀ ਬਾਦਸ਼ਾਹ

ਇਕ ਵੇਰ ਇਕ ਬਾਦਸ਼ਾਹ ਪਾਸ ਬਹੁਤ ਸਾਰੇ ਪਤਵੰਤੇ ਆ ਕੇ ਬੇਨਤੀ ਕਰਨ ਲੱਗੇ, "ਮਹਾਰਾਜ! ਇਹ ਆਪ ਦੀ ਬੜੀ ਕ੍ਰਿਪਾਲਤਾ ਹੋਵੇਗੀ ਅਗਰ ਤੁਸੀਂ ਆਪਣੇ ਫ਼ੁਰਮਾਨ ਰਾਹੀਂ ਆਪਣੀ ਪਰਜਾ ਵਿਚ ਹਰ ਤਰ੍ਹਾਂ ਦੀ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਮਨ੍ਹਾ ਕਰ ਦੇਵੋ।"

ਲੇਕਿਨ ਬਾਦਸ਼ਾਹ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਤੇ ਹੱਸਦਾ ਹੋਇਆ ਉਥੋਂ ਚਲਿਆ ਗਿਆ।

ਪਤਵੰਤੇ ਸੱਜਣ ਵਾਪਸ ਆ ਗਏ। ਮਹਿਲਾਂ ਦੇ ਦਰਵਾਜ਼ੇ 'ਤੇ ਆ ਦਰਬਾਨ ਨੂੰ ਮਿਲੇ। ਉਸ ਨੇ ਚਿਹਰਿਆਂ ਦੀ ਉਦਾਸੀ ਪੜ੍ਹ ਕੇ ਅਨੁਮਾਨ ਲਾਇਆ ਕਿ ਇਹ ਕੁਝ ਦੁਖੀ ਹੋ ਕੇ ਮੁੜੇ ਲੋਕ ਹਨ।

ਉਸ ਨੇ ਕਿਹਾ, "ਮੇਰੇ ਮਿੱਤਰੋ! ਹਾਲਾਤ ਕੁਝ ਤਰਸਯਗ ਹਨ। ਅਗਰ ਤੁਸੀਂ ਬਾਦਸ਼ਾਹ ਨੂੰ ਅਜੇਹੇ ਸਮੇਂ ਮਿਲਦੇ ਜਦੋਂ ਕਿ ਉਹ ਪੂਰੀ ਤਰ੍ਹਾਂ ਨਸ਼ੇ ਵਿਚ ਗੁਟ ਹੁੰਦਾ, ਤਾਂ ਤੁਹਾਡਾ ਬੇਨਤੀ-ਪੱਤਰ ਪਰਵਾਨ ਕੀਤਾ ਜਾਣਾ ਲਾਜ਼ਮੀ ਸੀ, ਪਰ....."

45. ਕੀਮਤਾਂ

ਇਕ ਵੇਰ ਇਕ ਆਦਮੀ ਨੂੰ ਆਪਣੇ ਖੇਤ ਵਿੱਚੋਂ ਖ਼ੂਬਸੂਰਤ ਸੰਗਮਰਮਰ ਦਾ ਟੁਕੜਾ ਮਿਲਿਆ। ਉਹ ਉਸ ਨੂੰ ਕਬਾੜੀ ਦੀ ਦੁਕਾਨ 'ਤੇ ਲੈ ਗਿਆ, ਜਿਸ ਨੂੰ ਤਮਾਮ ਪੁਰਾਣੀਆਂ ਖ਼ੂਬਸੂਰਤ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਸੀ। ਕਬਾੜੀ ਨੇ ਉਸ ਦੀ ਪਰਖ ਕਰ ਕੇ ਚੰਗੀ ਕੀਮਤ 'ਤੇ ਉਸ ਨੂੰ ਖ਼ਰੀਦ ਲਿਆ, ਉਹ ਕਿਸਾਨ ਰਕਮ ਲੈ ਕੇ ਚਲਦਾ ਬਣਿਆ।

ਜਦੋਂ ਉਹ ਰਕਮ ਲਈ ਘਰ ਵਾਪਸ ਜਾ ਰਿਹਾ ਸੀ, ਤਾਂ ਉਸ ਸੋਚਿਆ ਤੇ ਆਪਣੇ ਆਪ ਨੂੰ ਕਿਹਾ ਕਿ ਇਸ ਦੌਲਤ ਅੰਦਰ ਕਿਸ ਤਰ੍ਹਾਂ ਇਸ ਦੀ ਜ਼ਿੰਦਗੀ ਲੀਨ ਹੋਈ ਹੋਈ ਹੈ। ਇਕ ਪੱਥਰ ਦੇ ਬੇਜਾਨ ਟੁਕੜੇ ਦੇ ਬਦਲੇ, ਜੋ ਕਿ ਹਜ਼ਾਰਾਂ ਸਾਲਾਂ ਤੋਂ ਅਣਜਾਤੀ ਸੂਰਤ ਵਿਚ ਹੀ ਧਰਤੀ ਹੇਠ ਦੱਬਿਆ ਪਿਆ ਸੀ, ਤੇ ਜਿਸ ਦਾ ਕਿਸੇ ਨੂੰ ਸੁਪਨੇ ਮਾਤਰ ਵੀ ਖ਼ਿਆਲ ਨਹੀਂ ਸੀ, ਇਤਨੀ ਰਕਮ ਕੌਣ ਦੇ ਸਕਦਾ ਹੈ! ਇਹ ਦੁਕਾਨਦਾਰ......ਸੀ।

ਇਧਰ ਕਬਾੜੀ ਇਸ ਪੱਥਰ ਦੇ ਟੁਕੜੇ ਵੱਲ ਤੱਕ ਕੇ ਸੋਚ ਰਿਹਾ ਸੀ ਤੇ ਉਸ ਆਪਣੇ ਆਪ ਨੂੰ ਕਿਹਾ, 'ਕੈਸਾ ਖ਼ੂਬਸੂਰਤ ਟੁਕੜਾ ਹੈ, ਚਿੱਟਾ ਦੁੱਧ, ਕਿਸੇ ਕੋਮਲ ਰੂਹ ਦਾ ਸੁਪਨਾ ਹੈ। ਹਜ਼ਾਰਾਂ ਸਾਲ ਦੀ ਮਿੱਠੀ ਨੀਂਦ ਨੇ ਇਸ ਵਿਚ ਕੈਸੀ ਲਿਸ਼ਕ ਭਰ ਦਿੱਤੀ ਹੈ। ਹੋਰ ਕੋਈ ਆਦਮੀ ਬੇਜਾਨ ਪੈਸਿਆਂ ਦੇ ਠੀਕਰਾਂ ਵੱਟੇ ਇਸ ਨੂੰ ਕਿਵੇਂ ਦੇ ਸਕਦਾ ਸੀ, ਉਹ ਕਿਸਾਨ ਤਾਂ......ਸੀ।

46. ਦੋ ਬੱਚੇ

ਬਾਦਸ਼ਾਹ ਮਹੱਲ ਦੇ ਝਰੋਖੇ ਵਿੱਚੋਂ, ਬਾਗ਼ ਵਿਚ ਉਡੀਕ ਕਰ ਰਹੇ ਲੋਕਾਂ ਨੂੰ ਸੰਬੋਧਨ ਕਰ ਕੇ ਕਹਿਣ ਲੱਗਾ, "ਲੋਕੋ! ਮੈਂ ਤੁਹਾਨੂੰ ਖ਼ੁਸ਼ਖ਼ਬਰੀ ਤੇ ਸਾਰੇ ਦੇਸ਼ ਨੂੰ ਵਧਾਈ ਦੇਣ ਲੱਗਾ

ਹਾਂ ਕਿ ਤੁਹਾਡੀ ਮਹਾਰਾਣੀ ਸਾਹਿਬਾ ਨੇ ਸ਼ਹਿਜ਼ਾਦੇ ਨੂੰ ਜਨਮ ਦਿੱਤਾ ਹੈ, ਜੋ ਮੇਰੇ ਸ਼ਾਹੀ ਘਰਾਣੇ ਦਾ ਨਾਮ ਰੌਸ਼ਨ ਕਰੇਗਾ ਤੇ ਤੁਹਾਡੇ ਲਈ ਫ਼ਖ਼ਰ ਦਾ ਕਾਰਣ ਬਣੇਗਾ ਅਤੇ ਮੇਰੇ ਬਜ਼ੁਰਗਾਂ ਦਾ ਸੱਚਾ ਵਾਰਸ। ਤੁਸੀਂ ਰੱਜ ਰੱਜ ਖ਼ੁਸ਼ੀਆਂ ਮਨਾਓ, ਤੁਹਾਡਾ ਭਵਿਸ਼ਤ ਉੱਜਲ ਹੈ।"

ਲੋਕਾਂ ਨੇ ਖ਼ੁਸ਼ੀਆਂ ਦੇ ਨਾਅਰੇ ਲਾਏ ਕਿ ਸ਼ਹਿਜ਼ਾਦਾ, ਜੋ ਐਸ਼ ਆਰਾਮ ਵਿਚ ਪਲੇਗਾ, ਇੱਜ਼ਤ ਦੀ ਜ਼ਿੰਦਗੀ ਬਸਰ ਕਰਦਾ ਜੁਆਨੀ ਵਿਚ ਪੈਰ ਰੱਖੇਗਾ ਤੇ ਇਸ ਤੋਂ ਬਾਦ ਲੋਕਾਂ ਦੀ ਕਿਸਮਤ ਦਾ ਮਾਲਕ ਬਾਦਸ਼ਾਹ ਬਣੇਗਾ। ਆਪਣੇ ਬਲ ਨਾਲ ਬਲਹੀਣ ਲੋਕਾਂ ਨੂੰ ਆਪਣੀ ਮਰਜ਼ੀ ਮੁਤਾਬਕ ਚਲਾਵੇਗਾ, ਉਨ੍ਹਾਂ ਦੇ ਸਰੀਰ ਤੋਂ ਸੇਵਾ ਲੈਣ ਅਤੇ ਉਨ੍ਹਾਂ ਦੀ ਰੂਹ ਨੂੰ ਤਬਾਹ ਕਰਨ ਵਿਚ ਉਹ ਬਿਲਕੁਲ ਖ਼ੁਦਮੁਖ਼ਤਾਰ ਹੋਵੇਗਾ। ਇਸੇ ਲਈ ਉਹ ਜ਼ੋਰ ਜ਼ੋਰ ਦੀ ਨਾਅਰੇ ਲਾ ਰਹੇ ਸਨ, ਖ਼ੁਸ਼ੀਆਂ ਦੇ ਗੀਤ ਗਾ ਰਹੇ ਸਨ ਤੇ ਮੌਜ-ਮੇਲੇ ਵਿਚ ਮਸਤ ਸਨ।

ਜਦੋਂ ਕਿ ਸ਼ਹਿਰ-ਨਿਵਾਸੀ ਇਸ ਤਰ੍ਹਾਂ ਸ਼ਕਤੀਸ਼ਾਲੀ ਦੇ ਗੁਣ ਗਾ ਗਾ ਕੇ ਤੇ ਉਸ ਦੀ ਜੈ ਬੁਲਾ ਕੇ ਆਪਣੇ ਆਪ ਨੂੰ ਜ਼ਲੀਲ ਕਰ ਰਹੇ ਸਨ ਤਾਂ ਫ਼ਰਿਸ਼ਤੇ ਉਨ੍ਹਾਂ ਦੀ ਇਸ ਕਰਤੂਤ ਉਤੇ ਹੰਝੂ ਕੇਰ ਰਹੇ ਸਨ; ਉਸੇ ਵਕਤ ਇਸੇ ਬਸਤੀ ਦੀ ਇਕ ਟੁੱਟੀ ਫੁੱਟੀ ਝੌਂਪੜੀ ਵਿਚ, ਇਕ ਗ਼ਰੀਬ ਬੀਮਾਰ ਔਰਤ ਫਟੇ ਪੁਰਾਣੇ ਝੂਲੇ ਉਤੇ ਲੇਟੀ,ਆਪਣੇ ਬੱਚੇ ਨੂੰ ਧੜਕਦੇ ਸੀਨੇ ਨਾਲ ਲਾਈ ਪਈ ਸੀ। ਇਹ ਔਰਤ ਖ਼ਾਨਦਾਨੀ ਗ਼ਰੀਬ ਸੀ ਤੇ ਇਕ ਜ਼ਾਲਮ ਅਮੀਰ ਨੇ ਇਸ ਦੇ ਮਾਲਕ ਨੂੰ ਮਾਰ ਦਿੱਤਾ ਸੀ। ਇਸ ਨਿਰਧਨ ਔਰਤ ਨੂੰ ਰੱਬ ਨੇ ਇਕ ਨਿੱਕਾ ਜਿਹਾ ਸਾਥੀ ਬਖ਼ਸ਼ਿਆ ਜੋ ਰੋਜ਼ੀ ਕਮਾਉਣ ਤੇ ਕੰਮ ਕਰਨ ਦੇ ਅਯੋਗ ਹੁੰਦਿਆਂ ਹੋਇਆਂ ਵੀ ਇਸ ਦੇ ਟੁੱਟੇ ਦਿਲ ਨੂੰ ਧਰਵਾਸ ਦਿੰਦਾ ਸੀ।

ਜਦ ਲੋਕਾਂ ਦਾ ਰੌਲਾ-ਗੌਲਾ ਬੰਦ ਹੋ ਗਿਆ, ਸੜਕ ਖ਼ਾਲੀ ਹੋ ਗਈ, ਇਸ ਵਿਚਾਰੀ ਨੇ ਆਪਣੇ ਬੱਚੇ ਨੂੰ ਗੋਦ ਵਿਚ ਚੁਕਿਆ, ਉਸ ਦੀਆਂ ਚਮਕਦੀਆਂ ਨਿੱਕੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਹ ਤੱਕਦੀ ਰਹੀ ਤੇ ਫਿਰ ਰੋਣ ਲੱਗ ਪਈ, ਉਸ ਦੀ ਕੁਰਲਾਹਟ ਪੱਥਰ ਪਿਘਲਾਉਣ ਵਾਲੀ ਸੀ। ਉਹ ਕਹਿਣ ਲੱਗੀ, "ਮੇਰੇ ਜਿਗਰ ਦੇ ਟੋਟੇ ! ਤੂੰ ਇਥੇ ਕਿਉਂ ਆਇਆ, ਤੂੰ ਮੇਰੀ ਕੋਝੀ ਜ਼ਿੰਦਗੀ ਦਾ ਹਿੱਸੇਦਾਰ ਕਿਉਂ ਬਣਿਆ ? ਕੀ ਤੂੰ ਮੇਰੀ ਕਮਜ਼ੋਰੀ ਉਤੇ ਰਹਿਮ ਖਾ ਕੇ ਇਥੇ ਆਇਆ ਹੈਂ ? ਤੂੰ ਫ਼ਰਿਸ਼ਤਿਆਂ ਦੀ ਖੁੱਲ੍ਹੀ ਡੁਲ੍ਹੀ ਆਬਾਦੀ ਨੂੰ ਕਿਉਂ ਛੱਡ ਕੇ ਆਇਆ ?

"ਮੇਰੇ ਲਾਲ ! ਮੇਰੇ ਪਾਸ ਤਾਂ ਹੰਝੂਆਂ ਤੋਂ ਸਿਵਾ ਕੁਝ ਵੀ ਨਹੀਂ, ਕੀ ਤੂੰ ਦੁੱਧ ਦੇ ਬਦਲੇ ਹੰਝੂ ਪੀਆ ਕਰੇਂਗਾ ? ਕੀ ਮੇਰੀਆਂ ਨੰਗੀਆਂ ਬਾਹਾਂ ਹੀ ਤੇਰੇ ਲਈ ਕੱਪੜੇ ਦਾ ਕੰਮ ਦੇਣਗੀਆਂ ? ਜਾਨਵਰਾਂ ਦੇ ਬੱਚੇ ਘਾਹ 'ਤੇ ਗੁਜ਼ਾਰਾ ਕਰ ਕੇ ਅਮਨ-ਚੈਨ ਦੀ ਰਾਤ ਲੰਘਾਉਂਦੇ ਹਨ, ਛੋਟੇ ਛੋਟੇ ਪੰਛੀ ਦਾਣਾ ਦੁਨਕਾ ਚੁਗ ਕੇ ਰੁੱਖਾਂ ਦੀਆਂ ਟਾਹਣੀਆਂ ਉਤੇ ਸੌਂ ਕੇ ਸਮਾਂ ਲੰਘਾ ਲੈਂਦੇ ਹਨ। ਹੇ ਮੇਰੇ ਨਿੱਕੇ ਲਾਲ ! ਲੇਕਿਨ ਤੈਨੂੰ ਮੇਰੀਆਂ ਠੰਢੀਆਂ ਆਹਾਂ ਤੋਂ ਸਿਵਾ ਹੋਰ ਕੁਝ ਵੀ ਹਾਸਲ ਨਹੀਂ ਹੋਵੇਗਾ।"

ਇਤਨਾ ਕਹਿ ਕੇ ਉਸ ਨੇ ਬੱਚੇ ਨੂੰ ਜ਼ੋਰ ਨਾਲ ਛਾਤੀ ਨਾਲ ਲਾਇਆ। ਇਉਂ ਲਗਦਾ ਸੀ ਕਿ ਜਿਵੇਂ ਉਹ ਦੋਹਾਂ ਸਰੀਰਾਂ ਨੂੰ ਇਕ ਕਰ ਰਹੀ ਹੋਵੇ।

ਉਹ ਉਪਰ ਨੂੰ ਅੱਖਾਂ ਕਰ ਕੇ ਪੁਕਾਰਨ ਲੱਗੀ :

"ਹੇ ਮੇਰੇ ਪਾਲਣਹਾਰ ਖ਼ੁਦਾ ! ਸਾਡੇ 'ਤੇ ਰਹਿਮ ਕਰ।"

ਜਦੋਂ ਬੱਦਲਾਂ ਵਿੱਚੋਂ ਚੰਦ ਨਿਕਲ ਆਇਆ ਤਾਂ ਉਸ ਦੀਆਂ ਨਿੱਕੀਆਂ ਨਿੱਕੀਆਂ ਕਿਰਨਾਂ ਉਸ ਟੁੱਟੇ ਫੁੱਟੇ ਘਰ ਅੰਦਰ ਪ੍ਰਵੇਸ਼ ਕਰ ਕੇ ਉਨ੍ਹਾਂ ਦੋਹਾਂ ਦੇਹਾਂ ਉਤੇ ਪੈਣ ਲੱਗੀਆਂ, ਜੋ ਕਿ ਹੁਣ ਠੰਢੀਆਂ ਯਖ ਹੋ ਚੁੱਕੀਆਂ ਸਨ।

47. ਮੁਹੱਬਤ ਤੇ ਨਫ਼ਰਤ

ਔਰਤ ਨੇ ਮਰਦ ਨੂੰ ਕਿਹਾ, "ਮੈਨੂੰ ਤੇਰੇ ਨਾਲ ਮੁਹੱਬਤ ਹੈ।" ਮਰਦ ਬੋਲਿਆ, "ਇਹ ਮੇਰੀ ਦਿਲੀ ਖ਼ਾਹਸ਼ ਹੈ ਕਿ ਮੈਂ ਤੇਰੀ ਮੁਹੱਬਤ ਦੇ ਕਾਬਲ ਬਣ ਸਕਾਂ।" ਫਿਰ ਔਰਤ ਨੇ ਕਿਹਾ, "ਕੀ ਤੈਨੂੰ ਮੇਰੇ ਨਾਲ ਮੁਹੱਬਤ ਨਹੀਂ ?" ਮਰਦ ਨੇ ਕੇਵਲ ਉਸ ਵੱਲ ਜ਼ਰਾ ਤੱਕਿਆ ਤੇ ਖ਼ਾਮੋਸ਼ ਰਿਹਾ। ਇਸ 'ਤੇ ਔਰਤ ਨੇ ਉੱਚੀ ਉੱਚੀ ਕਹਿਣਾ ਸ਼ੁਰੂ ਕਰ ਦਿੱਤਾ, "ਮੈਨੂੰ ਤੇਰੇ ਨਾਲ ਨਫ਼ਰਤ ਹੈ, ਮੈਂ ਤੈਨੂੰ ਨਫ਼ਰਤ ਕਰਦੀ ਹਾਂ।" ਮਰਦ ਬੋਲਿਆ, "ਇਹ ਮੇਰੀ ਦਿਲੀ ਤਾਂਘ ਹੈ ਕਿ ਮੈਂ ਤੇਰੀ ਨਫ਼ਰਤ ਦੇ ਵੀ ਕਾਬਲ ਬਣ ਸਕਾਂ।"

48. ਨਫ਼ਰਤ ਦਾ ਇਲਾਜ

ਬਸਰੀ ਸ਼ਹਿਰ ਵਿਚ ਇਕ ਬਹੁਤ ਹੀ ਦਿਆਲੂ ਸ਼ਹਿਜ਼ਾਦਾ ਰਹਿੰਦਾ ਸੀ, ਜਿਸ ਨੂੰ ਸਾਰੀ ਪਰਜਾ ਪਿਆਰ ਕਰਦੀ ਸੀ। ਪਰ ਉਥੇ ਇਕ ਐਸਾ ਆਦਮੀ ਵੀ ਸੀ, ਜਿਸਨੂੰ ਸ਼ਹਿਜ਼ਾਦੇ ਨਾਲ ਭਾਰੀ ਨਫ਼ਰਤ ਸੀ। ਉਹ ਹਮੇਸ਼ਾ ਜ਼ਹਿਰ ਉਗਲਦਾ ਰਹਿੰਦਾ। ਸ਼ਹਿਜ਼ਾਦੇ ਨੂੰ ਇਸ ਸਾਰੀ ਗੱਲ ਦਾ ਪਤਾ ਸੀ ਪਰ ਉਹ ਖ਼ਾਮੋਸ਼ ਰਹਿੰਦਾ। ਅਖੀਰ ਇਕ ਦਿਨ ਉਹਨੇ ਇਸ ਦਾ ਇਲਾਜ ਕੱਢਿਆ ਤੇ ਆਪਣੇ ਗੁਲਾਮ ਹੱਥ, ਰਾਤ ਨੂੰ ਇਕ ਆਟੇ ਦੀ ਬੋਰੀ, ਸਾਬਣ ਦਾ ਡੱਬਾ ਤੇ ਸ਼ੱਕਰ ਦਾ ਤੌੜਾ ਭੇਜਿਆ।

ਉਹ ਸਭ ਕੁਝ ਲੈ ਕੇ ਬੜਾ ਖ਼ੁਸ਼ ਹੋਇਆ ਤੇ ਫੁਲਿਆ ਨਾ ਸਮਾਇਆ। ਉਹ ਮੁਫ਼ਤੀ ਪਾਸ ਜਾ ਕੇ ਕਹਿਣ ਲੱਗਾ, "ਦੇਖੋ ! ਸ਼ਹਿਜ਼ਾਦਾ ਮੇਰੀ ਕਿੰਨੀ ਕਦਰ ਕਰਦਾ ਹੈ ਤੇ ਇਹ ਨਜ਼ਰਾਨੇ ਭੇਜਦਾ ਹੈ।"

ਮੁਫ਼ਤੀ ਕਹਿਣ ਲੱਗਾ, "ਮੈਨੂੰ ਪਤਾ ਹੈ ਕਿ ਉਹ ਸ਼ਹਿਜ਼ਾਦਾ ਕਿੰਨਾ ਸਿਆਣਾ ਹੈ ਤੇ ਤੂੰ ਕਿੰਨਾ ਮੂੜ੍ਹ।

"ਉਹ ਹਰ ਗੱਲ ਇਸ਼ਾਰਿਆਂ ਨਾਲ ਕਰਦਾ ਹੈ।

"ਆਟੇ ਦੀ ਬੋਰੀ ਤੇਰੇ ਖ਼ਾਲੀ ਪੇਟ ਲਈ ਹੈ; ਸਾਬਣ ਤੇਰਾ ਮੈਲਾ ਲਿਬਾਸ ਸਾਫ਼ ਕਰਨ ਲਈ ਹੈ ਅਤੇ ਸ਼ੱਕਰ ਉਸ ਇਸ ਲਈ ਭੇਜੀ ਹੈ ਕਿ ਤੂੰ ਆਪਣੀ ਜ਼ਬਾਨ ਨੂੰ ਜ਼ਰਾ ਮਿੱਠਿਆਂ ਕਰ ਸਕੇਂ।"

ਇਹ ਸੁਣ ਕੇ ਉਸ ਆਦਮੀ ਨੂੰ ਆਪਣੇ ਆਪ ਤੋਂ ਨਫ਼ਰਤ ਹੋਣ ਲੱਗੀ ਤੇ ਮੁਫ਼ਤੀ ਨੂੰ ਵੀ ਉਹ ਕੌੜੀ ਨਜ਼ਰ ਨਾਲ ਤੱਕਣ ਲੱਗਾ। ਪਰ ਇਸ ਤੋਂ ਬਾਅਦ ਕਦੀ ਉਸ ਨੇ ਸ਼ਹਿਜ਼ਾਦੇ ਵਿਰੁੱਧ ਮੂੰਹ ਨਾ ਖੋਲ੍ਹਿਆ।

49. ਤਾਕੀਦ

ਚੰਦ ਆਪਣੇ ਪੂਰੇ ਜੋਬਨ 'ਤੇ ਸੀ ਤੇ ਤਮਾਮ ਕੁੱਤਿਆਂ ਚੰਦ ਉਤੇ ਭੌਂਕਣਾ ਸ਼ੁਰੂ ਕਰ ਦਿੱਤਾ। ਸਿਰਫ਼ ਇਕ ਕੁੱਤਾ ਚੁਪਚਾਪ ਸੀ, ਉਸ ਨੇ ਬੜੀ ਸੰਜੀਦਗੀ ਨਾਲ ਕਿਹਾ, "ਦੇਖੋ, ਇਕਾਂਤ ਦੇ ਅਮਨ-ਅਮਾਨ ਨੂੰ ਆਪਣੀ ਨੀਂਦ ਤੋਂ ਨਾ ਜਗਾਓ ਤੇ ਚੰਦ ਨੂੰ ਜ਼ਮੀਨ 'ਤੇ ਨਾ ਬੁਲਾਓ।"

ਇਹ ਸੁਣ ਕੇ ਸਭ ਕੁੱਤਿਆਂ ਨੇ ਭੌਂਕਣਾ ਬੰਦ ਕਰ ਦਿੱਤਾ ਤੇ ਇਕ ਤਰ੍ਹਾਂ ਬੜਾ ਡਰਾਉਣਾ ਸੰਨਾਟਾ ਜਿਹਾ ਛਾ ਗਿਆ। ਲੇਕਿਨ ਉਹ ਕੁੱਤਾ ਜਿਸ ਨੇ ਦੂਸਰਿਆਂ ਨੂੰ ਚੁੱਪ ਰਹਿਣ ਲਈ ਕਿਹਾ ਸੀ, ਸਾਰੀ ਰਾਤ ਇਸੇ ਗੱਲ ਦੀ ਤਾਕੀਦ ਕਰਦਾ ਭੌਂਕਦਾ ਰਿਹਾ।

50. ਦੰਭੀ ਸਾਧ

ਕਈ ਸਾਲ ਪਹਿਲੇ ਦੀ ਗੱਲ ਹੈ ਕਿ ਇਕ ਬਿਰਕਤ ਸਾਧੂ ਜੰਗਲ ਵਿਚ ਰਹਿੰਦਾ ਸੀ, ਜੋ ਹਰ ਮਹੀਨੇ ਤਿੰਨ ਵਾਰ ਸ਼ਹਿਰ ਜਾਂਦਾ ਤੇ ਚੌਕ ਵਿਚ ਖੜਾ ਹੋ ਕੇ ਲੋਕਾਂ ਨੂੰ ਪਰਸਪਰ ਪਿਆਰ ਤੇ ਉਪਕਾਰ ਦੀ ਨਸੀਹਤ ਕਰਦਾ। ਉਸ ਦੇ ਬੋਲਣ ਵਿਚ ਜ਼ੋਰ ਤੇ ਜ਼ਬਾਨ ਵਿਚ ਅਸਰ ਸੀ ਤੇ ਇਲਾਕੇ ਵਿਚ ਉਸ ਦੀ ਚੰਗੀ ਧੁੰਮ ਪਈ ਹੋਈ ਸੀ।

ਇਕ ਸ਼ਾਮ ਤਿੰਨ ਆਦਮੀ ਉਸ ਦੀ ਕੁਟੀਆ ਵਿਚ ਆਏ, ਉਸ ਨੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ। ਉਹ ਕਹਿਣ ਲੱਗੇ, "ਆਪ ਸਦਾ ਪਰਸਪਰ ਪਿਆਰ ਤੇ ਉਪਕਾਰ ਦੀ ਸਿੱਖਿਆ ਦਿੰਦੇ ਹੋ ਤੇ ਗ਼ਰੀਬਾਂ ਦੀ ਮਦਦ ਕਰਨ ਦੀ ਵੀ ਤਾਕੀਦ ਕਰਦੇ ਰਹਿੰਦੇ ਹੋ। ਇਸ ਵਿਚ ਵੀ ਸ਼ੱਕ ਨਹੀਂ ਕਿ ਤੁਹਾਡੀ ਸ਼ੁਹਰਤ ਵੀ ਬਹੁਤ ਹੈ, ਜਿਸ ਕਰਕੇ ਤੁਹਾਡੇ ਪੈਰਾਂ ਵਿਚ ਦੌਲਤ ਦੇ ਢੇਰ ਲੱਗੇ ਰਹਿੰਦੇ ਹਨ। ਅਸੀਂ ਲੋੜਵੰਦ ਹਾਂ, ਤੁਸੀਂ ਸਾਡੀ ਇਮਦਾਦ ਕਰੋ ਤੇ ਸਾਨੂੰ ਕੁਝ ਮਾਇਆ ਬਖ਼ਸ਼ੋ।"

ਜਵਾਬ ਵਿਚ ਉਸ ਆਖਿਆ, "ਮੇਰੇ ਪਾਸ ਇਸ ਚਟਾਈ ਤੇ ਗੜਵੇ ਦੇ ਸਿਵਾ ਕੁਝ ਵੀ ਨਹੀਂ, ਇਸ ਦੀ ਲੋੜ ਹੈ ਤਾਂ ਲੈ ਜਾਓ।" ਸਾਰੇ ਗੁੱਸੇ ਹੋ ਕੇ ਤੁਰ ਪਏ।

ਮਗਰ ਇਕ ਆਦਮੀ ਜਾਂਦਾ ਜਾਂਦਾ ਕਹਿਣ ਲੱਗਾ, "ਤੂੰ ਧੋਖੇਬਾਜ਼ ਤੇ ਮੱਕਾਰ ਸੰਤ ਹੈਂ, ਜੋ ਦੂਜਿਆਂ ਨੂੰ ਐਸੀ ਨੇਕੀ ਦੀ ਸਿਖਿਆ ਦਿੰਦਾ ਹੈਂ, ਪਰ ਜਿਸ 'ਤੇ ਤੂੰ ਆਪ ਅਮਲ ਨਹੀਂ ਕਰਦਾ।"

51. ਨ੍ਰਿਤਕਾਰ

ਇਕ ਵਾਰ ਇਕ ਨਾਚੀ, ਸ਼ਹਿਜ਼ਾਦੇ ਦੇ ਹਜ਼ੂਰ ਆਈ ਤੇ ਉਸ ਨੇ ਇਸ ਤਰ੍ਹਾਂ ਨ੍ਰਿਤਕਾਰੀ ਪੇਸ਼ ਕੀਤੀ ਕਿ ਉਸ ਦੀ ਹਰ ਅਦਾ, ਹਰ ਸਾਜ਼-ਸ਼ਹਿਨਾਈ, ਰਬਾਬ ਤੇ ਮ੍ਰਿਦੰਗ ਨਾਲ ਇਕ-ਮਿਕ ਸੀ। ਉਸ ਨੇ ਸ਼ੋਅਲਿਆਂ ਦਾ ਨਾਚ ਪੇਸ਼ ਕੀਤਾ; ਤਲਵਾਰਾਂ, ਬੱਲਮਾਂ ਦਾ ਨਾਚ ਦਿਖਾਇਆ ਤੇ ਧਰਤੀ-ਅਸਮਾਨ, ਸਿਤਾਰਿਆਂ ਦੇ ਚੱਕਰ, ਸਭ ਉਸ ਦੇ ਨ੍ਰਿਤ ਵਿਚ ਥਰਕਣ

ਲੱਗੇ। ਅਖ਼ੀਰ ਉਸ ਨੇ ਫੁੱਲਾਂ ਦਾ ਨਾਚ ਪੇਸ਼ ਕੀਤਾ, ਜਿਨ੍ਹਾਂ ਨੂੰ ਅਨ੍ਹੇਰੀ ਆਪਣੀ ਲਪੇਟ ਵਿਚ ਲੈ ਕੇ ਉੱਡ ਰਹੀ ਸੀ।

ਫਿਰ ਉਹ ਨਾਚੀ ਸ਼ਹਿਜ਼ਾਦੇ ਪਾਸ ਹੱਥ ਜੋੜ ਕੇ ਖੜ੍ਹੀ ਹੋ ਗਈ। ਸ਼ਹਿਜ਼ਾਦੇ ਨੇ ਕਿਹਾ, "ਹੇ ਸੁੰਦਰੀ! ਤੂੰ ਇਹ ਜਾਦੂ ਕਿਥੋਂ ਸਿੱਖਿਆ ਹੈ ? ਤੂੰ ਤਾਂ ਆਪਣੀਆਂ ਅਦਾਵਾਂ ਨਾਲ ਹੀ ਸਾਰੇ ਆਲੇ-ਦੁਆਲੇ ਨੂੰ ਵੱਸ ਕਰ ਲਿਆ ਹੈ।" ਨਾਚੀ ਨੇ ਕਿਹਾ, "ਕਦਰਦਾਨ ਮਿਹਰਵਾਨ! ਮੇਰੇ ਵਿਚ ਹਿੰਮਤ ਨਹੀਂ ਕਿ ਮੈਂ ਤੁਹਾਡੇ ਸਵਾਲਾਂ ਦਾ ਜਵਾਬ ਦੇ ਸਕਾਂ। ਲੇਕਿਨ ਮੈਨੂੰ ਇਤਨਾ ਕੁ ਪਤਾ ਹੈ ਕਿ ਜੇਕਰ ਕਿਸੇ ਫ਼ਿਲਾਸਫ਼ਰ ਦੀ ਰੂਹ ਦਿਮਾਗ਼ ਵਿਚ, ਸ਼ਾਇਰ ਦੀ ਰੂਹ ਉਸ ਦੇ ਦਿਲ ਵਿਚ, ਗਵਈਏ ਦੀ ਰੂਹ ਉਸ ਦੇ ਗਲ ਵਿਚ ਵੱਸਦੀ ਹੈ ਤਾਂ ਨ੍ਰਿਤਕਾਰ ਦੀ ਰੂਹ ਉਸ ਦੇ ਰੋਮ ਰੋਮ ਵਿਚ ਥਰਕਦੀ ਹੈ।"

52. ਅਮੋਲਕ ਮੋਤੀ

ਇਕ ਸਿੱਪੀ ਨੇ ਦੂਜੀ ਨੂੰ ਕਿਹਾ, "ਮੇਰੇ ਅੰਦਰ ਪੀੜ ਹੈ, ਬੜੇ ਜ਼ੋਰ ਦੀ ਪੀੜ, ਮੈਨੂੰ ਕੁਝ ਬੋਝ ਜਿਹਾ ਪ੍ਰਤੀਤ ਹੋ ਰਿਹਾ ਹੈ, ਮੈਂ ਬਹੁਤ ਔਖੀ ਹਾਂ।"

ਦੂਸਰੀ ਸਿੱਪੀ ਬੜੇ ਨਖਰੇ ਨਾਲ ਕਹਿਣ ਲੱਗੀ, "ਸਭ ਸੁਖ ਹੈ, ਰੱਬ ਦੀ ਮਿਹਰ ਹੈ, ਮੈਂ ਅੰਦਰੋਂ-ਬਾਹਰੋਂ ਸਭ ਤਰ੍ਹਾਂ ਠੀਕ-ਠਾਕ ਹਾਂ।"

ਉਸੇ ਸਮੇਂ ਇਕ ਕੀੜਾ ਲਾਗੋਂ ਦੀ ਲੰਘ ਰਿਹਾ ਸੀ, ਜਿਸ ਨੇ ਦੋਹਾਂ ਦੀ ਗੱਲ-ਬਾਤ ਸੁਣ ਲਈ ਸੀ, ਉਹ ਬੋਲਿਆ:

"ਹਾਂ, ਤੂੰ ਤਾਂ ਅੰਦਰੋਂ-ਬਾਹਰੋਂ ਬਿਲਕੁਲ ਠੀਕ ਹੈਂ ਲੇਕਿਨ ਜੋ ਪੀੜ ਤੇਰੀ ਪੜੋਸਣ ਨੂੰ ਹੈ, ਉਹ ਇਕ ਅਮੋਲਕ ਮੋਤੀ ਹੈ।"

53. ਰੇਤ ਉਤਲੀ ਲਿਖਤ

ਇਕ ਆਦਮੀ ਨੇ ਦੂਜੇ ਨੂੰ ਕਿਹਾ, "ਕਾਫ਼ੀ ਅਰਸਾ ਗੁਜ਼ਰ ਗਿਐ, ਮੈਂ ਆਪਣੀ ਸੋਟੀ ਦੀ ਨੋਕ ਨਾਲ ਇਕ ਸਮੁੰਦਰੀ ਕਿਨਾਰੇ ਦੀ ਰੇਤ ਉਤੇ ਕੁਝ ਲਿਖਿਆ ਸੀ ਤੇ ਉਸ ਨੂੰ ਪੜ੍ਹਨ ਖ਼ਾਤਰ ਅੱਜ ਵੀ ਲੋਕ ਉਥੇ ਰੁਕ ਜਾਂਦੇ ਹਨ ਤੇ ਸਭ ਨੂੰ ਇਹ ਚਿੰਤਾ ਲੱਗੀ ਰਹਿੰਦੀ ਹੈ ਕਿ ਇਸ ਨੂੰ ਕੋਈ ਮਿਟਾ ਨਾ ਦੇਵੇ।"

ਦੂਜਾ ਬੋਲਿਆ, "ਮੈਂ ਵੀ ਇਸ ਰੇਤ ਉਤੇ ਕੁਝ ਉਕਰਿਆ ਸੀ, ਲੇਕਿਨ ਉਦੋਂ ਜਦੋਂ ਸਾਗਰ ਪੂਰੇ ਚੜ੍ਹਾਓ 'ਤੇ ਸੀ ਅਤੇ ਤੇਜ਼ ਲਹਿਰਾਂ ਉਸ ਨੂੰ ਰੋੜ੍ਹ ਕੇ ਲੈ ਗਈਆਂ।"

"ਤੁਸੀਂ ਕੀ ਲਿਖਿਆ ਸੀ ?"

"ਮੈਂ ਲਿਖਿਆ ਸੀ ਕਿ ਮੈਂ ਹਾਂ ਤੇ ਮੈਂ......; ਹੁਣ ਤੁਸੀਂ ਦਸੋ, ਤੁਸੀਂ ਕੀ ਲਿਖਿਆ ਸੀ ?"

ਦੂਜਾ ਬੋਲਿਆ, "ਮੈਂ ਤਾਂ ਇਹੋ ਲਿਖਿਆ ਸੀ ਕਿ ਮੈਂ ਤਾਂ ਕੇਵਲ ਇਸ ਅਥਾਹ ਸਾਗਰ ਦਾ ਕਤਰਾ ਮਾਤਰ ਹਾਂ।"

54. ਭੂਤਾਂ ਦਾ ਡੇਰਾ

ਤਿੰਨ ਆਦਮੀ ਦੂਰ ਖਲੋਤੇ ਉਸ ਬੱਗੀ ਕੋਠੀ ਵੱਲ ਦੇਖ ਰਹੇ ਸਨ, ਜੋ ਕਿ ਪਹਾੜ ਦੀ ਚੋਟੀ 'ਤੇ ਦੂਰੋਂ ਹੀ ਦਿਸਦੀ ਸੀ। ਇਨ੍ਹਾਂ ਵਿਚੋਂ ਇਕ ਕਹਿਣ ਲੱਗਾ, "ਇਹ ਉਸ ਫੱਫੇ ਕੁੱਟਣੀ ਦਾ ਘਰ ਹੈ, ਬੁੱਢੀ ਚੁੜੇਲ ਦਾ।"

ਦੂਜਾ ਆਖਣ ਲੱਗਾ, "ਉਹ ਤਾਂ ਬੜੀ ਸੋਹਣੀ ਸੀ ਜੋ ਦਿਨ ਰਾਤ ਆਪਣੇ ਸੁਪਨਿਆਂ ਦੇ ਰੇਗਿਸਤਾਨ ਵਿਚ ਗੁਆਚੀ ਰਹਿੰਦੀ ਸੀ।"

ਤੀਜਾ ਬੋਲਿਆ, "ਤੁਸੀਂ ਦੋਵੇਂ ਗ਼ਲਤ ਹੋ, ਉਹ ਤਾਂ ਇਨ੍ਹਾਂ ਵੱਡੇ ਖੇਤਾਂ ਦੀ ਮਲਕਾ ਸੀ, ਜੋ ਕਿਸਾਨਾਂ ਦਾ ਲਹੂ ਚੂਸਦੀ ਰਹਿੰਦੀ ਸੀ।"

ਇਉਂ ਗੱਲਾਂ ਕਰਦੇ ਕਰਦੇ ਉਹ ਅੱਗੇ ਤੁਰਦੇ ਗਏ। ਅੱਗੋਂ ਇਕ ਬੁੱਢਾ ਮਿਲਿਆ ਤਾਂ ਉਨ੍ਹਾਂ ਉਸ ਨੂੰ ਪੁੱਛਿਆ, "ਕੀ ਤੁਸੀਂ ਉਸ ਬੱਗੀ ਕੋਠੀ ਵਾਲੀ ਨੂੰ ਜਾਣਦੇ ਹੋ ?" ਨੱਬੇ ਸਾਲ ਦੇ ਬੁੱਢੇ ਨੇ ਹੱਸਦਿਆਂ ਹੱਸਦਿਆਂ ਕਿਹਾ, "ਮੈਂ ਇਸ ਬੁੱਢੀ ਬਾਰੇ ਉਦੋਂ ਗੱਲਾਂ ਸੁਣਦਾ ਹੁੰਦਾ ਸਾਂ ਜਦੋਂ ਕਿ ਅਜੇ ਨਿੱਕਾ ਬੱਚਾ ਸਾਂ। ਹੁਣ ਉਸ ਨੂੰ ਮਰਿਆਂ ਤਾਂ ਅੱਸੀ ਵਰ੍ਹੇ ਗੁਜ਼ਰ ਗਏ ਹਨ ਤੇ ਇਹ ਬੱਗੀ ਕੋਠੀ ਉਦੋਂ ਦੀ ਖ਼ਾਲੀ ਪਈ ਹੈ। ਹਾਂ, ਕਦੇ ਕਦੇ ਉਥੇ ਉੱਲੂ ਤੇ ਚੁਗ਼ਲ ਬੋਲਦੇਂ ਸੁਣਾਈ ਦਿੰਦੇ ਹਨ, ਪਰ ਆਮ ਲੋਕ ਇਹ ਖ਼ਿਆਲ ਕਰਦੇ ਹਨ ਕਿ ਉਥੇ ਭੂਤਾਂ ਦਾ ਡੇਰਾ ਹੈ।"

55. ਭਲਾ ਲੋਕ

ਦੋ ਆਦਮੀ ਵਾਦੀ ਅੰਦਰ ਘੁੰਮ-ਫਿਰ ਰਹੇ ਸਨ, ਇਨ੍ਹਾਂ ਵਿਚੋਂ ਇਕ ਨੇ ਪਹਾੜੀ ਵਲ ਇਸ਼ਾਰਾ ਕਰਦਿਆਂ ਕਿਹਾ, "ਔਹ ਸਾਹਮਣੇ ਕੁਟੀਆ ਦੇਖਦੇ ਹੋ, ਇਸ ਵਿਚ ਇਕ ਭੂਰੀ ਵਾਲਾ ਸਾਧੂ ਰਹਿੰਦਾ ਹੈ, ਜਿਸ ਨੇ ਸਾਰੀ ਦੁਨੀਆਂ ਨੂੰ ਤਿਆਗ ਛੱਡਿਆ ਹੈ, ਇਸ ਦਾ ਸੰਸਾਰ ਦੀ ਕਿਸੇ ਚੀਜ਼ ਨਾਲ ਮੋਹ ਨਹੀਂ, ਇਹ ਕੇਵਲ ਰੱਬ ਦਾ ਮੁਤਲਾਸ਼ੀ ਹੈ।"

ਦੂਸਰਾ ਕਹਿਣ ਲੱਗਾ, "ਜਦ ਤਕ ਇਹ ਇਸ ਕੁਟੀਆ ਨੂੰ ਛੱਡ ਕੇ ਵਸਦੀ-ਰਸਦੀ ਦੁਨੀਆਂ ਵਿਚ ਵਾਪਸ ਨਹੀਂ ਆਉਂਦਾ, ਖ਼ੁਸ਼ੀ ਵਿਚ ਸਾਡਾ ਸਾਥੀ ਬਣ ਕੇ ਸਾਡੇ ਨਾਲ ਨੱਚਦਾ ਟੱਪਦਾ ਨਹੀਂ ਤੇ ਗ਼ਮੀ ਵਿਚ ਸਾਡੇ ਨਾਲ ਬਹਿ ਕੇ ਹੰਝੂ ਨਹੀਂ ਕੇਰਦਾ, ਇਹ ਰੱਬ ਨੂੰ ਨਹੀਂ ਮਿਲ ਸਕਦਾ।"

ਭਾਵੇਂ ਉਸ ਦਾ ਸਾਥੀ ਇਸ ਗੱਲ ਨਾਲ ਸਹਿਮਤ ਸੀ ਪਰ ਉਹ ਫਿਰ ਵੀ ਆਖਣ ਲੱਗਾ, "ਤੁਸੀਂ ਜੋ ਫ਼ੁਰਮਾਇਆ ਸੋ ਠੀਕ ਹੈ, ਲੇਕਿਨ ਮੇਰਾ ਨਿਸਚਾ ਇਹ ਹੈ ਕਿ ਇਹ ਇਕ ਚੰਗਾ ਭਲਾ ਲੋਕ ਹੈ। ਕੀ ਇਹ ਠੀਕ ਨਹੀਂ ਕਿ ਇਕ ਭਲਾ ਆਦਮੀ ਹਜ਼ਾਰਾਂ ਐਸੇ ਲੋਕਾਂ ਤੋਂ ਪਰ੍ਹੇ ਹੀ ਰਹੇ ਜੋ ਆਪਣੇ ਆਪ ਨੂੰ 'ਭਲਾ' ਸਮਝਦੇ ਹਨ ?"

56. ਵਧੀਆ ਕਵਿਤਾ

ਸਦੀਆਂ ਲੰਘ ਗਈਆਂ, ਏਥਨਜ਼ ਦੀ ਸੜਕ ਉਤੇ ਦੋ ਕਵੀਆਂ ਦੀ ਮੁਲਾਕਾਤ ਹੋਈ। ਇਕ ਨੇ ਦੂਜੇ ਨੂੰ ਪੁੱਛਿਆ, "ਇਨ੍ਹਾਂ ਦਿਨਾਂ ਵਿਚ ਤੁਸੀਂ ਕੀ ਲਿਖਿਆ ਹੈ ?" ਤਾਂ ਉਸ ਕਵੀ ਨੇ ਬੜੇ ਘੁਮੰਡ ਨਾਲ ਕਿਹਾ, "ਮੈਂ ਹੁਣੇ ਹੁਣੇ ਆਪਣੀ ਵਧੀਆ ਨਜ਼ਮ ਸੰਪੂਰਣ ਕੀਤੀ ਹੈ, ਇਹ ਮਹਾਨ

ਫਿਲਪਸ ਬਾਰੇ ਹੈ ਤੇ ਬੜੀ ਲੰਮੀ ਨਜ਼ਮ ਹੈ, ਆਓ ਇਸ ਬਿਰਛ ਹੇਠ ਬੈਠੀਏ ਤੇ ਜ਼ਰਾ ਵਿਸ਼ਰਾਮ ਕਰੀਏ।" ਇਹ ਕਹਿ ਕੇ ਉਸ ਨੇ ਆਪਣੀ ਪੂਰੀ ਕੀਤੀ ਨਜ਼ਮ ਕੱਢੀ ਤੇ ਸੁਣਾਉਣੀ ਸ਼ੁਰੂ ਕਰ ਦਿੱਤੀ।

ਪਹਿਲੇ ਕਵੀ ਨੇ ਬੜੀ ਉਦਾਰਤਾ ਨਾਲ ਦਾਦ ਦਿੱਤੀ ਤੇ ਕਿਹਾ, "ਇਹ ਨਜ਼ਮ ਦੇਰ ਤਕ ਚਲਦੀ ਰਹੇਗੀ ਤੇ ਤੁਹਾਡੇ ਨਾਂ ਨੂੰ ਵੀ ਜ਼ਿੰਦਾ ਰਖੇਗੀ।"

ਫਿਰ ਦੂਜੇ ਨੇ ਪਹਿਲੇ ਕਵੀ ਨੂੰ ਪੁੱਛਿਆ, "ਇਨ੍ਹਾਂ ਦਿਨਾਂ ਵਿਚ ਤੁਸਾਂ ਕੀ ਲਿਖਿਆ ਹੈ ?" "ਮੈਂ ਬਹੁਤ ਹੀ ਘੱਟ ਲਿਖਦਾ ਹਾਂ, ਮੈਂ ਤਾਂ ਹੁਣੇ ਹੁਣੇ ਇਕ ਬਾਗ ਵਿਚ ਖੇਡ ਰਹੇ ਬੱਚੇ ਬਾਰੇ ਕੇਵਲ ਅੱਠ ਸਤਰਾਂ ਲਿਖੀਆਂ ਨੇ।" ਪਹਿਲੇ ਨੇ ਇਹ ਸਤਰਾਂ ਪੜ੍ਹ ਕੇ ਸੁਣਾਈਆਂ ਤਾਂ ਉਸ ਦੂਜੇ ਕਵੀ ਨੇ ਬੜੀ ਹਮਾਕਤ ਨਾਲ ਕਿਹਾ, "ਕਿਤੇ ਕਿਤੇ ਮਾਮੂਲੀ ਵਜ਼ਨ ਦਾ ਫ਼ਰਕ ਹੈ, ਪਰ ਇਹ ਕੋਈ ਇਤਨੀ ਬੁਰੀ ਤਾਂ ਨਹੀਂ।"

ਅੱਜ ਦੋ ਹਜ਼ਾਰ ਵਰ੍ਹੇ ਲੰਘ ਗਏ, ਇਸ ਯੂਨਾਨੀ ਕਵੀ ਦੀਆਂ ਇਹ ਅੱਠ ਸਤਰਾਂ ਸਭ ਨੂੰ ਯਾਦ ਹਨ ਤੇ ਸਭ ਇਸ ਨੂੰ ਸ਼ੌਕ ਨਾਲ ਗਾ ਗਾ ਕੇ ਪੜ੍ਹਦੇ ਹਨ। ਦੂਜੀ ਰਚਨਾ ਭਾਵੇਂ ਵੱਡੇ ਬਾਦਸ਼ਾਹ ਦਾ ਕਸੀਦਾ ਸੀ, ਮਹਾਂਕਾਵਿ ਸੀ ਤੇ ਉਹ ਵਧੀਆ ਨੁਸਖ਼ਿਆਂ ਵਿਚ ਲਿਖ ਕੇ ਸਾਂਭਿਆ ਹੋਇਆ ਸੀ, ਪਰ ਉਸ ਨੂੰ ਪੜ੍ਹਦਾ ਕੋਈ ਨਹੀਂ।

57. ਪ੍ਰੀਤ-ਗੀਤ

ਇਕ ਦਫ਼ਾ ਇਕ ਕਵੀ ਨੇ ਇਕ ਪ੍ਰੀਤ-ਗੀਤ ਲਿਖਿਆ, ਬੜਾ ਹੀ ਪਿਆਰਾ ਗੀਤ। ਇਸ ਦੀਆਂ ਉਸ ਨੇ ਕਈ ਨਕਲਾਂ ਤਿਆਰ ਕਰ ਕੇ ਆਪਣੇ ਦੋਸਤਾਂ ਮਿੱਤਰਾਂ ਨੂੰ ਘੱਲੀਆਂ, ਔਰਤਾਂ ਨੂੰ ਵੀ ਤੇ ਮਰਦਾਂ ਨੂੰ ਵੀ। ਉਸ ਸੁੰਦਰੀ ਨੂੰ ਵੀ ਉਸ ਨੇ ਇਸ ਦੀ ਇਕ ਕਾਪੀ ਭੇਜੀ, ਜੋ ਕਦੀ ਇਕ ਵਾਰ ਉਸ ਨੂੰ ਮਿਲੀ ਸੀ ਤੇ ਪਹਾੜ ਦੇ ਉਸ ਪਾਰ ਕਿਧਰੇ ਰਹਿੰਦੀ ਸੀ।

ਇਕ ਦਿਨ ਉਸ ਦਾ ਕਾਸਦ ਖ਼ਤ ਲੈ ਕੇ ਕਵੀ ਪਾਸ ਆਇਆ। ਉਸ ਵਿਚ ਲਿਖਿਆ ਸੀ, "ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦੀ ਹਾਂ, ਜੋ ਤੁਸੀਂ ਪ੍ਰੇਮ ਦਾ ਗੀਤ ਲਿਖ ਕੇ ਮੈਨੂੰ ਭੇਜਿਆ ਹੈ, ਉਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਤੁਸੀਂ ਕਦੀ ਮੇਰੇ ਵੱਲ ਪਧਾਰੋ। ਮੇਰੇ ਮਾਪਿਆਂ ਨੂੰ ਮਿਲੋ, ਕੋਈ ਨਾ ਕੋਈ ਸਬੀਲ ਨਿਕਲ ਹੀ ਆਵੇਗੀ।"

ਕਵੀ ਨੇ ਇਸ ਸੱਦਾ-ਪੱਤਰ ਦਾ ਉੱਤਰ ਇਉਂ ਲਿਖ ਕੇ ਘੱਲਿਆ :

"ਇਹ ਤਾਂ ਪ੍ਰੀਤ-ਗੀਤ ਸੀ, ਜੋ ਕਵੀ ਦੇ ਹਿਰਦੇ ਵਿੱਚੋਂ ਸਹਿਜ-ਸੁਭਾ ਫੁਟ ਕੇ ਪ੍ਰਗਟ ਹੋਇਆ ਤੇ ਜੋ ਮਰਦ, ਔਰਤ ਲਈ ਗੁਣਗੁਣਾਉਂਦਾ ਹੀ ਰਹਿੰਦਾ ਹੈ।"

ਇਸ ਦੇ ਉੱਤਰ ਵਿਚ ਉਸ ਮੁਟਿਆਰ ਨੇ ਫਿਰ ਲਿਖ ਭੇਜਿਆ, "ਓ ਮੱਕਾਰ ! ਜਦ ਤਕ ਮੈਂ ਜਿਊਂਦੀ ਹਾਂ, ਕਿਸੇ ਕਵੀ ਨਾਲ ਗੱਲਬਾਤ ਨਹੀਂ ਕਰਾਂਗੀ ਤੇ ਮੈਂ ਤਾਂ ਕਵੀਆਂ ਨਾਲ ਹਮੇਸ਼ਾ ਲਈ ਘਿਰਣਾ ਹੀ ਕਰਦੀ ਰਹਾਂਗੀ।"

58. ਸੁਪਨੇ

ਇਕ ਆਦਮੀ ਨੇ ਸੁਪਨਾ ਤੱਕਿਆ ਤਾਂ ਉਸ ਦੀ ਜਾਗ ਖੁਲ੍ਹ ਗਈ। ਉਹ ਇਕ ਜੋਤਸ਼ੀ ਪਾਸ ਜਾ ਕੇ ਪੁੱਛਣ ਲੱਗਾ, "ਇਸ ਸੁਪਨੇ ਤੋਂ ਕੀ ਮੁਰਾਦ ਹੈ ? ਇਹ ਮੇਰੇ ਲਈ ਚੰਗਾ ਸ਼ਗਨ

ਹੈ ਜਾਂ ਮਾੜਾ ?"

ਅੱਗੋਂ ਸੁਪਨ-ਵਿਗਿਆਨੀ ਜੋਤਸ਼ੀ ਕਹਿਣ ਲੱਗਾ, "ਮੇਰੇ ਪਾਸ ਐਸੇ ਸੁਪਨੇ ਦੀ ਗੱਲ ਦੱਸੋ ਜੋ ਤੁਸੀਂ ਜਾਗ੍ਰਤ ਵਿਚ ਦੇਖਿਆ ਹੋਵੇ, ਉਸ ਦੇ ਅਰਥ ਤਾਂ ਮੈਂ ਜਿਵੇਂ ਕਿਵੇਂ ਅਨੁਮਾਨ ਲਾ ਕੇ ਦੱਸ ਦਿਆਂਗਾ, ਪਰ ਨੀਂਦ ਦੇ ਸੁਪਨਿਆਂ ਦੇ ਅਰਥ ਲਾਉਣਾ ਮੇਰੀ ਅਕਲ ਤੋਂ ਬਾਹਰ ਹੈ ਤੇ ਨਾ ਹੀ ਮੈਂ ਤੁਹਾਡੀਆਂ ਕਲਪਨਾ-ਉਡਾਰੀਆਂ ਦੇ ਭਾਵ ਦੱਸ ਸਕਦਾ ਹਾਂ।"

59. ਭਲਮਾਣਸੀ

ਹਾੜ ਦੀ ਸਵੇਰ ਇਕ ਡੱਡੂ ਨੇ ਆਪਣੀ ਡੱਡ ਨੂੰ ਕਿਹਾ, "ਮੇਰਾ ਖ਼ਿਆਲ ਹੈ ਜੋ ਲੋਕ ਟੋਭੇ ਦੇ ਇਧਰ-ਉਧਰ ਰਹਿੰਦੇ ਹਨ, ਉਹ ਸਾਡੇ ਰਾਤ ਭਰ ਟਰ-ਟਰਾਉਣ ਤੋਂ ਜ਼ਰੂਰ ਬੇਆਰਾਮ ਹੁੰਦੇ ਹੁੰਦੇ ਹੋਣਗੇ।"

ਅੱਗੋਂ ਡੱਡ ਨੇ ਪੁੱਛਿਆ, "ਕੀ ਇਹ ਲੋਕ ਦਿਨ ਭਰ ਬਕਵਾਸ ਕਰ ਕਰ ਕੇ ਸਾਡੇ ਆਰਾਮ ਵਿਚ ਵਿਘਨ ਨਹੀਂ ਪਾਉਂਦੇ ?"

ਅੱਗੋਂ ਡੱਡੂ ਬੋਲਿਆ, "ਕੁਝ ਵੀ ਹੋਵੇ, ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਅਸੀਂ ਕੁਝ ਜ਼ਿਆਦਾ ਹੀ ਟਰ-ਟਰਾਉਂਦੇ ਰਹਿੰਦੇ ਹਾਂ। ਕੁਝ ਨਾ ਕੁਝ ਸਾਨੂੰ ਕਾਬੂ ਰੱਖਣ ਦੀ ਲੋੜ ਹੈ।"

60. ਦੋਜ਼ਖ਼ ਦੀ ਅੱਗ

ਇਕ ਸ਼ਾਮ ਜਦੋਂ ਬੜਾ ਕਹਿਰਾਂ ਦਾ ਝੱਖੜ ਝੁਲ ਰਿਹਾ ਸੀ ਤਾਂ ਇਕ ਔਰਤ ਭੱਜੀ ਭੱਜੀ ਗਿਰਜੇ ਵਲ ਆਈ। ਉਹ ਪਾਦਰੀ ਪਾਸ ਆ ਕੇ ਕਹਿਣ ਲੱਗੀ, "ਹੇ ਪਵਿੱਤਰ ਪੁਰਸ਼! ਮੈਂ ਈਸਾਈ ਤਾਂ ਨਹੀਂ ਬਣ ਸਕੀ ਪਰ ਕੀ ਮੇਰੇ ਵਾਸਤੇ ਦੋਜ਼ਖ਼ ਦੀ ਅੱਗ ਤੋਂ ਬਚਣ ਦਾ ਕੋਈ ਤਰੀਕਾ ਹੈ ?"

ਪਾਦਰੀ ਨੇ ਉਸ ਵੱਲ ਨਜ਼ਰ ਫੇਰਦਿਆਂ ਕਿਹਾ, "ਜੋ ਲੋਕ ਮਹਾਨ ਪਵਿੱਤਰ-ਆਤਮਾ ਹਜ਼ਰਤ ਮਸੀਹ ਉਤੇ ਯਕੀਨ ਲਿਆਉਂਦੇ ਹਨ, ਕੇਵਲ ਉਹੋ ਬਚ ਸਕਦੇ ਹਨ।"

ਇਹ ਅਜੇ ਉਹ ਆਖ ਹੀ ਰਿਹਾ ਸੀ ਕਿ ਅਸਮਾਨੋਂ ਬਿਜਲੀ ਡਿੱਗਣ ਨਾਲ ਅਚਾਨਕ ਗਿਰਜੇ ਦੀ ਇਮਾਰਤ ਨੂੰ ਅੱਗ ਲੱਗ ਗਈ। ਔਰਤ ਤਾਂ ਦੌੜ ਕੇ ਬਾਹਰ ਭੱਜ ਗਈ ਪਰ ਉਹ ਵਿਚਾਰਾ ਪਾਦਰੀ, ਸਮੇਤ ਗਿਰਜੇ ਦੇ ਉਥੇ ਹੀ ਸੜ ਬਲ ਕੇ ਸੁਆਹ ਹੋ ਗਿਆ।

61. ਮੇਲਾ

ਕਿਸੇ ਪਿੰਡ ਤੋਂ, ਇਕ ਖ਼ੂਬਸੂਰਤ ਲੜਕੀ ਬਣ-ਠਣ ਕੇ ਮੇਲੇ ਆਈ, ਉਸ ਦੇ ਚਿਹਰੇ ਤੇ ਗ਼ੁਲਾਬ ਵਰਗੀ ਤਾਜ਼ਗੀ ਤੇ ਉਸ ਦੀਆਂ ਜ਼ੁਲਫ਼ਾਂ ਵਿਚ ਸੂਰਜ ਦੀਆਂ ਸੁਨਹਿਰੀ ਕਿਰਨਾਂ ਦਾ ਝੁਰਮਟ ਸੀ ਤੇ ਹੋਠਾਂ ਉਤੇ ਊਸ਼ਾ ਵਾਲੀ ਮੁਸਕ੍ਰਾਹਟ।

ਜਦ ਇਹ ਨੱਢੀ ਮੇਲੇ ਵਿਚ ਦਾਖ਼ਲ ਹੋਈ ਤਾਂ ਜੁਆਨ ਮੁੰਡਿਆਂ ਨੇ ਇਸ ਨੂੰ ਘੇਰ

ਲਿਆ। ਕੋਈ ਨੱਚਦਾ ਨੱਚਦਾ ਨਾਲ ਨਾਲ ਪੈਰ ਧਰ ਰਿਹਾ ਸੀ ਤੇ ਕੋਈ ਸ਼ਰਾਬ ਦਾ ਪਿਆਲਾ ਪੀ ਰਿਹਾ ਸੀ। ਸਭ ਗੱਭਰੂ ਉਸ ਦੀ ਚੁੰਮੀ ਲੈਣ ਲਈ ਬੇਤਾਬ ਸਨ ਕਿਉਂਕਿ ਇਹ ਸਾਰੇ ਮੇਲੇ ਆਏ ਹੋਏ ਸਨ।

ਲੇਕਿਨ ਇਹ ਸੁੰਦਰ ਮੁਟਿਆਰ ਪ੍ਰੇਸ਼ਾਨ ਸੀ ਤੇ ਘਬਰਾ ਰਹੀ ਸੀ; ਇਕ ਤਰ੍ਹਾਂ ਉਸ ਦਾ ਦਮ ਘੁਟਦਾ ਜਾ ਰਿਹਾ ਸੀ ਤੇ ਉਹ ਉਨ੍ਹਾਂ ਨੂੰ ਗਾਲ੍ਹੀ-ਗਲੋਚ ਕਰਦੀ ਪਰ੍ਹੇ ਹਟਾ ਰਹੀ ਸੀ; ਇਕ ਦੋਂਹ ਦੇ ਉਸ ਨੇ ਥੱਪੜ ਵੀ ਮਾਰੇ।

'ਆਖ਼ਰ ਉਹ ਭੀੜ ਵਿਚੋਂ ਖਿਸਕ ਗਈ। ਰਾਹ ਵਿਚ ਜਾਂਦੀ ਜਾਂਦੀ ਉਹ ਆਪਣੇ ਆਪ ਨੂੰ ਕਹਿ ਰਹੀ ਸੀ, "ਤੌਬਾ ਤੌਬਾ! ਇਨ੍ਹਾਂ ਤਾਂ ਮੇਰਾ ਨੱਕ ਦਮ ਕਰ ਰੱਖਿਆ ਸੀ, ਇਹ ਕਿਸ ਕਿਸਮ ਦੇ ਬਦਤਮੀਜ਼ ਤੇ ਉੱਲੂ ਲੋਕ ਸਨ।"

ਇਕ ਸਾਲ ਲੰਘ ਗਿਆ; ਇਹ ਮੁਟਿਆਰ ਸਾਲ-ਭਰ ਉਨ੍ਹਾਂ ਨੌਜੁਆਨਾਂ ਦੀ ਯਾਦ ਵਿਚ ਡੁੱਬੀ ਰਹੀ; ਮੇਲੇ ਦੀਆਂ ਸਾਰੀਆਂ ਝਾਕੀਆਂ ਉਸ ਦੀਆਂ ਅੱਖਾਂ ਸਾਹਵੇਂ ਫਿਰਦੀਆਂ ਰਹੀਆਂ। ਅਖ਼ੀਰ ਸਾਲ ਬਾਦ ਉਸੇ ਤਰ੍ਹਾਂ ਮੁਖੜੇ ਉਤੇ ਗ਼ੁਲਾਬ ਵਰਗਾ ਨਿਖਾਰ, ਜ਼ੁਲਫ਼ਾਂ ਵਿਚ ਸੂਰਜੀ ਕਿਰਨਾਂ ਦੀ ਝਿਲਮਿਲਕਾਰ ਤੇ ਬੁਲ੍ਹਾਂ 'ਤੇ ਪ੍ਰਭਾਤ ਦੀ ਮੁਸਕ੍ਰਾਉਂਦੀ ਨੁਹਾਰ ਲੈ ਕੇ ਫਿਰ ਮੇਲੇ ਵਿਚ ਆਈ। ਸਾਰਾ ਦਿਨ ਲੰਘ ਗਿਆ; ਨਾ ਉਸ ਨੂੰ ਕਿਸੇ ਛੇੜਿਆ ਤੇ ਨਾ ਕਿਸੇ ਬੁਲਾਇਆ-ਚਲਾਇਆ; ਉਹ ਇਕੱਲੀ ਮੇਲੇ ਵਿਚ ਘੁੰਮਦੀ ਰਹੀ। ਜਦ ਰਾਤ ਹੋਈ ਤਾਂ ਉਹ ਚੁਪ-ਚਾਪ ਪਿੰਡ ਵੱਲ ਪਰਤ ਗਈ ਤੇ ਆਪਣੇ ਆਪ ਨੂੰ ਕਹਿ ਰਹੀ ਸੀ, "ਤੌਬਾ ਤੌਬਾ! ਇਹ ਕਿਸ ਤਰ੍ਹਾਂ ਦੇ ਅਕਲੋਂ ਖ਼ਾਲੀ ਤੇ ਬੇਤਹਿਜ਼ੀਬੇ ਨੌਜੁਆਨ ਹਨ।"

62. ਮਹੱਲ ਤੇ ਛੱਪਰੀ

ਰਾਤ ਪੈਣ ਦੀ ਦੇਰ ਸੀ ਕਿ ਮਹੱਲ ਵਿਚ ਦੀਵੇ ਜਗਮਗਾਉਣ ਲੱਗੇ ਤੇ ਪ੍ਰਾਹੁਣਿਆਂ ਦੇ ਸੁਆਗਤ ਲਈ ਦਰਵਾਜ਼ੇ ਉਤੇ ਨੌਕਰ ਖੜੋ ਗਏ, ਜਿਨ੍ਹਾਂ ਨੇ ਸੁਨਹਿਰੀ ਬਟਨਾਂ ਵਾਲੀਆਂ ਅਚਕਨਾਂ ਪਾਈਆਂ ਹੋਈਆਂ ਸਨ। ਮਹੱਲ ਦੇ ਪਾਰਕ ਵਿਚ ਸੋਹਣੀਆਂ ਸੋਹਣੀਆਂ ਕਾਰਾਂ ਆਈਆਂ ਤੇ ਹੀਰੇ ਮੋਤੀ-ਜੜਤ ਪੁਸ਼ਾਕਾਂ ਤੇ ਭੂਸ਼ਣਾਂ ਨਾਲ ਸੱਜੇ ਅਮੀਰ ਪਤਵੰਤੇ ਆ ਪਧਾਰੇ। ਵਾਜਿਆਂ-ਗਾਜਿਆਂ ਦੀ ਮਨੋਹਰ ਧੁਨ ਨੇ ਸਾਰਾ ਵਾਤਾਵਰਣ ਗੂੰਜਾਇਮਾਨ ਕਰ ਦਿੱਤਾ ਤੇ ਮੋਹਰੀ ਸਰਦਾਰ ਨ੍ਰਿਤਕਾਰੀ ਕਰਨ ਲੱਗੇ।

ਸੁੰਦਰ ਗੁਲਦਸਤਿਆਂ ਨਾਲ ਸੱਜੇ ਮੇਜ਼ਾਂ ਉਤੇ ਅੱਧੀ ਰਾਤ ਦੇ ਲਾਗੇ-ਚਾਗੇ ਮਹਿਕਾਂ ਭਰਿਆ ਅਤਿ ਸੁਆਦੀ ਭੋਜਨ ਪਰੋਸਿਆ ਗਿਆ। ਸਭ ਨੇ ਮਨ-ਭਾਉਂਦੀ ਸ਼ਰਾਬ ਉਡਾਈ ਤੇ ਰੱਜ ਰੱਜ ਖਾਣਾ ਖਾਧਾ, ਜਦ ਤਕ ਕਿ ਨਸ਼ੇ ਵਿਚ ਚੂਰ ਨਾ ਹੋ ਗਏ। ਇਉਂ ਇਕ ਲੰਮੀ ਰਾਤ ਖਾਣ-ਪੀਣ ਵਿਚ ਬਿਤਾ ਕੇ ਇਹ ਲੋਕ ਥੱਕ-ਟੁੱਟ ਕੇ ਆਖ਼ਰ ਕਾਹਲੀ ਕਾਹਲੀ ਨਾਲ ਇਕ ਦਮ ਗ਼ੈਰ ਕੁਦਰਤੀ ਨੀਂਦ ਦੇ ਬਿਸਤਰੇ ਵਿਚ ਗੁੰਮ-ਸੁੰਮ ਹੋ ਗਏ।

ਇਕ ਗ਼ਰੀਬ ਮਜ਼ਦੂਰ, ਦਿਹਾੜੀ ਦੇ ਕੰਮ ਦਾ ਥੱਕਿਆ, ਸ਼ਾਮ ਵੇਲੇ ਆਪਣੀ ਨਿੱਕੀ ਛੱਪਰੀ ਸਾਮ੍ਹਣੇ ਖੜ੍ਹਾ ਬੂਹਾ ਖੜਕਾ ਰਿਹਾ ਸੀ। ਜਦੋਂ ਉਹ ਅੰਦਰ ਆਇਆ ਤਾਂ ਸਾਰਿਆਂ ਖ਼ੁਸ਼ੀ ਮਨਾਈ ਤੇ ਉਹ ਅੰਗੀਠੀ ਦੁਆਲੇ ਖੇਡਾਂ ਕਰਦੇ ਬੱਚਿਆਂ ਦੇ ਵਿਚਕਾਰ ਬੈਠ ਗਿਆ। ਸੁਆਣੀ

ਭੋਜਨ ਲਿਆਈ ਤੇ ਉਹ ਸਾਰੇ ਇਕ ਨਿੱਕੇ ਜਿਹੇ ਸਾਦੇ ਮੇਜ਼ ਦੁਆਲੇ ਬਹਿ ਗਏ। ਖਾਣਾ ਖਾਣ ਪਿੱਛੋਂ ਦੀਵੇ ਦੁਆਲੇ ਝੁਰਮਟ ਲਾ ਬੈਠੇ ਤੇ ਦਿਨ ਭਰ ਦੀਆਂ ਆਪ-ਬੀਤੀਆਂ ਸੁਣਾਉਂਦੇ ਰਹੇ। ਪਹਿਰ ਕੁ ਰਾਤ ਲੰਘੀ ਸੀ ਤੇ ਉਨ੍ਹਾਂ ਰੱਬ ਦੇ ਸ਼ੁਕਰਾਨੇ ਦੀ ਅਰਦਾਸ ਤੇ ਉਸਦੀ ਮਹਿਮਾ ਦਾ ਗੀਤ ਗਾਉਂਦਿਆਂ ਗਾਉਂਦਿਆਂ ਆਪਣਾ ਆਪ ਨਿੰਦ੍ਰਾ ਦੇਵੀ ਦੇ ਹਵਾਲੇ ਕਰ ਦਿੱਤਾ।

੬੩. ਇਕ ਹਜ਼ਾਰ ਕੈਦਖ਼ਾਨੇ

ਅੱਜ ਤੋਂ ਇਕ ਹਜ਼ਾਰ ਵਰ੍ਹੇ ਪਹਿਲਾਂ ਇਕ ਦਾਨਾ ਬਾਦਸ਼ਾਹ ਇਕ ਵੱਡੇ ਮੁਲਕ 'ਤੇ ਹਕੂਮਤ ਕਰਦਾ ਸੀ। ਬਾਦਸ਼ਾਹ ਬੜਾ ਸਿਆਣਾ ਤੇ ਨਿਆਕਾਰ ਸੀ, ਉਹ ਚਾਹੁੰਦਾ ਸੀ ਕਿ ਆਪਣੇ ਵੱਡੇ ਮੁਲਕ ਲਈ ਅੱਛੇ ਅੱਛੇ ਕਾਨੂੰਨ ਬਣਾਵੇ। ਉਸ ਨੇ ਇਕ ਹਜ਼ਾਰ ਕਬੀਲਿਆਂ ਦੇ ਇਕ ਹਜ਼ਾਰ ਸਿਆਣੇ ਇਕੱਤਰ ਕੀਤੇ ਤਾਂਕਿ ਉਹ ਵਧੀਆ ਕਾਨੂੰਨਾਂ ਦੀ ਪੋਥੀ ਤਿਆਰ ਕਰ ਸਕਣ।

ਉਨ੍ਹਾਂ ਸਿਆਣਿਆਂ ਰਲ ਮਿਲ ਕੇ ਇਕ ਹਜ਼ਾਰ ਕਾਨੂੰਨਾਂ ਦਾ ਖਰੜਾ ਬਣਾ ਕੇ ਬਾਦਸ਼ਾਹ ਦੇ ਪੇਸ਼ ਕਰ ਦਿੱਤਾ। ਜਦ ਬਾਦਸ਼ਾਹ ਨੇ ਇਹ ਪੜ੍ਹਿਆ ਤਾਂ ਬੜਾ ਦੁਖੀ ਹੋਇਆ ਤੇ ਦਿਲ ਹੀ ਦਿਲ ਵਿਚ ਰੋਇਆ, ਕਿਉਂਕਿ ਉਸ ਨੂੰ ਇਸ ਤੋਂ ਪਹਿਲੇ ਇਲਮ ਨਹੀਂ ਸੀ ਕਿ ਉਸ ਦੇ ਵੱਡੇ ਮੁਲਕ ਵਿਚ ਹਜ਼ਾਰ ਕਿਸਮ ਦੇ ਜੁਰਮ ਕੀਤੇ ਜਾਂਦੇ ਹਨ। ਫਿਰ ਉਸ ਨੇ ਆਪਣੇ ਵਜ਼ੀਰ ਨੂੰ ਬੁਲਾਇਆ ਤੇ ਮੁਸਕ੍ਰਾਉਂਦਿਆਂ ਹੋਇਆਂ ਉਸ ਨੇ ਸੰਖੇਪ ਜਿਹੇ ਸੱਤ ਕਾਨੂੰਨ ਲਿਖਵਾਏ। ਇਸ ਨਾਲ ਉਹ ਹਜ਼ਾਰ ਸਿਆਣੇ ਨਾਰਾਜ਼ ਹੋ ਗਏ ਤੇ ਆਪਣਾ ਆਪਣਾ ਕਾਨੂੰਨ ਲੈ ਕੇ ਆਪਣਿਆਂ ਕਬੀਲਿਆਂ ਵਿਚ ਚਲੇ ਗਏ, ਹਰ ਕਬੀਲੇ ਨੇ ਉਨ੍ਹਾਂ ਕਾਨੂੰਨਾਂ ਦਾ ਪਾਬੰਦ ਰਹਿਣ ਦਾ ਪ੍ਰਣ ਕੀਤਾ। ਅੱਜ ਤਕ ਇਨ੍ਹਾਂ ਕਬੀਲਿਆਂ ਵਿਚ ਉਹੋ ਹਜ਼ਾਰ ਕਾਨੂੰਨ ਚਾਲੂ ਹਨ। ਇਹ ਇਕ ਬਹੁਤ ਵੱਡਾ ਮੁਲਕ ਹੈ, ਜਿਸ ਵਿਚ ਇਕ ਹਜ਼ਾਰ ਕੈਦਖ਼ਾਨੇ ਹਨ।

ਇਨ੍ਹਾਂ ਕੈਦਖ਼ਾਨਿਆਂ ਵਿਚ ਐਸੇ ਆਦਮੀ, ਔਰਤਾਂ ਤੇ ਬੱਚੇ ਭਰੇ ਪਏ ਹਨ, ਜੋ ਰੋਜ਼ਾਨਾ ਹਜ਼ਾਰਾਂ ਕਾਨੂੰਨ ਤੋੜਦੇ ਹਨ। ਇਹ ਬਹੁਤ ਵੱਡਾ ਮੁਲਕ ਹੈ, ਇਸ ਦੀ ਆਬਾਦੀ ਉਨ੍ਹਾਂ ਕਾਨੂੰਨਦਾਨਾਂ ਦੀ ਔਲਾਦ ਹੈ ਜਿਸ ਵਿਚ ਸਿਰਫ਼ ਇਕੋ ਦਾਨਾ ਬਾਦਸ਼ਾਹ ਸੀ।

64. ਕਾਜ਼ੀ ਦਾ ਕਾਨੂੰਨ

ਆਦਮ ਦੇ ਤਿੰਨ ਪੁੱਤਰ ਸਨ ਜੋ ਜੀਵਨ ਦੇ ਝੂਲੇ ਵਿਚ ਝੂਲਦੇ ਝੂਲਦੇ ਮੌਤ ਨੇ ਦਬੋਚ ਲਏ ਹਨ। ਤਿੰਨਾਂ ਨੇ ਮਨੁੱਖਾਂ ਨੂੰ ਅਗਿਆਤ ਅਵਸਥਾ ਵਿੱਚੋਂ ਕੱਢ ਕੇ ਗਿਆਤ ਵਿਚ ਲਿਆਉਣ ਦੀ ਭੁੱਲ ਕੀਤੀ, ਪਰ ਅੰਨ੍ਹੇ ਕਾਨੂੰਨ ਨੇ ਇਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਖ਼ਤਮ ਕਰ ਦਿੱਤਾ।

ਜਹਾਲਤ ਨੇ ਤਿੰਨਾਂ ਨੂੰ ਦੋਸ਼ੀ ਠਹਿਰਾਇਆ, ਕਿਉਂਕਿ ਉਹ ਕਮਜ਼ੋਰ ਸਨ; ਕਾਨੂੰਨ ਨੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਕਿਉਂਕਿ ਕਾਨੂੰਨ ਆਪਣੇ ਆਪ ਵਿਚ ਤਕੜਾ ਸੀ। ਇਕ ਆਦਮੀ ਨੇ ਇਕ ਨੂੰ ਕਿਸੇ ਗੱਲੋਂ ਮਾਰ ਦਿੱਤਾ, ਲੋਕਾਂ ਕਿਹਾ ਕਿ ਇਹ ਕਾਤਲ

ਹੈ, ਖ਼ੂਨੀ ਹੈ। ਕਾਜ਼ੀ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ, ਲੋਕਾਂ ਨੇ ਆਖਿਆ ਕਿ ਕਾਜ਼ੀ ਬੜਾ ਇਨਸਾਫ਼-ਪਸੰਦ ਹੈ।

ਇਕ ਆਦਮੀ ਨੇ ਕਿਤੋਂ ਰੁਪਈਆ ਲੈਣ ਦਾ ਯਤਨ ਕੀਤਾ, ਲੋਕਾਂ ਨੇ ਕਿਹਾ ਕਿ ਇਹ ਚੋਰ ਹੈ। ਕਾਜ਼ੀ ਨੇ ਉਸ ਨੂੰ ਕੈਦ ਦੀ ਸਜ਼ਾ ਸੁਣਾ ਦਿੱਤੀ; ਲੋਕਾਂ ਕਿਹਾ ਕਿ ਕਾਜ਼ੀ ਬੜਾ ਸੱਚਾ ਸੁੱਚਾ ਹੈ।

ਇਕ ਇਸਤਰੀ ਨੇ ਆਪਣੇ ਪਤੀ ਦੀ ਅਮਾਨਤ ਵਿਚ ਖ਼ਿਆਨਤ ਕੀਤੀ। ਲੋਕਾਂ ਕਿਹਾ ਕਿ ਇਹ ਭੈੜੀ ਤੇ ਬਦਨਾਮ ਹੈ। ਕਾਜ਼ੀ ਨੇ ਉਸ ਨੂੰ ਸਭ ਦੇ ਸਾਮ੍ਹਣੇ ਨੰਗਿਆਂ ਕਰ ਕੇ ਪੱਥਰ ਮਾਰਨ ਦੀ ਸਜ਼ਾ ਸੁਣਾਈ। ਲੋਕਾਂ ਨੇ ਕਿਹਾ ਕਿ ਕਾਜ਼ੀ ਬੜਾ ਹੀ ਨੇਕ ਤੇ ਪਤਵੰਤਾ ਹੈ। ਖ਼ੂਨ ਕਰਨਾ ਹਰਾਮ ਹੈ, ਪਰ ਕਾਜ਼ੀ ਲਈ ਇਸ ਨੂੰ ਕਿਸ ਨੇ ਹਲਾਲ ਕਰ ਦਿੱਤਾ; ਕਿਸੇ ਦਾ ਮਾਲ ਚੁਰਾਉਣਾ ਹਰਾਮ ਹੈ, ਲੇਕਿਨ ਆਜ਼ਾਦੀ ਖੋਹ ਲੈਣ ਨੂੰ ਕਿਸ ਨੇ ਭਗਤੀ ਕਿਹਾ ਹੈ। ਇਸਤਰੀ ਲਈ ਵਿਭਚਾਰ ਮਾੜਾ ਹੈ, ਲੇਕਿਨ ਕਿਸੇ ਦੇ ਜਿਸਮ 'ਤੇ ਪੱਥਰ ਵੱਟੇ ਮਾਰਨਾ ਕਿਹੜੀ ਨੇਕੀ ਹੈ।

ਬੁਰਿਆਈ ਦਾ ਮੁਕਾਬਲਾ ਉਸ ਤੋਂ ਵੱਡੀ ਬੁਰਿਆਈ ਨਾਲ ਕਰਦੇ ਹੋ ਤੇ ਕਹਿੰਦੇ ਹੋ ਕਿ ਇਹ ਕਾਨੂੰਨ ਹੈ। ਬਦੀ ਨਾਲ ਉਸ ਤੋਂ ਵਧੇਰੇ ਬਦੀ ਨਾਲ ਲੜਦੇ ਹੋ ਤੇ ਉਸ ਨੂੰ ਭਲਿਆਈ ਗਿਣਦੇ ਹੋ। ਅਪਰਾਧ ਨੂੰ ਉਸ ਨਾਲੋਂ ਵੱਡੇ ਅਪਰਾਧ ਦੁਆਰਾ ਦਬਾਉਣ ਦਾ ਦਾਅਵਾ ਕਰਦੇ ਹੋ ਤੇ ਇਸ ਨੂੰ ਫਿਰ ਇਨਸਾਫ਼ ਕਹਿੰਦੇ ਹੋ, ਕਮਾਲ ਹੈ!

ਕੀ ਕਾਜ਼ੀ ਨੇ ਕਦੀ ਕਿਸੇ ਨਾਲ ਵੈਰ ਨਹੀਂ ਕੀਤਾ?

ਕੀ ਉਸ ਨੇ ਆਪਣੇ ਨਿਮਾਣੇ ਨਿਤਾਣੇ ਚੇਲਿਆਂ ਤੋਂ ਕਦੀ ਪੈਸੇ ਨਹੀਂ ਮਾਠੇ?

ਕੀ ਉਸ ਨੇ ਕਦੀ ਹੁਸੀਨ ਔਰਤ ਨੂੰ ਭੋਗਣ ਦੀ ਖ਼ਾਹਸ਼ ਨਹੀਂ ਕੀਤੀ?

ਕੀ ਉਹ ਇਨ੍ਹਾਂ ਗੁਨਾਹਾਂ ਤੋਂ ਉਤੇ ਸੀ ਜੋ ਹਰੇਕ ਨੂੰ ਸਜ਼ਾ ਸੁਣਾਉਂਦਾ ਗਿਆ?

65. ਇਹ ਕਾਨੂੰਨ ਦੇ ਸ਼ਹੀਦ?

ਕੀ ਤੁਸੀਂ ਉਹ ਹੋ ਜੋ ਉਦਾਸੀਨਤਾ ਦੇ ਪੰਘੂੜੇ ਵਿਚ ਜਨਮੇ, ਬਦਕਿਸਮਤੀ ਦੀ ਗੋਦ ਵਿਚ ਪਲੇ ਤੇ ਦਬਾਉ ਤੇ ਗ਼ੁਲਾਮੀ ਹੇਠ ਦਿਨ-ਕਟੀ ਕਰਦੇ ਰਹੇ?

ਕੀ ਤੁਸੀਂ ਹੌਕਿਆਂ ਨਾਲ ਸੜੇ ਸੁੱਕੇ ਟੁੱਕਰ ਖਾਂਦੇ ਰਹੇ ਤੇ ਉਹ ਪਾਣੀ ਪੀਂਦੇ ਰਹੇ ਜੋ ਕਿ ਲਹੂ ਤੇ ਹੰਝੂਆਂ ਨਾਲ ਰਲ-ਗੱਡ ਸੀ?

ਕੀ ਤੁਸੀਂ ਉਹੋ ਫ਼ੌਜੀ ਸਿਪਾਹੀ ਹੋ, ਜੋ ਕਰੜੇ ਕਾਨੂੰਨ ਦੀ ਮਾਰ ਹੇਠ ਆਪਣੀ ਸੁਆਣੀ ਤੇ ਬੱਚਿਆਂ ਨੂੰ ਛੱਡਣ ਲਈ ਮਜਬੂਰ ਹੋਏ ਤੇ ਲੋਭ-ਵੱਸ ਉਸ ਮੈਦਾਨੇ-ਜੰਗ ਵਿਚ ਗਏ, ਜਿਸ ਨੂੰ ਕਿ ਤੁਹਾਡੇ ਨੇਤਾ 'ਦੇਸ਼-ਭਗਤੀ ਦਾ ਕਰਤਵ' ਕਹਿ ਕੇ ਯਾਦ ਕਰਦੇ ਹਨ?

ਕੀ ਤੁਸੀਂ ਉਹ ਕਵੀ ਹੋ, ਜੋ ਜ਼ਿੰਦਗੀ ਦੇ ਭੋਰੇ-ਚੋਰੇ ਨਾਲ ਸੰਤੁਸ਼ਟ ਰਹੇ; ਕਲਮ, ਸਿਆਹੀ ਤੇ ਕੂਲੇ ਕੂਲੇ ਕਾਗ਼ਜ਼ਾਂ ਨਾਲ ਪਰਚੇ ਰਹੇ ਤੇ ਆਪਣੇ ਹੀ ਦੇਸ਼ ਵਿਚ ਕਿਸੇ ਅਜਨਬੀ ਵਾਂਙ ਅਣਪਛਾਤੇ ਤੇ ਅਣਗੌਲੇ ਵਿਚਰਦੇ ਰਹੇ?

ਕੀ ਤੁਸੀਂ ਕੈਦੀ ਹੋ, ਜੋ ਕਿਸੇ ਨਿੱਕੇ ਜਿਹੇ ਕਸੂਰ ਬਦਲੇ ਨ੍ਹੇਰ-ਕੋਠੜੀ ਵਿਚ ਬੰਦ ਹੋ ਤੇ ਉਨ੍ਹਾਂ ਲੋਕਾਂ ਵੱਲੋਂ ਤ੍ਰਿਸਕਾਰੇ ਗਏ ਹੋ ਜੋ ਕਿ ਮਨੁੱਖ ਨੂੰ ਕੁਨੀਤੀਆਂ ਦੁਆਰਾ ਸੁਧਾਰਨ

ਦਾ ਦਾਈਆ ਬੰਨ੍ਹਦੇ ਹਨ ?

ਕੀ ਤੁਸੀਂ ਸੁੰਦਰ ਨਾਰੀ ਹੋ, ਜਿਸ ਉਤੇ ਰੱਬ ਨੇ ਸੁਹੱਪਣ ਦੀ ਛਹਿਬਰ ਲਾਈ, ਪਰ ਜੋ ਕਿਸੇ ਅਮੀਰ ਦੀ ਅੱਯਾਸ਼ੀ ਦਾ ਸ਼ਿਕਾਰ ਹੋ ਗਈ ? ਉਸ ਨੇ ਧੋਖਾ ਕਰ ਕੇ ਜਿਸਮ ਤਾਂ ਖ਼ਰੀਦ ਲਿਆ ਪਰ ਦਿਲ ਨਾ ਲੈ ਸਕਿਆ ਤੇ ਫਿਰ ਅੰਤ ਮੰਦੀ ਹਾਲਤ ਵਿਚ ਉਸ ਨੂੰ ਛੱਡ ਵੀ ਗਿਆ।

ਅਗਰ ਤੁਸੀਂ ਇਨ੍ਹਾਂ ਵਿੱਚੋਂ ਇਕ ਹੋ ਤਾਂ ਤੁਸੀਂ ਮਨੁੱਖ ਦੇ ਬਣਾਏ ਕਾਨੂੰਨਾਂ ਦੇ ਸ਼ਹੀਦ ਹੋ ਤੇ ਅਤਿ ਦੁਖਿਆਰੇ ਹੋ, ਤੁਹਾਡੇ ਦੁੱਖ ਉਸ ਬੱਜਰ ਅਨਿਆਂ ਦਾ ਨਤੀਜਾ ਹਨ, ਜੋ ਅਮੀਰਾਂ ਦੀਆਂ ਵਹਿਸ਼ੀਆਨਾ ਤੇ ਲੁੱਚਿਆਂ-ਲਫ਼ੰਗਿਆਂ ਦੀ ਖ਼ੁਦਗਰਜ਼ੀ ਕਾਰਣ ਹਨ।

ਜ਼ਰਾ ਦਿਲ ਟਿਕਾਓ ਤੇ ਸਮਝੋ, ਇਸ ਸਾਰੇ ਨਿਜ਼ਾਮ ਦੇ ਪਿੱਛੇ ਤੇ ਅੰਦਰ-ਬਾਹਰ ਇਕ ਮਹਾਨ ਸੱਤਾ ਹੈ ਜੋ ਨਿਆਇ, ਰਹਿਮ, ਤਰਸ ਤੇ ਪਿਆਰ ਨਾਲ ਭਰਪੂਰ ਹੈ। ਤੁਸੀਂ ਪੁਸ਼ਪ ਸਮਾਨ ਹੋ ਜੋ ਛਾਇਆ ਵਿਚ ਵਧਦਾ ਫੁਲਦਾ ਹੈ। ਜਦ ਪ੍ਰਭਾਤ ਦੀ ਪੌਣ ਵਗਦੀ ਹੈ ਤਾਂ ਉਹ ਇਸ ਨੂੰ ਸੂਰਜ ਦੀ ਧੁੱਪ ਵਿਚ ਖਿੜਾਉਂਦੀ ਤੇ ਸੂਹਜ ਨਾਲ ਖ਼ੂਬ ਸਜਾਉਂਦੀ ਹੈ, ਜਾਂ ਤੁਸੀਂ ਸਿਆਲ ਦੇ ਉਸ ਰੁੱਖ ਵਾਂਙ ਹੋ, ਜੋ ਬਰਫ਼ ਪੈਣ ਨਾਲ ਜ਼ਰਾ ਝੁਕ ਜਾਂਦਾ ਹੈ। ਹੁਣ ਬਸੰਤ ਆ ਕੇ ਤੁਹਾਨੂੰ ਹਰਾ ਹਰਾ ਮਖ਼ਮਲੀ ਚੋਗਾ ਪਹਿਨਾਏਗੀ ਤੇ ਸੱਚਾਈ ਤੁਹਾਡੇ ਉਤੋਂ ਉਹ ਪਰਦਾ ਹਟਾਏਗੀ, ਜਿਸ ਨੇ ਤੁਹਾਡੀ ਮੁਸਕ੍ਰਾਹਟ ਨੂੰ ਢੱਕਿਆ ਹੋਇਆ ਹੈ। ਤੁਸੀਂ ਮੇਰੇ ਪਾਸ ਆਓ, ਮੈਂ ਤੁਹਾਨੂੰ ਪਿਆਰਦਾ ਹਾਂ ਤੇ ਤੁਹਾਡੇ ਉਤੇ ਜ਼ੁਲਮ ਕਰਨ ਵਾਲੇ ਜਾਬਰਾਂ ਨੂੰ ਟਿੱਚ ਸਮਝ ਕੇ ਤ੍ਰਿਸਕਾਰਦਾ ਹਾਂ।

66. ਦੇਸ਼-ਭਗਤੀ

ਆਪਣੇ ਸੁਹਾਵਣੇ ਵਤਨ ਲਈ ਮੇਰੇ ਮਨ ਵਿਚ ਸੱਚਮੁਚ ਪ੍ਰੇਮ-ਭਾਵਨਾ ਹੈ ਤੇ ਮੈਂ ਗ਼ਰੀਬੀ ਕਰਕੇ ਆਪਣੇ ਦੇਸ਼-ਵਾਸੀਆਂ ਨਾਲ ਦਿਲੋਂ-ਮਨੋਂ ਪਿਆਰ ਕਰਦਾ ਹਾਂ, ਪਰ ਜੇ ਇਹ ਲੋਕ ਬਗ਼ਾਵਤ ਕਰਨ ਤੇ ਲੁੱਟਮਾਰ ਕਰਨ ਲਈ ਹੋਰਾਂ ਦਾ ਖ਼ੂਨ-ਖ਼ਰਾਬਾ ਕਰਨ, ਪੜੋਸੀ ਦੇਸ਼ 'ਤੇ ਧਾਵਾ ਬੋਲਣ ਤਾਂ ਮੈਂ ਇਨ੍ਹਾਂ ਇਨਸਾਨੀਅਤ ਦੇ ਕਾਤਲਾਂ ਨਾਲ ਨਫ਼ਰਤ ਹੀ ਕਰਾਂਗਾ।

ਮੈਂ ਆਪਣੀ ਜਨਮ-ਭੂਮੀ ਦੀ ਸਿਫ਼ਤ ਕਰਦਾ ਨਹੀਂ ਥੱਕਦਾ; ਇਹ ਮੇਰੇ ਬਚਪਨ ਦੀ ਖੇਡ-ਭੂਮੀ ਹੈ, ਜਿਥੇ ਮੈਂ ਨੱਚਿਆ, ਕੁੱਦਿਆ ਤੇ ਵਧਿਆ ਫੁਲਿਆ। ਪਰ ਜੇ ਇਸ ਦੇਸ਼ ਦੇ ਲੋਕ ਨਿਆਸਰੇ ਰਾਹੀਆਂ ਨੂੰ ਆਸਰਾ ਦੇਣ ਅਤੇ ਅੰਨ-ਪਾਣੀ ਦੀ ਸੇਵਾ ਤੋਂ ਵੀ ਇਨਕਾਰ ਕਰਨ ਤਾਂ ਮੈਂ ਉਪਰੋਕਤ ਉਸਤਤ-ਮਹਿਮਾ ਤੇ ਦਰਸ਼ਨ-ਲਾਲਸਾ ਨੂੰ ਭੁਲਾ ਦੇਣਾ ਹੀ ਠੀਕ ਸਮਝਾਂਗਾ, ਮੇਰੇ ਅੰਦਰ ਦੀ ਆਵਾਜ਼ ਕਹਿ ਰਹੀ ਹੈ ਕਿ ਜੋ ਗ਼ਰੀਬਾਂ ਦੀ ਸੇਵਾ ਦੇ ਕੰਮ ਨਹੀਂ ਆਉਂਦਾ, ਉਹ ਘਰ ਬੇਕਾਰ ਤੇ ਢਾਹੇ ਜਾਣ ਦੇ ਲਾਇਕ ਹੈ।

67. ਜ਼ਿੰਦਗੀ ਤੇ ਔਰਤ

ਮੈਂ ਆਪਣੇ ਮਿੱਤਰ ਨੂੰ ਕਿਹਾ, "ਤੁਸੀਂ ਅੱਜ ਜਿਸ ਤਰ੍ਹਾਂ ਉਸ ਨੂੰ ਆਪਣੇ ਮੋਢਿਆਂ 'ਤੇ ਝੁਕਿਆ ਦੇਖਿਆ ਹੈ, ਕੱਲ੍ਹ ਬਿਲਕੁਲ ਉਹ ਇਸੇ ਤਰ੍ਹਾਂ ਮੇਰੇ ਕੰਧਿਆਂ 'ਤੇ ਝੁਕੀ ਹੋਈ

ਸੀ। ਮੇਰੇ ਮਿੱਤਰ ਨੇ ਆਖਿਆ, "ਕੱਲ੍ਹ ਉਹ ਮੇਰੇ ਕੰਧੇ ਨਾਲ ਲੱਗੀ ਹੋਵੇਗੀ।"

ਮੈਂ ਕਿਹਾ, "ਦੇਖੋ, ਕਿਸ ਤਰ੍ਹਾਂ ਉਹ ਉਸ ਦੀ ਗੋਦ ਵਿਚ ਲੇਟ ਰਹੀ ਹੈ, ਕੱਲ੍ਹ ਇਸੇ ਤਰ੍ਹਾਂ ਮੇਰੀ ਗੋਦ ਵਿਚ ਪਈ ਸੀ।" ਮੇਰਾ ਦੋਸਤ ਕਹਿਣ ਲੱਗਾ, "ਬਿਲਕੁਲ ਇਸੇ ਤਰ੍ਹਾਂ ਕੱਲ੍ਹ ਮੇਰੀ ਗੋਦ ਵਿਚ ਪਈ ਹੋਵੇਗੀ।"

ਮੈਂ ਕਿਹਾ, "ਜ਼ਰਾ ਤੱਕੋ, ਹੁਣ ਉਸ ਦੇ ਪਿਆਲੇ ਨਾਲ ਮੂੰਹ ਲਾਈ ਬੈਠੀ ਹੈ, ਕੱਲ੍ਹ ਇਸੇ ਤਰ੍ਹਾਂ ਮੇਰੇ ਪਿਆਲੇ ਨਾਲ ਚੰਬੜੀ ਹੋਈ ਸੀ।" ਉਸ ਨੇ ਕਿਹਾ, "ਇਹ ਕੱਲ੍ਹ ਮੇਰੇ ਵਾਲੇ ਪਿਆਲੇ ਵਿਚ ਪੀ ਰਹੀ ਹੋਵੇਗੀ।"

ਮੈਂ ਆਖਿਆ, "ਦੇਖੋ, ਉਹ ਇਸ ਨੂੰ ਕਿਸ ਪਿਆਰ-ਭਰੀ ਤੱਕਣੀ ਨਾਲ ਤੱਕ ਰਹੀ ਹੈ, ਅੱਖਾਂ ਵਿਚ ਸਮਰਪਣ ਦਾ ਪ੍ਰਗਟਾਵਾ ਹੈ, ਕੱਲ੍ਹ ਬਿਲਕੁਲ ਇਸੇ ਤਰ੍ਹਾਂ ਇਹ ਮੇਰੇ ਵੱਲ ਦੇਖ ਰਹੀ ਹੋਵੇਗੀ।"

ਮੈਂ ਫਿਰ ਕਿਹਾ, "ਕੀ ਤੁਸੀਂ ਦੇਖ ਨਹੀਂ ਰਹੇ ਕਿ ਉਹ ਉਸ ਦੇ ਕੰਨ ਵਿਚ ਪ੍ਰੀਤ-ਗੀਤ ਗਾ ਰਹੀ ਹੈ, ਬਿਲਕੁਲ ਉਹੋ ਗੀਤ ਜੋ ਕੱਲ੍ਹ ਮੇਰੇ ਕੰਨਾਂ ਵਿਚ ਗੁਣਗੁਣਾ ਰਹੀ ਸੀ।" ਮੇਰਾ ਦੋਸਤ ਕਹਿਣ ਲੱਗਾ, "ਕੱਲ੍ਹ ਇਹੋ ਗੀਤ ਉਹ ਮੇਰੇ ਕੰਨ ਵਿਚ ਸੁਣਾਵੇਗੀ।"

ਮੈਂ ਫਿਰ ਉੱਚੀ ਕੂਕਿਆ, "ਦੇਖੋ, ਉਹ ਉਸਨੂੰ ਗਲਵਕੜੀ ਪਾ ਰਹੀ ਹੈ, ਕੱਲ੍ਹ ਬਿਲਕੁਲ ਇਸੇ ਤਰ੍ਹਾਂ ਮੇਰੇ ਨਾਲ ਚਿੰਬੜੀ ਹੋਈ ਸੀ। ਮੇਰਾ ਦੋਸਤ ਬੋਲਿਆ, "ਕੱਲ੍ਹ ਇਹ ਮੇਰੇ ਨਾਲ ਵੀ ਬਗਲਗੀਰ ਹੋਵੇਗੀ।"

ਮੈਂ ਪੁਕਾਰ ਉਠਿਆ, "ਇਹ ਕੈਸੀ ਔਰਤ ਹੈ?"

ਲੇਕਿਨ ਉਸ ਨੇ ਆਖਿਆ, "ਉਹ ਜ਼ਿੰਦਗੀ ਵਾਂਙ ਹੀ ਹੈ, ਜਿਸ ਉਤੇ ਹਰ ਇਕ ਦਾ ਅਧਿਕਾਰ ਹੈ ਤੇ ਮੌਤ ਵਾਂਙ ਉਹ ਹਰ ਇਕ ਉਤੇ ਹਾਵੀ ਰਹਿੰਦੀ ਹੈ; ਅਨੰਤਤਾ ਵਾਂਙ ਉਹ ਹਰ ਇਕ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ।"

68. ਭਾਗਵਾਨੀ ਦਾ ਘਰ

ਮੇਰੇ ਥੱਕੇ ਟੁੱਟੇ ਦਿਲ ਨੇ ਮੈਥੋਂ ਵਿਦਾਇਗੀ ਲੈ ਕੇ ਭਾਗਵਾਨੀ ਦੇ ਘਰ ਵੱਲ ਨੂੰ ਕਦਮ ਵਧਾਏ। ਉਹ ਉਸ ਪਵਿੱਤਰ ਟਿਕਾਣੇ 'ਤੇ ਪੁੱਜ ਗਿਆ, ਜਿਸ ਨੂੰ ਰੂਹ ਨੇ ਅਸੀਸਾਂ ਦੇ ਕੇ ਪਿਆਰਿਆ ਸਤਿਕਾਰਿਆ ਸੀ। ਪਰ ਦਿਲ ਬੜਾ ਪਸ਼ੇਮਾਨ ਹੋਇਆ ਕਿਉਂਕਿ ਜਿਵੇਂ ਉਸ ਨੇ ਕਲਪਿਆ ਸੀ, ਉਹ ਕੁਝ ਉਥੇ ਨਾ ਮਿਲਿਆ।

ਨਾ ਉਥੇ ਤਾਕਤ ਸੀ, ਨਾ ਦੌਲਤ ਤੇ ਨਾ ਹੀ ਹਾਕਮਾਨਾ ਅਧਿਕਾਰ। ਮੇਰੇ ਦਿਲ ਨੇ ਪ੍ਰੀਤ ਦੀ ਸਪੁੱਤਰੀ ਨੂੰ ਕਿਹਾ, "ਓ ਪ੍ਰੀਤੀ! ਮੈਨੂੰ ਸੰਤੋਖ ਕਿਥੇ ਮਿਲ ਸਕਦਾ ਹੈ, ਪਤਾ ਲੱਗਾ ਸੀ ਕਿ ਉਹ ਤੁਹਾਡੇ ਵੱਲ ਆਇਆ ਹੋਇਆ ਹੈ।"

ਪ੍ਰੇਮ-ਪੁਤਰੀ ਨੇ ਹੁੰਗਾਰਾ ਭਰਦਿਆਂ ਕਿਹਾ, "ਸੰਤੋਖ ਤਾਂ ਪਹਿਲਾਂ ਹੀ ਆਪਣਾ ਉਪਦੇਸ਼ ਦੇਣ ਲਈ ਸ਼ਹਿਰ ਨੂੰ ਗਿਆ ਹੋਇਆ ਹੈ, ਜਿਥੇ ਕਿ ਲੋਭ ਲਾਲਚ ਤੇ ਭ੍ਰਿਸ਼ਟਾਚਾਰ ਦੀ ਚੜ੍ਹ ਮੱਚੀ ਹੈ, ਸਾਨੂੰ ਉਸ ਦੀ ਲੋੜ ਨਹੀਂ। ਭਾਗਵਾਨੀ, ਸੰਤੋਖ ਅੱਗੇ ਜੋਦੜੀ ਨਹੀਂ ਕਰਦੀ ਕਿਉਂਕਿ ਇਹ ਸੰਸਾਰੀ ਆਸ ਹੈ। ਤੇ ਇਸ ਦੀਆਂ ਖ਼ਾਹਸ਼ਾਂ ਦੁਨਿਆਵੀ ਪਦਾਰਥਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਸੰਤੋਖ ਤਾਂ ਸਿਵਾਇ ਦਿਲੀ ਭਾਵਨਾ ਦੇ ਹੋਰ ਕੁਝ ਵੀ ਨਹੀਂ।"

ਸਾਡੀ ਅੰਦਰਲੀ ਰੂਹ ਕਦੀ ਸੰਤੁਸ਼ਟ ਨਹੀਂ ਹੁੰਦੀ, ਇਹ ਹਮੇਸ਼ਾ ਉਚਾਈ ਵੱਲ ਵਧਦੀ ਹੈ। ਫਿਰ ਮੇਰੇ ਦਿਲ ਨੇ ਸੁੰਦਰਤਾ ਦੀ ਜ਼ਿੰਦਗੀ ਵੱਲ ਨਿਗਾਹ ਮਾਰੀ ਤੇ ਕਿਹਾ, "ਤੈਨੂੰ ਸਾਰਾ ਪਤਾ ਹੈ, ਤੂੰਹੀਓਂ ਇਸਤਰੀ ਦੇ ਰਹੱਸ ਬਾਰੇ ਮੈਨੂੰ ਕੁਝ ਦੱਸ।" ਉਸ ਨੇ ਜਵਾਬ ਦਿੱਤਾ, "ਓ ਮਨੁੱਖੀ ਹਿਰਦੇ! ਇਸਤਰੀ ਤੇਰੇ ਆਪਣੇ ਭਾਵਾਂ ਦਾ ਪਰਛਾਵਾਂ ਹੈ, ਜੋ ਕੁਝ ਤੂੰ ਹੈਂ, ਉਹੀ ਉਹ ਹੈ। ਜਿਥੇ ਤੂੰ ਸਾਹ ਲੈਂਦਾ ਹੈਂ ਉਥੇ ਉਹ ਸਾਹ ਲੈਂਦੀ ਹੈ; ਉਹ ਮਜ਼ਹਬ ਵਾਂਙ ਹੈ, ਜੇਕਰ ਕਿਸੇ ਅਗਿਆਨੀ ਨੇ ਉਸਦੀ ਪੁੱਠੀ ਵਿਆਖਿਆ ਨਾ ਕੀਤੀ ਹੋਵੇ; ਉਹ ਚੰਦ੍ਰਮਾ ਸਮਾਨ ਹੈ, ਜੇਕਰ ਉਸ ਨੂੰ ਬੱਦਲਾਂ ਨੇ ਘੇਰਿਆ ਨਾ ਹੋਵੇ; ਉਹ ਸਵੇਰ ਦੀ ਪੌਣ ਵਾਂਙ ਹੈ, ਜੇਕਰ ਉਸ ਨੂੰ ਕਿਸੇ ਅਪਵਿੱਤ੍ਰਤਾ ਨਾਲ ਜ਼ਹਿਰੀਲਾ ਨਾ ਬਣਾਇਆ ਹੋਵੇ।"

ਮੇਰਾ ਦਿਲ ਪ੍ਰੇਮ ਤੇ ਸੁੰਦਰਤਾ ਦੀ ਸਪੁੱਤਰੀ, ਦਾਨਾਈ ਵੱਲ ਵਧਿਆ ਤੇ ਕਿਹਾ, "ਮੈਨੂੰ ਵੀ ਬਿਬੇਕ ਦਾਨ ਬਖ਼ਸ਼ੋ ਤਾਂ ਮੈਂ ਇਹ ਲੋਕਾਂ ਨੂੰ ਵੰਡ ਸਕਾਂ।" ਉਸ ਨੇ ਕਿਹਾ, "ਬਿਬੇਕ ਨਹੀਂ, ਸਗੋਂ ਭਾਗਵਾਨੀ ਮੰਗੋ ਤੇ ਅਸਲੀ ਭਾਗਵਾਨੀ ਬਾਹਰੋਂ ਨਹੀਂ ਆਉਂਦੀ, ਇਹ ਜ਼ਿੰਦਗੀ ਦੇ ਪੁੰਨਾਂ ਵਿਚੋਂ ਪ੍ਰਗਟ ਹੁੰਦੀ ਹੈ।

ਤੁਸੀਂ ਵੀ ਲੋਕਾਂ ਨਾਲ ਆਪਣਾ ਆਪ ਵੰਡਾਓ।

69. ਖੰਡਰ

ਸਦੀਆਂ ਪੁਰਾਣੀ ਗੱਲ ਹੈ, ਇਕ ਆਲੀਸ਼ਾਨ ਮਹੱਲ ਸੀ ਜੋ ਹੁਣ ਖੰਡਰਾਤ ਬਣ ਚੁੱਕਾ ਹੈ। ਰਾਤ ਸਮੇਂ ਇਹ ਬੜਾ ਹੀ ਡਰਾਉਣਾ ਲੱਗਦਾ ਹੈ ਜਿਵੇਂ ਇਥੇ ਭੂਤਾਂ-ਪ੍ਰੇਤਾਂ ਦਾ ਡੇਰਾ ਹੋਵੇ।

ਸਾਰਾ ਸ਼ਹਿਰ ਚੰਦ ਚਾਨਣੀ ਹੇਠ ਸ਼ਾਂਤ ਨਜ਼ਰ ਆ ਰਿਹਾ ਸੀ। ਉਸੇ ਵੇਲੇ ਦੋ ਸੂਰਤਾਂ ਕਿਸੇ ਪਾਸਿਓਂ ਆ ਕੇ ਮਹੱਲ ਦੀਆਂ ਸੰਗਮਰਮਰੀ ਪੌੜੀਆਂ 'ਤੇ ਆ ਬੈਠੀਆਂ। ਉਹ ਘੂਰ ਘੂਰ ਤੱਕ ਰਹੀਆਂ ਸਨ, ਥੋੜ੍ਹੀ ਦੇਰ ਪਿੱਛੋਂ ਖੰਡਰਾਤ ਵਿਚੋਂ ਇਕ ਆਵਾਜ਼ ਗੂੰਜਣ ਲੱਗੀ :

"ਪਿਆਰੀ! ਇਹ ਉਸੇ ਰਾਜ-ਮਹੱਲ ਦਾ ਖੰਡਰ ਹੈ, ਜਿਸ ਨੂੰ ਮੈਂ ਬੜੀ ਹੀ ਲਗਨ ਨਾਲ ਤੇਰੀ ਖ਼ਾਤਰ ਬਣਵਾਇਆ ਸੀ, ਹੁਣ ਇਹ ਸਭ ਇਕ ਯਾਦਗਾਰ ਮਾਤਰ ਰਹਿ ਗਈ ਹੈ, ਜੋ ਉਸ ਜ਼ਮਾਨੇ ਦੀ ਹਾਲਤ ਦੱਸਦੀ ਹੈ ਤੇ ਹੁਣ ਇਹ ਸਭ ਕੁਝ ਢਹਿ ਢੇਰੀ ਹੋ ਚੁੱਕਾ ਹੈ।

"ਮੈਂ ਇਕ ਸੁੰਦਰ ਮੰਦਰ ਵੀ ਬਣਵਾਇਆ, ਜਿਸ ਨੂੰ ਪਰੋਹਤਾਂ ਪੁਜਾਰੀਆਂ ਨੇ ਧਾਰਮਿਕ ਮੰਤਰਾਂ ਨਾਲ ਸ਼ੁੱਧ ਕੀਤਾ, ਲੇਕਿਨ ਜ਼ਮਾਨੇ ਨੇ ਉਸ ਨੂੰ ਵੀ ਮਿੱਟੀ ਵਿਚ ਮਿਲਾ ਦਿੱਤਾ। ਮੈਂ ਆਪਣਾ ਜੀਵਨ ਹੋਰਾਂ ਲੋਕਾਂ ਦੀ ਭਲਾਈ ਲਈ ਲਾਇਆ, ਸੱਭੇ ਮੇਰੇ 'ਤੇ ਖ਼ੁਸ਼ ਸਨ, ਜਨਤਾ ਮੈਨੂੰ ਬੁਧੀਮਾਨ ਦਾਨਾ ਸਮਝਦੀ ਸੀ।

"ਪਿਆਰੀ! ਮੈਂ ਤੁਹਾਨੂੰ ਤੱਕਿਆ ਤਾਂ ਮੇਰੇ ਦਿਲ ਵਿਚ ਤੁਹਾਡੇ ਲਈ ਪ੍ਰੇਮ-ਭਾਵਨਾ ਪੈਦਾ ਹੋਈ, ਰੱਬ ਨੇ ਮੇਰੀ ਦੁਆ ਸੁਣੀ ਤੇ ਤੁਹਾਨੂੰ ਮੇਰਾ ਬਣਾ ਦਿੱਤਾ। ਮੈਂ ਪ੍ਰੇਮ ਪਦਾਰਥ ਪਾ ਕੇ ਪ੍ਰਸੰਨ ਸਾਂ, ਲੇਕਿਨ ਉਸ ਵੇਲੇ ਬੜਾ ਦੁੱਖ ਹੋਇਆ ਜਦੋਂ ਮੈਂ ਆਪਣੇ ਆਪ ਨੂੰ ਪ੍ਰੇਮ ਦੇ ਅਧੀਨ ਵੇਖਿਆ ਤਾਂ ਮੈਂ ਸੋਚਿਆ ਕਿ ਇਹ ਸਭ ਕੁਝ ਫ਼ਜ਼ੂਲ ਹੈ, ਬੇਕਾਰ ਹੈ। ਜਦੋਂ ਮੈਂ ਸ਼ਾਹੀ ਲਿਬਾਸ ਪਾ ਕੇ ਮਹੱਲ ਤੋਂ ਬਾਹਰ ਨਿਕਲਦਾ ਸਾਂ ਤਾਂ ਸਾਰੀ ਜਨਤਾ ਭੈ ਖਾਂਦੀ ਸੀ, ਲੇਕਿਨ ਪ੍ਰੇਮ ਦੇ ਅਧੀਨ ਹੋ ਜਾਣ ਬਾਦ ਜਦ ਮੈਨੂੰ ਹੋਸ਼ ਆਈ ਤਾਂ ਮੈਨੂੰ ਇਉਂ ਲਗਿਆ ਜਿਵੇਂ ਮੈਂ ਖ਼ੁਦ ਭੈ-ਭੀਤ ਹਾਂ। ਜਦ ਮੈਨੂੰ ਮੌਤ ਦਾ ਸੱਦਾ ਆਇਆ ਤਾਂ ਮੈਨੂੰ ਇਹ ਐਸ਼ੋ-ਆਰਾਮ

ਦਾ ਜੀਵਨ ਤਿਆਗਣਾ ਪਿਆ ਤੇ ਆਪਣੇ ਪ੍ਰੇਮ ਨੂੰ ਵੀ ਤਿਲਾਂਜਲੀ ਦੇਣੀ ਪਈ।"

ਕੁਝ ਸਮੇਂ ਲਈ ਦੋਵੇਂ ਸੂਰਤਾਂ ਚੁੱਪ-ਚਾਪ ਬੈਠੀਆਂ ਰਹੀਆਂ। ਫਿਰ ਦੂਜੀ ਸੂਰਤ ਬੋਲੀ, "ਇਕ ਬੂਟਾ, ਮਿੱਟੀ ਤੇ ਪਾਣੀ ਤੋਂ ਜੀਵਨ-ਸ਼ਕਤੀ ਹਾਸਲ ਕਰਦਾ ਤੇ ਫਲਦਾ ਫੁਲਦਾ ਹੈ, ਇਵੇਂ ਜਿਵੇਂ ਇਨਸਾਨ ਦੇ ਮਰ ਜਾਣ ਦੇ ਬਾਦ ਉਸ ਦੀ ਰੂਹ ਬੁਰੇ ਕੰਮ ਦੇ ਤਜਰਬੇ ਬਾਦ ਗਿਆਨ ਪਾ ਕੇ ਸ਼ਕਤੀਸ਼ਾਲੀ ਹੋ ਜਾਂਦੀ ਹੈ।

ਇਸ ਤੋਂ ਬਾਦ ਦੋਵੇਂ ਸੂਰਤਾਂ ਆਪਸ ਵਿਚ ਘੁਲ-ਮਿਲ ਗਈਆਂ ਜਿਵੇਂ ਕਿ ਇਕ ਹੀ ਹੋਣ ਤੇ ਪਿੱਛੋਂ ਲੋਪ ਵੀ ਹੋ ਗਈਆਂ। ਇਹ ਹੋ ਚੁੱਕਣ ਤੋਂ ਬਾਦ ਖੰਡਰਾਤ ਵਿੱਚੋਂ ਇਕ ਉੱਚੀ ਆਵਾਜ਼ ਆਈ, "ਸਮਾਂ ਬਦਲ ਜਾਂਦਾ ਹੈ, ਦੁਨੀਆਂ ਬਦਲ ਜਾਂਦੀ ਹੈ ਲੇਕਿਨ ਉਹ ਸਦਾ ਕਾਇਮ ਹੈ, ਉਸ ਦੇ ਕੋਲ ਪ੍ਰੇਮ ਤੋਂ ਸਿਵਾ ਕੁਝ ਵੀ ਨਹੀਂ ਤੇ ਪ੍ਰੇਮ ਹੀ ਪਰਮੇਸ਼ਰ ਹੈ।"

70. ਗ਼ਰੀਬਾਂ ਦੀ ਬਸਤੀ

ਮੈਂ ਸ਼ਹਿਰ ਦੇ ਰੌਲੇ-ਗੌਲੇ ਤੋਂ ਪ੍ਰੇਸ਼ਾਨ ਹੋ ਕੇ ਬਾਹਰ ਬੀਆਬਾਨ ਵੱਲ ਨਿਕਲ ਗਿਆ ਜਿਥੇ ਕਿ ਬਿਲਕੁਲ ਸੁੰਨਸਾਨ ਸੀ, ਮੈਂ ਉਥੇ ਕੁਝ ਚਿਰ ਘੁੰਮਦਾ ਰਿਹਾ ਤੇ ਕੁਦਰਤ ਦੇ ਨਜ਼ਾਰੇ ਵੀ ਦੇਖਦਾ ਰਿਹਾ। ਮਨ ਹੀ ਮਨ ਵਿਚ ਮੈਂ ਇਹ ਮਹਿਸੂਸ ਕਰ ਰਿਹਾ ਸਾਂ ਕਿ ਇਹ ਥਾਂ ਸ਼ਹਿਰ ਤੋਂ ਕਾਫ਼ੀ ਦੂਰ ਅਤੇ ਕੁਝ ਉਚਾਈ 'ਤੇ ਹੈ।

ਮੈਂ ਉਪਰ ਖਲੋ ਕੇ ਆਲਾ-ਦੁਆਲਾ ਤੱਕਣ ਲੱਗਾ, ਕਿਤੇ ਕਿਤੇ ਆਲੀਸ਼ਾਨ ਉੱਚੀਆਂ ਉੱਚੀਆਂ ਇਮਾਰਤਾਂ ਸਨ ਤੇ ਕਿਧਰੇ ਛੱਪਰੀਆਂ। ਕੁਝ ਲੋਕ ਵਧੀਆ ਪੁਸ਼ਾਕਾਂ ਪਾ ਕੇ ਕਾਰਾਂ ਵਿਚ ਘੁੰਮ ਰਹੇ ਸਨ ਤੇ ਕੁਝ ਐਸੇ ਲੋਕ ਵੀ ਸਨ ਜਿਨ੍ਹਾਂ ਦੇ ਤਨ ਢੱਕਣ ਨੂੰ ਲੀਰ ਮਾਤਰ ਵੀ ਨਹੀਂ ਸੀ। ਮੈਂ ਹਰ ਪਾਸੇ ਮਨੁੱਖਾਂ ਨੂੰ ਦੁਖੀ ਤੇ ਮਜਬੂਰ ਵੇਖਿਆ। ਫਿਰ ਮੈਂ ਇਸ ਦਰਦਨਾਕ ਝਾਕੀ ਤੋਂ ਅੱਖਾਂ ਜ਼ਰਾ ਹਟਾ ਲਈਆਂ ਤੇ ਮੇਰੀ ਨਜ਼ਰ ਕਬਰਿਸਤਾਨ 'ਤੇ ਜਾ ਪਈ।

ਮੈਂ ਮਨੁੱਖਾਂ ਦੀ ਦੁਨੀਆਂ ਤੋਂ ਦੂਰ, ਮੁਰਦਿਆਂ ਦੀ ਦੁਨੀਆਂ ਵਿਚ ਪਹੁੰਚ ਗਿਆ। ਇਕ ਪਾਸੇ ਦੁੱਖ, ਮੁਸੀਬਤ ਤੇ ਮਜਬੂਰੀਆਂ ਤੇ ਦੂਜੇ ਪਾਸੇ ਅਮਨ-ਸ਼ਾਂਤੀ। ਮੈਂ ਮਾਤ ਲੋਕ ਤੇ ਸੁਰਗ ਲੋਕ ਦਾ ਫ਼ਰਕ ਲੱਭ ਰਿਹਾ ਸਾਂ ਪਰ ਅਚਾਨਕ ਕੁਝ ਲੋਕ ਕਬਰਿਸਤਾਨ ਵੱਲ ਆਉਂਦੇ ਤੱਕੇ। ਉਨ੍ਹਾਂ ਅਰਥੀ ਨੂੰ ਫੁੱਲਾਂ ਨਾਲ ਸਜਾਇਆ ਹੋਇਆ ਸੀ, ਕੁਝ ਲੋਕ ਮੂਹਰੇ ਮੂਹਰੇ ਵਾਜਾ ਵਜਾਉਂਦੇ ਵੀ ਆ ਰਹੇ ਸਨ, ਸੰਗੀਤ ਦੀ ਧੁਨ ਤਾਂ ਸੀ ਪਰ ਬਹੁਤ ਕਰੁਣਾਮਈ। ਇਹ ਕਿਸੇ ਅਮੀਰ ਦੀ ਅਰਥੀ ਜਾਪਦੀ ਸੀ, ਕੁਝ ਲੋਕ ਪਿੱਛੇ ਪਿੱਛੇ ਹੰਝੂ ਕੇਰਦੇ ਆ ਰਹੇ ਸਨ ਤੇ ਕੁਝ ਚੁੱਪ-ਚਾਪ ਸਨ। ਅਰਥੀ ਲੈ ਕੇ ਇਹ ਕਬਰਿਸਤਾਨ ਵਿਚ ਪਹੁੰਚੇ ਤੇ ਮੁੱਲਾਂ ਮਜੌਰਾਂ ਨੇ ਰੂਹ ਦੀ ਸ਼ਾਂਤੀ ਲਈ ਦੁਆ ਕੀਤੀ। ਫਿਰ ਉਸ ਲਾਸ਼ ਨੂੰ ਸੰਗਮਰਮਰ ਦੀ ਕਬਰ ਵਿਚ ਦਫ਼ਨਾਇਆ ਗਿਆ ਤੇ ਕੁਝ ਸਮੇਂ ਬਾਅਦ ਲੋਕ ਚਲੇ ਗਏ।

ਸੂਰਜ ਢਲ ਚੁੱਕਾ ਸੀ ਤੇ ਚੰਦ ਆਪਣੇ ਪੂਰੇ ਜੋਬਨ 'ਤੇ ਸੀ। ਮੈਂ ਅਜੇ ਉਸ ਅਰਥੀ ਬਾਰੇ ਸੋਚ ਹੀ ਰਿਹਾ ਸਾਂ, ਜਦ ਨੂੰ ਇਕ ਹੋਰ ਅਰਥੀ ਦਿਖਾਈ ਦਿੱਤੀ। ਇਹ ਫੁੱਲਾਂ ਨਾਲ ਸੱਜੀ ਹੋਈ ਨਹੀਂ ਸੀ ਤੇ ਨਾ ਹੀ ਕੋਈ ਨਾਲ ਬੈਂਡ ਵਾਜਾ ਸੀ। ਇਸ ਦੇ ਪਿੱਛੇ ਪਿੱਛੇ ਇਕ ਔਰਤ ਨਿੱਕੇ ਬੱਚੇ ਨੂੰ ਗੋਦ ਵਿਚ ਲਈ ਚੀਕਾਂ ਮਾਰਦੀ ਆ ਰਹੀ ਸੀ, ਬੱਚਾ ਵੀ ਰੋ ਰਿਹਾ ਸੀ, ਸ਼ਾਇਦ ਭੁੱਖ ਦੇ ਦੁੱਖ ਕਾਰਣ। ਇਨ੍ਹਾਂ ਦੇ ਨਾਲ ਇਕ ਕੁੱਤਾ ਵੀ ਚਲਿਆ ਆ ਰਿਹਾ

ਸੀ ਜੋ ਕਦੀ ਉਸ ਅਰਥੀ ਵੱਲ ਦੇਖਦਾ ਤੇ ਕਦੀ ਉਸ ਰੋਂਦੀ ਵਿਧਵਾ ਵੱਲ। ਉਹ ਵੀ ਦੁਖੀ ਜਿਹਾ ਹੀ ਲੱਗਦਾ ਸੀ। ਇਹ ਇਕ ਗ਼ਰੀਬ ਆਦਮੀ ਦੀ ਅਰਥੀ ਸੀ ਜੋ ਆਪਣੀ ਤੀਵੀਂ ਤੇ ਬੱਚੇ ਨੂੰ ਦੁਖ ਅਤੇ ਗ਼ਰੀਬੀ ਨਾਲ ਜੂਝਣ ਲਈ ਇਕੱਲਾ ਛੱਡ ਗਿਆ ਸੀ। ਇਹ ਕਬਰਿਸਤਾਨ ਪਹੁੰਚੇ, ਇਨ੍ਹਾਂ ਅਰਥੀ ਨੂੰ ਕਬਰ ਵਿਚ ਟਿਕਾਇਆ ਜੋ ਕਿ ਮਾਮੂਲੀ ਇੱਟਾਂ ਰੋੜਿਆਂ ਦੀ ਬਣੀ ਹੋਈ ਸੀ।

ਸੰਗਮਰਮਰ ਦੀਆਂ ਕਬਰਾਂ ਇਸ ਤੋਂ ਬਹੁਤ ਦੂਰ ਸਨ। ਫਿਰ ਕੁਝ ਸਮੇਂ ਤਕ ਉਸ ਦੀ ਪਤਨੀ ਕਬਰ ਉਤੇ ਆਪਣਾ ਸਿਰ ਪਿੱਟਦੀ ਰਹੀ ਅਤੇ ਇਸ ਤੋਂ ਪਿੱਛੋਂ ਆਪਣੇ ਰੋਂਦੇ ਬੱਚੇ ਨੂੰ ਲੈ ਕੇ ਉਹ ਕਬਰਿਸਤਾਨ ਤੋਂ ਬਾਹਰ ਚਲੀ ਗਈ, ਵਫ਼ਾਦਾਰ ਕੁੱਤਾ ਨਾਲ ਨਾਲ ਸੀ। ਉਹ ਬਾਰ ਬਾਰ ਪਿੱਛੇ ਮੁੜ ਮੁੜ ਕੇ ਦੇਖਦਾ ਜਾ ਰਿਹਾ ਸੀ। ਮੈਂ ਉਤਨਾ ਚਿਰ ਦੇਖਦਾ ਰਿਹਾ, ਜਿਤਨਾ ਚਿਰ ਉਹ ਮੇਰੀਆਂ ਅੱਖਾਂ ਤੋਂ ਉਹਲੇ ਨਾ ਹੋ ਗਏ।

ਮੇਰਾ ਮਨ ਬਹੁਤ ਭਾਰਾ ਭਾਰਾ ਹੋ ਰਿਹਾ ਸੀ। ਮੈਂ ਫਿਰ ਸ਼ਹਿਰ ਵੱਲ ਤੱਕਿਆ, ਸ਼ਹਿਰ ਦੀ ਸ਼ਾਨੋ-ਸ਼ੌਕਤ ਦੇਖ ਕੇ ਮੈਂ ਆਪਣੇ ਆਪ ਨੂੰ ਕਹਿਣ ਲੱਗਾ ਕਿ ਇਹ ਸ਼ਾਨੋ-ਸ਼ੌਕਤ ਦੀ ਦੁਨੀਆਂ ਤਾਂ ਅਮੀਰਾਂ, ਸੇਠਾਂ, ਸ਼ਾਹੂਕਾਰਾਂ ਲਈ ਹੀ ਹੈ!

ਫਿਰ ਮੈਂ ਕਬਰਿਸਤਾਨ ਵੱਲ ਨਜ਼ਰ ਦੁੜਾਈ ਤੇ ਆਪਣੇ ਆਪ ਨੂੰ ਕਿਹਾ ਕਿ ਇਹ ਦੁਨੀਆਂ ਜਿਥੇ ਆ ਕੇ ਸਭ ਮਿੱਟੀ ਵਿਚ ਮਿੱਟੀ ਹੋ ਜਾਂਦੇ ਹਨ, ਇਹ ਵੀ ਤਾਂ ਅਮੀਰਾਂ ਦੀ ਹੀ ਬਸਤੀ ਹੈ, ਹੇ ਮੇਰੇ ਪਰਵਰਦਗਾਰ!

ਗ਼ਰੀਬਾਂ ਦੀ ਬਸਤੀ ਕਿੱਥੇ ਹੈ, ਉਨ੍ਹਾਂ ਦੀ ਦੁਨੀਆਂ ਕਿਧਰ ਹੈ? ਫਿਰ ਮੈਂ ਮਾਤ ਲੋਕ ਤੇ ਸੁਰਗ ਲੋਕ ਦੋਹਾਂ ਵੱਲੋਂ ਨਜ਼ਰਾਂ ਹਟਾ ਕੇ ਦੂਰ ਦਿਸ-ਹੱਦੇ ਵੱਲ ਤੱਕਣ ਲੱਗਾ—ਸਾਰਾ ਅਸਮਾਨ ਬੱਦਲਾਂ ਨਾਲ ਢੱਕਿਆ ਹੋਇਆ ਸੀ, ਕਿਤੇ ਕਿਤੇ ਕੋਈ ਛੋਟੀ ਬਦਲੀ ਉੱਡਦੀ ਫਿਰ ਰਹੀ ਸੀ। ਇਹ ਦੇਖ ਕੇ ਮੇਰੇ ਦਿਲ ਨੇ ਅਨੁਮਾਨ ਲਾਇਆ ਕਿ ਸ਼ਾਇਦ ਇਹੋ ਫਿਰ ਗ਼ਰੀਬਾਂ ਦੀ ਬਸਤੀ ਹੈ ਜੋ ਇਥੋਂ ਦੂਰ, ਬਹੁਤ ਦੂਰ ਹੈ।

71. ਮੁਹੱਬਤ[1]

ਜਦੋਂ ਮੁਹੱਬਤ ਤੁਹਾਨੂੰ ਬੁਲਾਵਾ ਦੇਵੇ ਤਾਂ ਤੁਸੀਂ ਉਸ ਦਾ ਪਿੱਛਾ ਕਰੋ, ਭਾਵੇਂ ਉਸ ਦਾ ਰਸਤਾ ਕਿੰਨਾ ਹੀ ਬਿਖੜਾ ਤੇ ਮੁਸ਼ਕਲਾਂ-ਭਰਿਆ ਹੋਵੇ। ਜਦੋਂ ਉਹ ਤੁਹਾਨੂੰ ਆਪਣੇ ਖੰਭਾਂ ਹੇਠ ਲੈਣਾ ਚਾਹੇ ਤਾਂ ਤੁਸੀਂ ਆਪਣਾ ਆਪ ਉਸ ਦੇ ਹਵਾਲੇ ਕਰ ਦਿਉ, ਭਾਵੇਂ ਉਸ ਦੇ ਖੰਭਾਂ ਹੇਠ ਲੁਕੀ ਖ਼ੰਜਰ ਤੁਹਾਨੂੰ ਜ਼ਖ਼ਮੀ ਹੀ ਕਿਉਂ ਨਾ ਕਰ ਦੇਵੇ। ਜਦੋਂ ਉਹ ਤੁਹਾਡੇ ਨਾਲ ਵਾਰਤਾਲਾਪ ਕਰੇ ਤਾਂ ਤੁਸੀਂ ਉਸ ਵਿਚ ਪੂਰਾ ਪੂਰਾ ਵਿਸ਼ਵਾਸ ਰਖੋ, ਭਾਵੇਂ ਉਸ ਦੀ ਆਵਾਜ਼ ਤੁਹਾਡੇ ਸੁਪਨਿਆਂ ਨੂੰ ਚੂਰ ਚੂਰ ਕਰਦੀ ਜਾਵੇ, ਜਿਵੇਂ ਕਿ ਝੱਖੜ-ਝਾਂਜਾ ਬਾਗ਼ ਬਗ਼ੀਚੇ ਨੂੰ ਉਜਾੜ ਹੀ ਛੱਡਦਾ ਹੈ!

ਮੁਹੱਬਤ ਜਿਸ ਤਰ੍ਹਾਂ ਤੁਹਾਡੇ ਸਿਰ 'ਤੇ ਤਾਜ ਪਹਿਨਾਏਗੀ, ਉਸ ਤਰ੍ਹਾਂ ਉਹ ਸੂਲੀ 'ਤੇ ਵੀ ਚੜ੍ਹਾਏਗੀ, ਇਹ ਉਸ ਦਾ ਹੱਕ ਹੈ। ਜਿਸ ਤਰ੍ਹਾਂ ਉਹ ਤੁਹਾਡੇ ਵਿਕਾਸ ਲਈ ਹੈ,

---

1. *ਦੀ ਪ੍ਰਾਫ਼ਿਟ* ਵਿਚੋਂ ਚੋਣਵੇਂ ਸਾਰੰਸ਼ (71 ਤੋਂ 97 ਤਕ)

ਉਸੇ ਤਰ੍ਹਾਂ ਉਹ ਕਾਂਟ-ਛਾਂਟ ਲਈ ਵੀ ਹੈ।

ਜਿਵੇਂ ਕਿ ਉਹ ਤੁਹਾਡੇ ਸਿਖ਼ਰ ਤਕ ਪਹੁੰਚ ਕੇ ਸੂਰਜ ਦੀਆਂ ਕਿਰਨਾਂ ਨਾਲ ਥਰਥਰਾ ਰਹੀਆਂ ਕੋਮਲ ਕਲੀਆਂ ਨੂੰ ਪਲੋਸਦੀ ਹੈ, ਤਿਵੇਂ ਹੀ ਤੁਹਾਡੀਆਂ, ਧਰਤੀ ਵਿਚ ਹੇਠ ਤਕ ਗੱਡੀਆਂ ਜੜ੍ਹਾਂ ਨੂੰ ਵੀ ਉਹ ਦੇਖਦੀ ਭਾਲਦੀ ਹੈ।

ਕਣਕ ਦੀ ਭਰੀ ਵਾਂਙ ਪ੍ਰੇਮ ਤੁਹਾਨੂੰ ਆਪਣੇ ਹੱਥ ਵਿਚ ਪਕੜ ਲੈਂਦਾ ਹੈ, ਫਿਰ ਤੁਹਾਨੂੰ ਪ੍ਰਗਟ ਕਰਨ ਲਈ ਖਲਵਾੜੇ ਵਿਚ ਦਲਦਾ-ਮਲਦਾ ਵੀ ਹੈ। ਫਿਰ ਛੱਜ ਵਿਚ ਪਾ ਕੇ ਛੱਟਦਾ ਹੈ, ਅਤੇ ਚੱਕੀ ਵਿਚ ਪਾ ਕੇ ਦੁੱਧ-ਚਿਟਾ ਆਟਾ ਬਣਾਉਂਦਾ ਹੈ, ਨਰਮ ਕਰਨ ਲਈ ਮੁੱਕੀਆਂ ਦੇ ਕੇ ਗੁੰਨ੍ਹਦਾ ਹੈ, ਫਿਰ ਤੁਹਾਨੂੰ ਪਵਿੱਤਰ ਅਗਨੀ 'ਤੇ ਰਖ ਕੇ ਪਕਾਉਂਦਾ ਅਤੇ ਅਖ਼ੀਰ ਮਾਲਕ ਦੇ ਪ੍ਰੀਤੀ-ਭੋਜਨ ਲਈ ਥਾਲ ਵਿਚ ਪਰੋਸਦਾ ਹੈ। ਮੁਹੱਬਤ ਤੁਹਾਡੇ ਨਾਲ ਇਹ ਖੇਡ ਇਸ ਲਈ ਕਰਦੀ ਹੈ ਤਾਂਕਿ ਤੁਸੀਂ ਜ਼ਿੰਦਗੀ ਦਾ ਰਾਜ਼ ਪਾ ਸਕੋ ਤੇ ਇਸ ਗਿਆਨ ਰਾਹੀਂ ਉਸ ਦੇ ਦਿਲ ਦਾ ਭਾਗ ਬਣ ਸਕੋ।

ਪਰ ਜੇ ਤੁਸੀਂ ਕਿਸੇ ਡਰ ਭੈ ਕਰਕੇ, ਮੁਹੱਬਤ ਤੋਂ ਸ਼ਾਂਤੀ ਤੇ ਖ਼ੁਸ਼ੀ ਖੇੜੇ ਦੀ ਚਾਹਨਾ ਹੀ ਰਖਦੇ ਹੋ ਤਾਂ ਤੁਹਾਡੇ ਲਈ ਇਹੋ ਬਿਹਤਰ ਹੈ ਕਿ ਜਿਵੇਂ ਕਿਵੇਂ ਆਪਣੀ ਨਗਨਤਾ ਉਤੇ ਪੜਦਾ ਪਾ ਲਓ ਤੇ ਮੈਦਾਨ ਤੋਂ ਬਾਹਰ ਚਲੇ ਜਾਓ। ਕਿਸੇ ਐਸੀ ਥਾਂ ਜਾ ਵਸੋ ਜਿਥੇ ਬਦਲਦੀਆਂ ਰੁੱਤਾਂ ਦਾ ਕੋਈ ਅਸਰ ਨਹੀਂ ਪੈਂਦਾ। ਉਥੇ ਜਾ ਕੇ ਤੁਸੀਂ ਹੱਸੋਗੇ ਤਾਂ ਸਹੀ ਪਰ ਖਿੜ-ਖਿੜਾ ਕੇ ਨਹੀਂ, ਉਥੇ ਤੁਸੀਂ ਰੋਵੋਗੇ ਵੀ ਪਰ ਖੁਲ੍ਹ ਕੇ ਪੂਰੇ ਹੰਝੂਆਂ ਨਾਲ ਨਹੀਂ।

ਮੁਹੱਬਤ ਆਪਣੇ ਆਪ ਤੋਂ ਸਿਵਾ ਨਾ ਕਿਸੇ ਨੂੰ ਕੁਝ ਦਿੰਦੀ ਹੈ ਤੇ ਨਾ ਹੀ ਆਪਣੇ ਆਪ ਤੋਂ ਸਿਵਾ ਕੁਝ ਲੈਂਦੀ ਹੀ ਹੈ। ਇਹ ਨਾ ਕਿਸੇ ਦੀ ਮਾਲਕ ਬਣਦੀ ਹੈ ਤੇ ਨਾ ਹੀ ਕਿਸੇ ਨੂੰ ਮਾਲਕ ਬਣਾਉਂਦੀ ਹੈ, ਕਿਉਂਕਿ ਇਹ ਆਪਣੇ ਆਪ ਵਿਚ ਤ੍ਰਿਪਤ ਤੇ ਸੰਪੂਰਨ ਹੈ।

ਜਦ ਤੁਸੀਂ ਮੁਹੱਬਤ ਦਾ ਪ੍ਰਗਟਾਵਾ ਕਰੋ ਤਾਂ ਕਦੀ ਇਹ ਨਾ ਕਹੋ ਕਿ ਪਰਮੇਸ਼ਰ ਮੇਰੇ ਦਿਲ ਅੰਦਰ ਹੈ, ਸਗੋਂ ਤੁਸੀਂ ਇਹ ਕਹੋ ਕਿ ਮੈਂ ਉਸ ਦੇ ਅੰਦਰ ਹਾਂ। ਕਦੀ ਭੁੱਲ ਕੇ ਇਹ ਵੀ ਨਾ ਸੋਚਣਾ ਕਿ ਤੁਸੀਂ ਮੁਹੱਬਤ ਦਾ ਰਸਤਾ ਨਿਸਚਤ ਕਰ ਸਕਦੇ ਹੋ, ਕਿਉਂਕਿ ਮੁਹੱਬਤ ਜੇ ਤੁਹਾਨੂੰ ਸਹੀ ਅਧਿਕਾਰੀ ਸਮਝਦੀ ਹੈ ਤਾਂ ਉਹ ਖ਼ੁਦ-ਬਖ਼ੁਦ ਤੁਹਾਡਾ ਰਾਹ ਨਿਰਣੈ ਕਰੇਗੀ।

ਮੁਹੱਬਤ ਆਪਣੇ ਆਪ ਨੂੰ ਮੁਕੰਮਲ ਕਰਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਚਾਹੁੰਦੀ। ਜੇਕਰ ਤੁਹਾਡੇ ਅੰਦਰ ਮੁਹੱਬਤ ਦੇ ਵਲਵਲੇ ਉੱਠਣ ਤਾਂ ਤੁਸਾਂ ਇਹੋ ਅਰਦਾਸ ਕਰਨੀ ਹੈ—"ਮੈਂ ਦ੍ਰਵੀਭੂਤ ਹੋ ਸਕਾਂ, ਕ੍ਰਿਪਾਲਤਾ ਦਿਆਲਤਾ ਨਾਲ ਭਰਪੂਰ ਹੋ ਕੇ ਚਸ਼ਮੇ ਵਾਂਙ ਵਹਿ ਸਕਾਂ ਤੇ ਰਾਤਾਂ ਨੂੰ ਆਪਣੇ ਮਧੁਰ-ਗੀਤਾਂ ਨਾਲ ਭਰ ਸਕਾਂ। ਮੈਂ ਮੁਹੱਬਤ ਦੇ ਅਹਿਸਾਸ ਨਾਲ ਘਾਇਲ ਹੋ ਸਕਾਂ ਤੇ ਖ਼ੁਸ਼ੀ ਖ਼ੁਸ਼ੀ ਆਪਣਾ ਲਹੂ ਦਾਨ ਦੇ ਸਕਾਂ। ਸਵੇਰੇ ਸਵੇਰੇ ਉੱਡਣ ਲਈ ਖੰਭ ਫੈਲਾ ਸਕਾਂ ਤੇ ਚੜ੍ਹਦੇ ਦਿਨ ਨੂੰ 'ਜੀ ਆਇਆਂ' ਕਹਿ ਸਕਾਂ। ਦੁਪਹਿਰ ਵੇਲੇ ਵਿਸ਼ਰਾਮ ਕਰ ਸਕਾਂ ਤੇ ਮੁਹੱਬਤ ਦੇ ਹਰਸ਼ ਉਲਾਸ ਵਿਚ ਮਗਨ ਹੋ ਸਕਾਂ। ਜਦੋਂ ਸ਼ਾਮਾਂ ਦਾ ਵੇਲਾ ਹੋਵੇ ਤਾਂ ਮੈਂ ਕ੍ਰਿਤੱਗਤਾ-ਭਰਿਆ ਦਿਲ ਲੈ ਕੇ ਆਪਣੇ ਘਰ ਵਾਪਸ ਆ ਸਕਾਂ ਅਤੇ ਫਿਰ ਰਾਤ ਨੂੰ ਦਿਲ ਵਿਚ ਆਪਣੇ ਬਾਂਕੇ ਸੱਜਣ ਲਈ ਸ਼ੁਭ ਪ੍ਰਾਰਥਨਾ ਤੇ ਹੋਠਾਂ ਰਾਹੀਂ ਪ੍ਰਸ਼ੰਸਾ ਦਾ ਗੀਤ ਗੁਣ-ਗੁਣਾ ਕੇ ਸੌਂ ਸਕਾਂ।"

72. ਵਿਆਹੁਤਾ ਜੀਵਨ

ਤੁਸੀਂ ਦੋਵੇਂ ਇਕੋ ਸਮੇਂ ਜਨਮੇ ਤੇ ਹਮੇਸ਼ਾ ਨਾਲੋ-ਨਾਲ ਇਕ-ਮਿਕ ਰਹੋਗੇ। ਜਿਸ ਸਮੇਂ ਮੌਤ ਦੇ ਉੱਜਲ ਚਿੱਟੇ ਖੰਭ ਤੁਹਾਨੂੰ ਨਿਖੇੜ ਵੀ ਦੇਣ, ਫਿਰ ਵੀ ਤੁਸੀਂ ਇਕੱਠੇ ਹੀ ਰਹੋਗੇ।

ਤੁਸੀਂ ਸਦਾ ਸਦਾ ਲਈ ਸ਼ਾਂਤ ਰੱਬੀ ਯਾਦ ਵਿਚ ਵੀ ਇਕ ਦੂਜੇ ਦੇ ਅੰਗ ਸੰਗ ਰਹੋਗੇ। ਪਰ ਤੁਸੀਂ ਆਪਣੇ ਦਰਮਿਆਨ ਕੁਝ ਵਿਰਲ ਜ਼ਰੂਰ ਰੱਖਣਾ ਤਾਂਕਿ ਬਹਿਸ਼ਤੀ ਹਵਾਵਾਂ ਆਪਣੀ ਨ੍ਰਿਤਕਾਰੀ ਕਰਦੀਆਂ ਰਹਿਣ।

ਇਕ ਦੂਜੇ ਨਾਲ ਪਿਆਰ ਕਰੋ ਪਰ ਪਿਆਰ ਨੂੰ ਬੰਧਨ ਨਾ ਬਣਨ ਦਿਉ, ਸਗੋਂ ਆਪਣੀਆਂ ਰੂਹਾਂ ਨੂੰ ਦੋ ਕੰਢਿਆਂ ਦੇ ਦਰਮਿਆਨ ਲਹਿਰਾਉਂਦੇ ਦਰਿਆ ਵਾਂਙ ਵਹਿਣ ਦਿਉ।

ਇਕ ਦੂਜੇ ਦਾ ਪਿਆਲਾ ਜ਼ਰੂਰ ਭਰੋ, ਪਰ ਇਕੋ ਪਿਆਲੇ ਵਿਚ ਨਾ ਪੀਓ।

ਇਕ ਦੂਜੇ ਨਾਲ ਭੋਜਨ ਵੰਡ ਲਓ, ਪਰ ਇੱਕੋ ਰੋਟੀ ਨੂੰ ਦੋਵੇਂ ਬੁਰਕ ਨਾ ਮਾਰੋ।

ਖ਼ੁਸ਼ੀਆਂ ਵਿਚ ਮਸਤ ਹੋ ਇਕੱਠੇ ਮਿਲ ਕੇ ਨੱਚੋ ਗਾਓ, ਪਰ ਵਿਲੱਖਣਤਾ ਜ਼ਰੂਰ ਬਰਕਰਾਰ ਰਖੋ, ਜਿਵੇਂ ਕਿ ਸਿਤਾਰ ਦੇ ਤਾਰ ਇਕੱਠੇ ਗੂੰਜਦੇ ਹੋਏ ਵੀ ਅਲੱਗ ਅਲੱਗ ਰਹਿੰਦੇ ਹਨ।

ਇਕ ਦੂਜੇ ਨੂੰ ਦਿਲ ਦਿਉ, ਲੇਕਿਨ ਦਿਲ ਨੂੰ ਹਵਾਲੇ ਨਾ ਕਰੋ, ਕਿਉਂਕਿ ਜ਼ਿੰਦਗੀ ਦੀ ਵਿਸ਼ਾਲ ਬੁੱਕਲ ਵਿਚ ਹੀ ਤੁਹਾਡਾ ਦਿਲ ਸਮਾ ਸਕਦਾ ਹੈ।

ਇਕ ਦੂਜੇ ਦੇ ਨਾਲ ਖੜ੍ਹੇ ਹੋਵੋ ਪਰ ਬਹੁਤ ਨੇੜੇ ਨੇੜੇ ਨਹੀਂ, ਕਿਉਂਕਿ ਹਰ ਇਮਾਰਤ ਦੇ ਥੰਮ੍ਹਲੇ ਦੂਰ ਦੂਰ ਹੀ ਟਿਕਾਏ ਹੁੰਦੇ ਹਨ।

ਬੋਹੜ ਅਤੇ ਸਰੂ ਇਕ ਦੂਜੇ ਦੀ ਛਾਇਆ ਹੇਠ ਪ੍ਰਫੁਲਤ ਨਹੀਂ ਹੋ ਸਕਦੇ।

73. ਬੱਚੇ

ਤੁਹਾਡੇ ਬੱਚੇ ਤੁਹਾਡੇ ਆਪਣੇ ਨਹੀਂ, ਇਹ ਤਾਂ ਜ਼ਿੰਦਗੀ ਦੀ ਉਸ ਲਾਲਸਾ ਦੀ ਅੰਸ਼ ਬੰਸ ਹਨ ਜੋ ਚਲਦੀ ਆ ਰਹੀ ਹੈ। ਇਹ ਤੁਹਾਡੇ ਰਾਹੀਂ ਇਸ ਸੰਸਾਰ ਵਿਚ ਆਉਂਦੇ ਜ਼ਰੂਰ ਹਨ ਪਰ ਇਹ ਤੁਹਾਡੇ ਨਹੀਂ, ਜੇ ਤੁਹਾਡੇ ਨਾਲ ਵੀ ਹਨ, ਤਾਂ ਵੀ ਤੁਹਾਡੇ ਨਹੀਂ।

ਤੁਸੀਂ ਇਨ੍ਹਾਂ ਨੂੰ ਆਪਣਾ ਪਿਆਰ ਦਿਉ, ਪਰ ਵਿਚਾਰ ਨਾ ਦਿਉ, ਕਿਉਂਕਿ ਇਨ੍ਹਾਂ ਦੀ ਆਪਣੀ ਵਿਚਾਰਧਾਰਾ ਹੈ। ਤੁਸੀਂ ਇਨ੍ਹਾਂ ਦੇ ਸਰੀਰ ਬੇਸ਼ਕ ਘਰੀਂ ਰਖੋ ਲੇਕਿਨ ਇਨ੍ਹਾਂ ਦੀ ਆਤਮਾ ਨੂੰ ਨਹੀਂ, ਕਿਉਂਕਿ ਇਨ੍ਹਾਂ ਬਾਲਕਿਆਂ ਦੀਆਂ ਆਤਮਾਵਾਂ ਭਵਿਸ਼ਤ ਦੇ ਭਵਨ ਵਿਚ ਨਿਵਾਸ ਰਖਦੀਆਂ ਹਨ ਜਿਥੇ ਕਿ ਤੁਸੀਂ ਸੁਪਨੇ ਵਿਚ ਵੀ ਪਹੁੰਚ ਨਹੀਂ ਸਕਦੇ।

ਤੁਸੀਂ ਉਨ੍ਹਾਂ ਵਰਗੇ ਆਲੇ-ਭੋਲੇ ਬਣਨ ਦਾ ਯਤਨ ਜ਼ਰੂਰ ਕਰੋ, ਪਰ ਕਦੀ ਉਨ੍ਹਾਂ ਨੂੰ ਆਪਣੇ ਵਰਗੇ ਬਣਾਉਣ ਦੀ ਕੋਸ਼ਿਸ਼ ਨਾ ਕਰਨਾ।

ਤੁਸੀਂ ਧਨੁਸ਼ ਹੋ ਤੇ ਤੁਹਾਡੇ ਬੱਚੇ ਤੀਰ ਸਮਾਨ ਹਨ। ਉਹ ਤੀਰ-ਅੰਦਾਜ਼ ਪੂਰੀ ਤਾਕਤ ਨਾਲ ਤੀਰ ਛੱਡਦਾ ਹੈ ਤਾਂਕਿ ਉਹ ਆਪਣੇ ਨਿਸ਼ਾਨੇ 'ਤੇ ਤੇਜ਼ੀ ਨਾਲ ਪਹੁੰਚ ਸਕੇ।

ਤੀਰ-ਅੰਦਾਜ਼ ਦੇ ਹੱਥਾਂ ਵਿਚ ਤੁਹਾਡਾ ਕਮਾਣ ਵਾਂਙ ਮੁੜਨਾ ਪ੍ਰਸੰਨਤਾ-ਦਾਇਕ ਹੋਵੇ, ਕਿਉਂਕਿ ਜਿਵੇਂ ਉਹ ਉੱਡ ਕੇ ਜਾਣ ਵਾਲੇ ਤੀਰ ਨੂੰ ਪਿਆਰਦਾ ਹੈ, ਤਿਵੇਂ ਉਹ ਟਿਕਾਉ ਵਿਚ ਰਹਿਣ ਵਾਲੀ ਕਮਾਨ ਨੂੰ ਵੀ ਥਾਪੀ ਦਿੰਦਾ ਹੈ।

74. ਦਾਨ

ਜਦ ਤੁਸੀਂ ਆਪਣੇ ਧਨ ਦੌਲਤ ਵਿੱਚੋਂ ਕੁਝ ਦਿੰਦੇ ਹੋ ਤਾਂ ਇਹ ਬਹੁਤਾ ਸਾਰਥਕ ਨਹੀਂ, ਇਕ ਤਰ੍ਹਾਂ ਇਹ ਦਾਨ, ਨਹੀਂ ਦੇ ਬਰਾਬਰ ਹੁੰਦਾ ਹੈ। ਜਦ ਤੁਸੀਂ ਆਪਣੇ ਆਪ ਵਿੱਚੋਂ ਕੁਝ ਦਿਉ ਤਾਂ ਉਹ ਅਸਲ ਦਾਨ ਹੈ। ਆਖ਼ਰ ਮਾਲ ਦੌਲਤ ਹੈ ਵੀ ਕੀ, ਇਹ ਉਹੋ ਚੀਜ਼ਾਂ ਹਨ ਜੋ ਅਸੀਂ ਆਪਣੀ ਕੱਲ੍ਹ ਦੀ ਲੋੜ ਨੂੰ ਮੁੱਖ ਰੱਖ ਕੇ ਇਕੱਤਰ ਕਰਦੇ ਰਹਿੰਦੇ ਹਾਂ ਤੇ ਫਿਰ ਉਨ੍ਹਾਂ ਦੀ ਰਾਖੀ ਕਰਦੇ ਹਾਂ।

ਤੇ ਕੱਲ੍ਹ, ਉਸ ਸਿਆਣੇ ਕੁੱਤੇ ਲਈ ਕੱਲ੍ਹ ਕੀ ਦੇ ਸਕੇਗਾ ਜੋ ਕਿ ਪਵਿੱਤਰ ਨਗਰ ਜਾਣ ਵਾਲੇ ਯਾਤਰੀਆਂ ਦੀ ਟੋਲੀ ਦੇ ਨਾਲ ਨਾਲ ਦੌੜਿਆ ਤਾਂ ਜਾਂਦਾ ਹੈ, ਪਰ ਬੇਨਿਸ਼ਾਨੇ ਰੇਤ-ਥਲ ਵਿਚ ਥਾਂ ਥਾਂ ਹੱਡੀਆਂ ਦੱਬਦਾ ਜਾਂਦਾ ਹੈ।

ਕਿਸੇ ਚੀਜ਼ ਦੀ ਅਣਹੋਂਦ ਦਾ ਡਰ, ਅਸਲ ਵਿਚ ਅਣਹੋਂਦ ਹੀ ਹੈ ਜਦੋਂ ਕਿ ਤੁਹਾਡਾ ਖੂਹ ਲਬਾ-ਲਬ ਭਰਪੂਰ ਹੈ, ਕੀ ਫਿਰ ਪਿਆਸ ਦਾ ਭੈ ਅਜੇਹੀ ਤ੍ਰਿਖਾ ਨਹੀਂ ਜੋ ਕਦਾਚਿਤ ਬੁਝ ਹੀ ਨਹੀਂ ਸਕਦੀ ?

ਕਈ ਅਜੇਹੇ ਲੋਕ ਵੀ ਹਨ ਜੋ ਆਪਣੇ ਧਨ ਭੰਡਾਰ ਵਿੱਚੋਂ ਥੋੜ੍ਹਾ ਜਿਹਾ ਦਾਨ ਇਸ ਲਈ ਕਰਦੇ ਹਨ ਕਿ ਉਨ੍ਹਾਂ ਦਾ ਨਾਂ ਹੋਵੇ, ਪਰ ਉਨ੍ਹਾਂ ਦੀ ਅੰਦਰਲੀ ਗੁੱਝੀ ਖ਼ਾਹਸ਼ ਇਸ ਦਾਨ ਨੂੰ ਇਕ ਤਰ੍ਹਾਂ ਅਪਵਿੱਤਰ ਹੀ ਕਰ ਦਿੰਦੀ ਹੈ।

ਅਜੇਹੇ ਲੋਕ ਵੀ ਹਨ ਜਿਨ੍ਹਾਂ ਪਾਸ ਹੈ ਹੀ ਥੋੜ੍ਹਾ, ਪਰ ਉਹ ਸਾਰਾ ਕੁਝ ਨਿਛਾਵਰ ਕਰ ਜਾਂਦੇ ਹਨ। ਉਨ੍ਹਾਂ ਦਾ ਜ਼ਿੰਦਗੀ ਤੇ ਜ਼ਿੰਦਗੀ ਦੀ ਉਦਾਰਤਾ ਵਿਚ ਪੂਰਨ ਵਿਸਵਾਸ ਹੁੰਦਾ ਹੈ, ਉਨ੍ਹਾਂ ਦੇ ਖ਼ਜ਼ਾਨੇ ਕਦੀ ਨਿਖੁਟਦੇ ਵੀ ਨਹੀਂ।

ਉਹ ਇਉਂ ਦਿੰਦੇ ਰਹਿੰਦੇ ਹਨ ਜਿਵੇਂ ਚੰਦਨ ਆਪਣੀ ਸੁਗੰਧ ਦਿਲ ਖੋਲ੍ਹ ਕੇ ਲੁਟਾਉਂਦਾ ਹੈ। ਇਨ੍ਹਾਂ ਲੋਕਾਂ ਦੀ ਬਾਣੀ ਰਾਹੀਂ ਹੀ ਰੱਬ ਬੋਲਦਾ ਤੇ ਇਨ੍ਹਾਂ ਦੀ ਨਜ਼ਰ ਰਾਹੀਂ ਉਹ ਆਪਣੀ ਮਧੁਰ ਮੁਸਕ੍ਰਾਹਟ ਵੰਡਦਾ ਹੈ।

ਤੁਸੀਂ ਕਹਿੰਦੇ ਹੋ ਕਿ ਮੈਂ ਅਧਿਕਾਰੀ ਦੇਖ ਕੇ ਦਾਨ ਦਿਆਂਗਾ, ਪਰ ਤੁਹਾਡੇ ਬਾਗ਼ ਦੇ ਮਹਿਕਦੇ ਬੂਟੇ ਇਹ ਸ਼ਰਤ ਨਹੀਂ ਲਾਉਂਦੇ ਤੇ ਨਾ ਹੀ ਚਰਾਗਾਹਾਂ ਵਿਚ ਚਰਦੀਆਂ ਭੇਡਾਂ ਐਸਾ ਕਹਿੰਦੀਆਂ ਹਨ।

ਜੋ ਕੁਦਰਤ ਤੋਂ ਰਾਤ ਦਿਨ ਲੈਣ ਦਾ ਹੱਕਦਾਰ ਹੈ, ਉਹ ਦੇਣ ਦਾ ਵੀ ਹੱਕਦਾਰ ਹੈ।

ਜੋ ਕੋਈ ਜ਼ਿੰਦਗੀ ਦੇ ਸਾਗਰ ਵਿੱਚੋਂ ਜਲ-ਪਾਨ ਕਰਦਾ ਹੈ, ਉਹ ਛੋਟੀ ਵਗਦੀ ਕੂਲ ਤੋਂ ਵੀ ਪਿਆਲਾ ਭਰਨ ਦਾ ਅਧਿਕਾਰੀ ਹੈ। ਅਸਲ ਵਿਚ ਤਾਂ ਜ਼ਿੰਦਗੀ ਹੀ ਜ਼ਿੰਦਗੀ ਨੂੰ ਕੁਝ ਦੇ ਸਕਦੀ ਹੈ, ਤੁਸੀਂ ਤਾਂ ਇਕ ਗਵਾਹ ਮਾਤਰ ਹੋ। ਇਸ ਕਰਕੇ ਤੁਸੀਂ ਕ੍ਰਿਤੱਗਤਾ ਦੇ ਭਾਰ ਹੇਠ ਵੀ ਨਾ ਦਬਦੇ ਜਾਣਾ ਤੇ ਨਾ ਹੀ ਦੇਣ ਵਾਲੇ ਦੇ ਗਲ ਇਹ ਬੋਝ ਪਾਉਣਾ। ਦਾਨ ਦਾ ਚਰਚਾ ਕਰੀ ਜਾਣਾ ਵੀ ਦਾਤੇ ਦੀ ਉਦਾਰਤਾ ਉਤੇ ਸ਼ੰਕਾ ਕਰਨਾ ਹੈ, ਉਸ ਦਾਤੇ ਬਾਰੇ ਜੋ ਸਾਡਾ ਮਾਂ ਪਿਉ ਵੀ ਹੈ।

75. ਖਾਣ-ਪੀਣ

ਕਾਸ਼ ਕਿ ਤੁਸੀਂ ਧਰਤੀ ਦੀ ਮਹਿਕ ਉਤੇ ਨਿਰਭਰ ਰਹਿ ਸਕੋ ਤੇ ਅਮਰ ਵੇਲ ਵਾਂਙ ਸੂਰਜੀ ਕਿਰਨਾਂ ਆਸਰੇ ਜ਼ਿੰਦਾ ਰਹਿ ਸਕੋ। ਆਪਣਾ ਪੇਟ ਭਰਨ ਲਈ ਦੂਜਿਆਂ ਨੂੰ ਮਾਰਨਾ ਤੇ ਪਿਆਸ ਬੁਝਾਉਣ ਲਈ ਨਵੇਂ ਜੰਮੇ ਬਛੜੇ ਦੀ ਮਾਂ ਦਾ ਦੁੱਧ ਖੋਹ ਲੈਣਾ ਚੰਗਾ ਤਾਂ ਨਹੀਂ, ਪਰ ਇਸ ਨੂੰ ਰੱਬੀ ਬੰਦਗੀ ਤੇ ਰੂਪ ਵਿਚ ਨਿਭਾਉ।

ਕਿਸੇ ਜੀਵ ਨੂੰ ਹਲਾਲ ਕਰਨ ਵੇਲੇ ਆਪਣੇ ਮਨ ਅੰਦਰ ਇਹ ਕਹੋ, "ਜੋ ਸ਼ਕਤੀ ਤੁਹਾਨੂੰ ਬਧ ਕਰ ਰਹੀ ਹੈ, ਉਸੇ ਨੇ ਇਕ ਦਿਨ ਮੈਨੂੰ ਵੀ ਆਪਣੀ ਖ਼ੁਰਾਕ ਬਣਾ ਲੈਣਾ ਹੈ। ਜਿਸ ਕਾਨੂੰਨ ਨੇ ਤੈਨੂੰ ਮੇਰੇ ਹਵਾਲੇ ਕੀਤਾ ਹੋਇਆ ਹੈ, ਉਹੋ ਕਾਨੂੰਨ ਮੈਨੂੰ ਵੀ ਕਿਸੇ ਸਮੇਂ ਵਧੇਰੇ ਬਲਵਾਨ ਹੱਥਾਂ ਵਿਚ ਸੌਂਪੇਗਾ। ਤੇਰਾ ਲਹੂ ਤੇ ਮੇਰਾ ਲਹੂ ਉਸ ਰਸ ਤੋਂ ਵੱਖਰਾ ਨਹੀਂ ਜੋ ਬ੍ਰਹਿਮੰਡੀ ਬਿਰਛ ਦੀ ਜਿੰਦ ਜਾਨ ਹੈ। ਜਦੋਂ ਤੁਸੀਂ ਆਪਣੇ ਬਾਗ਼ ਵਿੱਚੋਂ ਸ਼ਰਾਬ ਬਣਾਉਣ ਲਈ ਅੰਗੂਰ ਇਕੱਤਰ ਕਰਦੇ ਹੋ ਤਾਂ ਦਿਲ ਦੀ ਖ਼ਾਮੋਸ਼ ਬੋਲੀ ਵਿਚ ਇਉਂ ਗੁਣ-ਗੁਣਾਉਂਦੇ ਜਾਓ : "ਮੈਂ ਵੀ ਅੰਗੂਰਾਂ ਦਾ ਬਾਗ਼ ਹਾਂ, ਕਦੀ ਮੈਨੂੰ ਵੀ ਭੱਠੀ ਵਿਚ ਪਾਇਆ ਜਾਵੇਗਾ ਤੇ ਫਿਰ ਮਾਲਕ ਦੇ ਮੱਟਾਂ ਵਿਚ ਭਰ ਭਰ ਰਖਿਆ ਜਾਵੇਗਾ'।"

76. ਮਿਹਨਤ

ਤੁਸੀਂ ਮਿਹਨਤ ਕਰੋ ਤਾਂਕਿ ਤੁਸੀਂ ਸੰਸਾਰ ਅਤੇ ਇਸ ਸੰਸਾਰ ਦੀ ਵਿਸ਼ਵ-ਆਤਮਾ ਨਾਲ ਕਦਮ ਮੇਚ ਕੇ ਚਲ ਸਕੋ। ਸੁਸਤ ਹੋਣਾ ਐਸਾ ਹੈ, ਜਿਵੇਂ ਰੁੱਤਾਂ ਦੀ ਬਦਲੀ ਤੋਂ ਅਣਜਾਣ ਰਹਿਣਾ ਜਾਂ ਜ਼ਿੰਦਗੀ ਦੇ ਉਸ ਸ਼ਾਹੀ ਜਲੂਸ ਤੋਂ ਬਾਹਰ ਨਿਕਲ ਖਲੋਣਾ, ਜੋ ਬੜੇ ਠਾਠ ਨਾਲ ਅਨੰਤ ਵੱਲ ਕਦਮ ਵਧਾਉਂਦਾ ਅੱਗੇ ਅੱਗੇ ਚਲਿਆ ਜਾ ਰਿਹਾ ਹੈ।

ਜਦ ਤੁਸੀਂ ਮਿਹਨਤ ਮੁਸ਼ੱਕਤ ਕਰਦੇ ਹੋ ਤਾਂ ਇਕ ਵੰਝਲੀ ਸਮਾਨ ਹੁੰਦੇ ਹੋ, ਜਿਸ ਵਿੱਚੀਂ ਲੰਘ ਕੇ ਖਿਣਾਂ ਪਲਾਂ ਦੀ ਫੂਕ ਇਕ ਸੰਗੀਤ ਬਣ ਜਾਂਦੀ ਹੈ। ਜਦੋਂ ਸਾਰਾ ਸੰਸਾਰ ਗਾਇਨ ਕਰ ਰਿਹਾ ਹੋਵੇ ਤਾਂ ਤੁਹਾਡੇ ਵਿੱਚੋਂ ਕੌਣ ਹੈ ਜੋ ਗੁੰਗਾ ਬਣ ਕੇ ਬੈਠੇ ਤੇ ਅਣਵੱਜਿਆ ਸਾਜ਼ ਹੋ ਚੁਪ-ਚੁਪੀਤਾ ਰਹੇ।

ਤੁਹਾਨੂੰ ਇਹ ਦੱਸਿਆ ਜਾਂਦਾ ਰਿਹਾ ਹੈ ਕਿ ਕਿਰਤ ਕੁਸ਼ਗਨ ਹੈ ਤੇ ਮਜੂਰੀ ਮੁਲ੍ਹਾਮਤ। ਲੇਕਿਨ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜਦ ਤੁਸੀਂ ਘਾਲ-ਕਮਾਈ ਕਰਦੇ ਹੋ ਤਾਂ ਤੁਸੀਂ ਉਸ ਸੁਪਨੇ ਨੂੰ ਪੂਰਾ ਕਰ ਰਹੇ ਹੁੰਦੇ ਹੋ, ਜੋ ਜਨਮ ਸਮੇਂ ਤੁਹਾਡੇ ਜ਼ਿੰਮੇ ਲਾਇਆ ਗਿਆ ਸੀ।

ਅਸਲ ਵਿਚ ਮਿਹਨਤ ਕਰ ਕੇ ਤੁਸੀਂ ਜ਼ਿੰਦਗੀ ਨੂੰ ਪਿਆਰਦੇ ਹੋ ਤਾਂ ਇਹ ਪ੍ਰੀਤ ਜ਼ਿੰਦਗੀ ਦਾ ਰਹੱਸ ਖੋਲ੍ਹਦੀ ਹੈ।

ਜੇ ਤੁਸੀਂ ਜੰਮਣ ਨੂੰ ਸਰਾਪ ਤੇ ਕੰਮ ਨੂੰ ਸੰਤਾਪ ਸਮਝਦੇ ਹੋ ਤਾਂ ਮੇਰੀ ਇਹ ਨਸੀਹਤ ਹੈ ਕਿ ਇਹ ਮਿਹਨਤ ਹੀ ਤੁਹਾਡੇ ਮੱਥੇ 'ਤੇ ਲਿਖੇ ਇਸ ਸਰਾਪ ਸੰਤਾਪ ਨੂੰ ਮਿਟਾ ਸਕੇਗੀ।

ਪ੍ਰੇਮ ਨਾਲ ਕਿਰਤ ਕਰਨਾ ਇਉਂ ਹੀ ਹੈ ਜਿਵੇਂ ਕਿ ਆਪਣੀ ਮਹਿਬੂਬਾ ਲਈ ਬਸਤਰ ਉਣਨਾ ਜਾਂ ਘਰ ਉਸਾਰਨਾ, ਜਿਸ ਵਿਚ ਤੁਹਾਡੀ ਪ੍ਰੀਤਮਾ ਨੇ ਰਿਹਾਇਸ਼ ਕਰਨੀ ਹੈ। ਸੋ

ਹਰ ਕੰਮ ਚਾਅ ਅਤੇ ਲਗਨ ਨਾਲ ਕਰੋ, ਚਾਹੇ ਫ਼ਸਲ ਦੀ ਬਿਜਾਈ ਹੈ, ਚਾਹੇ ਵਾਢੀ; ਇਹ ਅੰਨ ਦਾਣਾ ਤੁਹਾਡੀ ਮਹਿਬੂਬਾ ਦੇ ਮੂੰਹ ਪੈਣਾ ਹੈ।

77. ਖ਼ੁਸ਼ੀ ਗ਼ਮੀ

ਤੁਹਾਡੀ ਖ਼ੁਸ਼ੀ, ਦਰਅਸਲ ਜਿਸਦਾ ਪੜਦਾ ਲਾਹਿਆ ਗਿਆ ਹੈ, ਗ਼ਮੀ ਹੀ ਹੈ। ਇਹ ਖੂਹ ਜਿਸ ਵਿੱਚੋਂ ਤੁਹਾਡੀ ਖ਼ੁਸ਼ੀ ਉਛਲ ਕੇ ਆਈ ਹੈ, ਤੁਹਾਡੇ ਹੰਝੂਆਂ ਨਾਲ ਹੀ ਭਰਿਆ ਭਰਿਆ ਰਿਹਾ ਹੈ। ਇਹ ਗ਼ਮੀ, ਇਹ ਵੇਦਨਾ ਜਿਤਨੀ ਡੂੰਘਾਈ ਵਿਚ ਜਾ ਕੇ ਤੁਹਾਡਾ ਕਾਇਆ ਕਲਪ ਕਰਦੀ ਹੈ, ਉਤਨੀ ਹੀ ਤੁਹਾਨੂੰ ਪ੍ਰਫੁਲਤਾ ਮਿਲਦੀ ਹੈ। ਜਿਸ ਪਿਆਲੇ ਵਿਚ ਤੁਸੀਂ ਆਪਣੀ ਸ਼ਰਾਬ ਪਾਈ ਹੈ, ਕੀ ਇਹ ਉਹੋ ਪਿਆਲਾ ਨਹੀਂ ਜਿਸਨੂੰ ਘੁਮਿਆਰ ਨੇ ਆਵੀ ਵਿਚ ਪਾ ਕੇ ਚੰਗਾ ਸੇਕ ਦਿੱਤਾ ਸੀ।

ਇਹ ਵੰਝਲੀ, ਜੋ ਤੁਹਾਡੇ ਗ਼ਮ ਨੂੰ ਗ਼ਲਤ ਕਰਦੀ ਤੇ ਤੁਹਾਡੀ ਰੂਹ ਨੂੰ ਸ਼ਾਂਤੀ ਦਿੰਦੀ ਹੈ, ਕੀ ਇਹ ਉਹੋ ਬਾਂਸ ਦੀ ਪੋਰੀ ਨਹੀਂ ਜਿਸਦਾ ਮਗ਼ਜ਼ ਚਾਕੂ ਨਾਲ ਤ੍ਰਾਸ਼ ਤ੍ਰਾਸ਼ ਕੇ ਸਾਫ਼ ਕੀਤਾ ਗਿਆ ਸੀ।

ਜਦ ਖ਼ੁਸ਼ੀਆਂ ਦੀ ਲਹਿਰ ਉੱਠੇ ਤਾਂ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ। ਤੁਹਾਨੂੰ ਪਤਾ ਲੱਗੇਗਾ ਕਿ ਜੋ ਤੁਹਾਨੂੰ ਖ਼ੁਸ਼ੀ ਪ੍ਰਦਾਨ ਕਰ ਰਿਹਾ ਹੈ, ਉਹ ਉਹੋ ਹੈ ਜਿਸਨੇ ਤੁਹਾਨੂੰ ਗ਼ਮੀ ਦਿੱਤੀ ਸੀ।

ਜਦ ਤੁਸੀਂ ਗ਼ਮ ਵਿਚ ਡੁੱਬੇ ਹੋਵੋ ਤਾਂ ਫਿਰ ਆਪਣੇ ਅੰਦਰ ਨਿਗਾਹ ਮਾਰੋ, ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਉਸੇ ਲਈ ਵਿਰਲਾਪ ਕਰ ਰਹੇ ਹੋ, ਜਿਸ ਤੁਹਾਨੂੰ ਖ਼ੁਸ਼ੀ ਦਿੱਤੀ ਸੀ।

ਤੁਹਾਡੇ ਵਿੱਚੋਂ ਕੁਝ ਇਹ ਕਹਿੰਦੇ ਸੁਣੀਂਦੇ ਹਨ ਕਿ ਖ਼ੁਸ਼ੀ, ਗ਼ਮੀ ਨਾਲੋਂ ਚੰਗੇਰੀ ਹੈ ਤੇ ਕਈ ਇਸਦੇ ਉਲਟ ਆਖਦੇ ਹਨ। ਲੇਕਿਨ ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਦੋਵੇਂ ਸਹੇਲੀਆਂ ਇਕ ਦੂਜੇ ਦੇ ਨਾਲ ਕਲਿੰਗੜੀ ਪਾ ਕੇ ਚਲਦੀਆਂ ਹਨ, ਕਦੀ ਜੁਦਾ ਨਹੀਂ ਹੁੰਦੀਆਂ।

78. ਘਰ

ਬਸਤੀ ਵਿਚ ਘਰ ਬਣਾਉਣ ਤੋਂ ਪਹਿਲਾਂ ਆਪਣੀ ਕਲਪਨਾ ਨਾਲ ਇਕ ਅੰਦਰੂਨ (ਕੋਠੜੀ) ਤਿਆਰ ਕਰੋ। ਜਿਸ ਤਰ੍ਹਾਂ ਤੁਸੀਂ ਸ਼ਾਮ ਵੇਲੇ ਆਪਣੇ ਘਰ ਵੱਲ ਪਰਤਦੇ ਹੋ, ਇਸੇ ਤਰ੍ਹਾਂ ਤੁਹਾਡੀ ਆਵਾਰਾ ਰੂਹ ਵੀ ਆਪਣਾ ਠਿਕਾਣਾ ਲੱਭਦੀ ਪਈ ਹੈ। ਤੁਹਾਡਾ ਅਸਲ ਘਰ ਤੁਹਾਡੀ ਦੇਹੀ ਹੈ ਜੋ ਸੂਰਜ ਦੀ ਰੌਸ਼ਨੀ ਵਿਚ ਪਸਰਦੀ ਤੇ ਰਾਤ ਦੀ ਖ਼ਾਮੋਸ਼ੀ ਵਿਚ ਸੌਂ ਜਾਂਦੀ ਹੈ। ਇਹ ਸੁਪਨਿਆਂ ਤੋਂ ਖ਼ਾਲੀ ਨਹੀਂ, ਕੀ ਇਹ ਸੁਪਨੇ ਦੇਖਦੀ ਦੇਖਦੀ, ਸ਼ਹਿਰ ਬਸਤੀ ਛੱਡ ਕੇ ਜੰਗਲਾਂ, ਬੀਆਬਾਨਾਂ ਤੇ ਪਹਾੜਾਂ ਵੱਲ ਚੱਕਰ ਨਹੀਂ ਮਾਰਦੀ?

ਕਾਸ਼! ਮੈਂ ਤੁਹਾਡੇ ਇਨ੍ਹਾਂ ਦੇਹੀਆਂ ਦੇ ਘਰਾਂ ਨੂੰ ਮੁੱਠੀ ਵਿਚ ਬੰਦ ਕਰ ਲੈਂਦਾ ਤੇ ਜਿਵੇਂ ਕਿਸਾਨ ਬੀ ਬੀਜਦਾ ਹੈ, ਇਸ ਤਰ੍ਹਾਂ ਇਨ੍ਹਾਂ ਨੂੰ ਇਧਰ-ਉਧਰ ਬਿਖੇਰ ਦਿੰਦਾ। ਕੇਹਾ ਚੰਗਾ ਹੁੰਦਾ ਕਿ ਪਹਾੜੀ ਘਾਟੀਆਂ ਤੁਹਾਡੀਆਂ ਸੜਕਾਂ ਹੁੰਦੀਆਂ ਤੇ ਹਰੀਆਂ ਭਰੀਆਂ ਪਗਡੰਡੀਆਂ

ਤੁਹਾਡੀਆਂ ਗਲੀਆਂ, ਤਾਂਕਿ ਤੁਸੀਂ ਇਕ ਦੂਜੇ ਨੂੰ ਲੱਭਦੇ ਇਨ੍ਹਾਂ ਅੰਗੂਰੀ ਵੇਲਾਂ ਵਿੱਚੀਂ ਵਿਚਰ ਸਕਦੇ ਤੇ ਧਰਤੀ ਦੀ ਮਹਿਕ ਲੈਂਦੇ ਘਰਾਂ ਨੂੰ ਪਰਤਦੇ।

ਲੇਕਿਨ ਇਹ ਗੱਲਾਂ ਅਜੇ ਹੋਣ ਵਾਲੀਆਂ ਹਨ। ਤੁਹਾਡੇ ਵਡਾਰੂਆਂ ਨੇ ਭੈ ਅਧੀਨ ਹੋ ਕੇ ਤੁਹਾਨੂੰ ਇਕ ਦੂਜੇ ਦੇ ਬਹੁਤ ਨੇੜੇ ਕਰ ਦਿੱਤਾ ਹੈ ਤੇ ਇਹ ਭੈ ਅਜੇ ਕੁਝ ਅਰਸਾ ਹੋਰ ਬਣਿਆ ਰਹੇਗਾ ਅਤੇ ਸ਼ਹਿਰ ਦੀ ਚਾਰ-ਦੀਵਾਰੀ (ਫਸੀਲ) ਤੁਹਾਡੇ ਘਰਾਂ ਨੂੰ ਹਰੇ ਭਰੇ ਖੇਤਾਂ ਤੋਂ ਅਲਹਿਦਾ ਹੀ ਰਖੇਗੀ।

ਮੈਨੂੰ ਇਹ ਦੱਸੋ ਕਿ ਤੁਸੀਂ ਇਨ੍ਹਾਂ ਘਰਾਂ ਵਿਚ ਕੀ ਕੁਝ ਲੁਕੋ ਰਖਿਆ ਹੈ ਤੇ ਕੁੰਡੇ ਜੰਦੇ ਲਾ ਕੇ ਤੁਸੀਂ ਕਿਸ ਚੀਜ਼ ਦੀ ਰਖਵਾਲੀ ਕਰਦੇ ਹੋ?

......ਤੁਸੀਂ ਉਨ੍ਹਾਂ ਮਕਬਰਿਆਂ ਵਿਚ ਨਾ ਰਹੋ ਜੋ ਮੁਰਦਿਆਂ ਨੇ ਜਿਊਂਦਿਆਂ ਲਈ ਬਣਾਏ ਹਨ।

ਤੁਹਾਡਾ ਘਰ ਕਿੰਨਾ ਵੀ ਸੋਹਣਾ ਤੇ ਸ਼ਾਨਦਾਰ ਹੋਵੇ, ਲੇਕਿਨ ਇਹ ਤੁਹਾਡੇ ਭੇਦ ਨਹੀਂ ਛੁਪਾ ਸਕਦਾ ਤੇ ਨਾ ਹੀ ਤੁਹਾਡੀਆਂ ਸੱਧਰਾਂ ਦੀ ਪਨਾਹਗਾਹ ਬਣ ਸਕਦਾ ਹੈ।

ਤੁਹਾਡੇ ਅੰਦਰ ਜਿਸ ਅਨੰਤ ਦਾ ਵਾਸਾ ਹੈ, ਉਹ ਅਸਮਾਨ ਦੇ ਮਹੱਲ ਵਿਚ ਰਹਿੰਦਾ ਹੈ, ਉਸਦਾ ਸਿੰਘਦੁਆਰ ਪ੍ਰਭਾਤ ਦੀ ਧੁੰਦ ਹੈ ਤੇ ਰਾਤ ਦੀਆਂ ਖ਼ਾਮੋਸ਼ੀਆਂ ਤੇ ਸੰਗੀਤ ਹੀ ਉਸਦੀਆਂ ਖਿੜਕੀਆਂ ਹੈ।

79. ਪਹਿਰਾਵਾ

ਤੁਹਾਡਾ ਪਹਿਰਾਵਾ ਤੁਹਾਡੇ ਬਹੁਤ ਸੋਹਣੇ ਭਾਗ ਨੂੰ ਲੁਕੋ ਲੈਂਦਾ ਹੈ, ਲੇਕਿਨ ਕੁਸੋਹਣੇ ਨੂੰ ਕਦੀ ਛਿਪਾ ਨਹੀਂ ਸਕਦਾ। ਤੁਸੀਂ ਚੋਲੇ ਪਹਿਨ ਕੇ ਉਹ ਆਜ਼ਾਦੀ ਚਾਹੁੰਦੇ ਹੋ ਜੋ ਪਰਦਾ ਪਰ੍ਹੇ ਕਰਨ 'ਤੇ ਹੀ ਮਿਲਦੀ ਹੈ। ਲੇਕਿਨ ਇਹ ਪਹਿਰਾਵਾ ਤੁਹਾਡੇ ਲਈ ਇਕ ਤਰ੍ਹਾਂ ਦਾ ਬੰਧਨ ਬਣ ਜਾਂਦਾ ਹੈ। ਕਾਸ਼ ਕਿ ਘੱਟ ਤੋਂ ਘੱਟ ਪਹਿਰਾਵੇ ਤੇ ਵੱਧ ਤੋਂ ਵੱਧ ਨਗਨਤਾ ਵਿਚ ਰਹਿੰਦਿਆਂ ਤੁਹਾਡੀ ਮੁਲਾਕਾਤ ਖੁਲ੍ਹੀ ਧੁੱਪ ਤੇ ਪੌਣ ਨਾਲ ਹੁੰਦੀ ਰਹਿੰਦੀ।

ਕਿਉਂਕਿ ਜ਼ਿੰਦਗੀ ਦੀ ਰੂਹ ਸੂਰਜ ਦੇ ਪ੍ਰਕਾਸ਼ ਵਿਚ ਹੈ ਤੇ ਇਸਦੀਆਂ ਭੁਜਾਵਾਂ ਪੌਣ ਦੇ ਹੁਲਾਰਿਆਂ ਵਿਚ ਝੂਟਦੀਆਂ ਹਨ।

ਇਹ ਯਾਦ ਰਖੋ ਕਿ ਲੱਜਾ ਹਯਾ, ਮਲੀਨ ਦ੍ਰਿਸ਼ਟੀ ਤੋਂ ਬਚਾਉਂਦੀ ਹੈ ਪਰ ਜਦ ਮੈਲੀ ਨਜ਼ਰ ਹੀ ਨਾ ਰਹੀ ਤਾਂ ਇਹ ਤਾਂ ਫਿਰ ਬੰਧਨ ਬਣ ਜਾਵੇਗੀ।

......ਸੋ ਸਦਾ ਚੇਤੇ ਰੱਖੋ, ਧਰਤੀ ਤੁਹਾਡੇ ਪੈਰਾਂ ਦੀਆਂ ਤਲੀਆਂ ਨੂੰ ਛੂਹ ਕੇ ਪ੍ਰਸੰਨ ਹੁੰਦੀ ਹੈ ਤੇ ਹਵਾ ਤੁਹਾਡੇ ਕੇਸਾਂ ਨਾਲ ਅਠਖੇਲੀਆਂ ਕਰ ਕੇ।

80. ਲੈਣ ਦੇਣ

ਧਰਤੀ ਆਪਣੇ ਤਮਾਮ ਫਲ ਫੁੱਲ ਤੇ ਹੋਰ ਪੈਦਾਵਾਰ ਤੁਹਾਡੇ ਹਵਾਲੇ ਕਰਦੀ ਹੈ, ਜੇਕਰ ਤੁਸੀਂ ਉਸਦੀਆਂ ਦਾਤਾਂ ਨਾਲ ਝੋਲੀ ਭਰ ਲਓ ਤਾਂ ਕੋਈ ਕਿਸੇ ਦਾ ਮੁਥਾਜ ਨਹੀਂ

ਹੋ ਸਕਦਾ। ਲੇਕਿਨ ਜੇਕਰ ਇਹ ਲੈਣ ਦੇਣ ਪਿਆਰ-ਭਰਿਆ ਤੇ ਨਿਆਂ-ਪੂਰਣ ਨਹੀਂ ਹੋਵੇਗਾ ਤਾਂ ਇਹ ਕੁਝ ਲੋਕਾਂ ਨੂੰ ਲੋਭੀ ਬਣਾ ਦੇਵੇਗਾ ਤੇ ਬਾਕੀ ਸਭ ਭੁੱਖ ਦਾ ਸ਼ਿਕਾਰ ਹੋ ਜਾਣਗੇ।

ਜੋ ਲੋਕ ਹੱਥੀਂ ਕੰਮ ਨਹੀਂ ਕਰਦੇ, ਉਨ੍ਹਾਂ ਨਾਲ ਲੈਣ ਦੇਣ ਨਾ ਕਰੋ। ਤੁਸੀਂ ਘਾਲ ਘਾਲਦੇ ਹੋ, ਉਹ ਘਾਲਮਾਲਾ ਕਰਦੇ ਹਨ ਗੱਲੀਂਬਾਤੀਂ। ਉਨ੍ਹਾਂ ਨੂੰ ਕਹੋ ਕਿ ਭਰਾਵੋ! ਆਓ ਖੇਤਾਂ ਵੱਲ, ਆਓ ਸਾਗਰ ਵੱਲ, ਇਹ ਧਰਤੀ ਤੇ ਸਾਗਰ ਜਿੰਨੇ ਸਾਡੇ ਲਈ ਮਿਹਰਵਾਨ ਹਨ, ਉਤਨੇ ਹੀ ਤੁਹਾਡੇ ਲਈ ਵੀ ਹਨ।

.....ਮੰਡੀ ਤੋਂ ਬਾਹਰ ਨਿਕਲਣ ਵੇਲੇ ਇਹ ਜ਼ਰੂਰ ਦੇਖੋ ਕਿ ਕੋਈ ਖ਼ਾਲੀ ਹੱਥ ਤਾਂ ਨਹੀਂ ਵਾਪਸ ਜਾ ਰਿਹਾ? ਧਰਤੀ ਦੇ ਸੁਆਮੀ ਨੂੰ ਪੌਣ ਦੇ ਝੂਲੇ ਉਤੇ ਕਦੀ ਚੈਨ ਦੀ ਨੀਂਦ ਨਸੀਬ ਨਹੀਂ ਹੋਵੇਗੀ, ਜਦ ਤਕ ਤੁਹਾਡੇ ਵਿੱਚੋਂ ਛੋਟੇ ਤੋਂ ਛੋਟੇ ਦੀ ਵੀ ਲੋੜ ਪੂਰੀ ਨਾ ਹੋਈ ਹੋਵੇ।

81. ਅਪਰਾਧ ਤੇ ਸਜ਼ਾ

ਜਦ ਤੁਹਾਡੀ ਰੂਹ ਦਾ ਲੰਗਰ ਛੁੱਟ ਜਾਂਦੈ ਤੇ ਉਹ ਆਵਾਰਾ ਭਉਂਦੀ ਫਿਰਦੀ ਹੈ, ਤੁਸੀਂ ਕੱਲ੍ਹਮ-ਕੱਲ੍ਹੇ ਰਹਿ ਜਾਂਦੇ ਹੋ ਤਾਂ ਦੂਜਿਆਂ ਨਾਲ ਤੇ ਆਪਣੇ ਆਪ ਨਾਲ ਵੀ ਜ਼ਿਆਦਤੀ ਕਰਦੇ ਹੋ। ਇਸ ਕਸੂਰ ਕਰਕੇ ਤੁਹਾਨੂੰ ਮਾਲਕ ਦਾ ਦਰਵਾਜ਼ਾ ਖੜਕਾਉਣਾ ਪਵੇਗਾ ਤੇ ਲੰਮੀ ਉਡੀਕ ਕਰਨੀ ਪਵੇਗੀ।

ਤੁਹਾਡੀ ਦੈਵੀ ਬਿਰਤੀ ਸਾਗਰ ਵਾਂਙ ਹੈ ਜੋ ਕਦੀ ਅਪਵਿੱਤਰ ਨਹੀਂ ਹੁੰਦੀ, ਉਹ ਅਸਮਾਨ ਵਾਂਙ ਕੇਵਲ ਖੰਭਾਂ ਵਾਲਿਆਂ ਨੂੰ ਹੀ ਉਪਰ ਉਡਾਰੀ ਮਾਰਨ ਦਿੰਦਾ ਹੈ।

ਇਹ ਦੈਵੀ ਬਿਰਤੀ ਸੂਰਜ ਵਾਂਙ ਹੈ ਜੋ ਨਾ ਛਛੂੰਦਰ ਵਾਂਙ ਛਲ ਫਰੇਬ ਕਰਦੀ ਤੇ ਨਾ ਹੀ ਸੱਪ ਵਾਂਙ ਖੁੱਡਾਂ ਵਿਚ ਵੜਦੀ ਹੈ, ਪਰ ਇਹ ਤੁਹਾਡੀ ਹਸਤੀ ਵਿਚ ਇਕੱਲਾ ਨਹੀਂ ਵੱਸਦਾ। ਤੁਹਾਡੇ ਵਿਚ ਬਹੁਤ ਸਾਰੀ ਇਨਸਾਨੀਅਤ ਹੈ, ਬਹੁਤ ਸਾਰੀ ਨਹੀਂ ਵੀ; ਇਹ ਬੇਰੂਪ ਬੌਣਾ ਮਨੁੱਖ ਧੁੰਦੂਕਾਰ ਵਿਚ ਆਪਣਾ ਆਪ ਲੱਭਦਾ ਫਿਰਦਾ ਹੈ।

ਤੁਹਾਡੇ ਅੰਦਰਲੇ ਆਦਮ ਬਾਰੇ ਮੈਂ ਅਜੇ ਕੁਝ ਨਹੀਂ ਕਹਾਂਗਾ, ਕਿਉਂਕਿ ਇਸ ਨੂੰ ਅਪਰਾਧ ਤੇ ਸਜ਼ਾ ਦੀ ਸੋਝੀ ਹੈ।

ਮੈਂ ਅਕਸਰ ਅਪਰਾਧ ਕਰਨ ਵਾਲਿਆਂ ਦੀ ਨੁਕਤਾਚੀਨੀ ਹੁੰਦੀ ਸੁਣੀ ਹੈ; ਇਹ ਨੁਕਤਾਚੀਨੀ ਇਉਂ ਹੁੰਦੀ ਹੈ ਜਿਵੇਂ ਅਪਰਾਧੀ ਤੁਹਾਡੇ ਵਿੱਚੋਂ ਨਾ ਹੋਵੇ, ਤੁਹਾਨੂੰ ਉਹ ਅਜਨਬੀ ਜਾਪਦਾ ਹੈ ਤੇ ਤੁਹਾਡੇ ਖ਼ਿਆਲ ਵਿਚ ਉਹ ਦੁਨੀਆਂ ਵਿਚ ਮੱਲੋ-ਮੱਲੀ ਨਾਜਾਇਜ਼ ਦਾਖ਼ਲ ਹੋਇਆ ਹੋਇਆ ਹੈ।

ਮੈਂ ਕਹਾਂਗਾ ਕਿ ਕੋਈ ਪਵਿੱਤਰ ਪੁੰਨਾਤਮਾ ਉਸ ਉੱਚੀ ਸਿਖ਼ਰ ਤੋਂ ਉੱਚਾ ਨਹੀਂ ਜਾ ਸਕਦੀ ਜੋ ਕਿ ਤੁਹਾਡੇ ਹਰ ਇਕ ਵਿਚ ਮੌਜੂਦ ਹੈ। ਇਸੇ ਤਰ੍ਹਾਂ ਕੋਈ ਅਪਵਿੱਤਰ ਦੁਸ਼ਟਾਤਮਾ ਇਤਨਾ ਨੀਵਾਂ ਨਹੀਂ ਜਾ ਸਕਦੀ ਜਿਤਨੀ ਕਿ ਨੀਚਤਾ ਹਰੇਕ ਵਿਚ ਮੌਜੂਦ ਹੈ। ਸਾਰੇ ਬਿਰਛ ਦੀ ਖ਼ਾਮੋਸ਼ ਜਾਣਕਾਰੀ ਤੋਂ ਬਿਨਾਂ ਇਕ ਪੱਤਾ ਵੀ ਪੀਲਾ ਨਹੀਂ ਪੈ ਸਕਦਾ, ਇਸੇ ਤਰ੍ਹਾਂ ਕੋਈ ਅਪਰਾਧੀ ਤੁਹਾਡੀ ਸਭ ਦੀ ਲੁਕੀ ਛਿਪੀ ਮਰਜ਼ੀ ਬਗ਼ੈਰ ਕੋਈ ਅਪਰਾਧ ਨਹੀਂ ਕਰ ਸਕਦਾ!

ਤੁਸੀਂ ਜਲੂਸ ਵਾਂਗ ਹੋ, ਇਕੱਠੇ ਤੁਰਨ ਵਾਲੇ। ਤੁਸੀਂ ਪੰਧ ਵੀ ਹੋ, ਪਾਂਧੀ ਵੀ। ਜਦੋਂ

ਤੁਹਾਡੇ ਵਿੱਚੋਂ ਕੋਈ ਡਿੱਗ ਪੈਂਦਾ ਹੈ ਤਾਂ ਉਹ ਪਿਛਲਿਆਂ ਨੂੰ ਨਸੀਹਤ ਵੀ ਦੇ ਜਾਂਦਾ ਹੈ।

ਜਦੋਂ ਤੁਸੀਂ ਕਿਸੇ ਬੇਵਫ਼ਾ ਔਰਤ ਬਾਰੇ ਫ਼ੈਸਲਾ ਦੇਂਦੇ ਹੋ ਤਾਂ ਤੁਸੀਂ ਉਸਦੇ ਜੀਵਨ-ਸਾਥੀ ਦੀ ਆਤਮਾ ਨੂੰ ਵੀ ਫੀਤਾ ਲਾ ਕੇ ਮਾਪੋ। ਜੇ ਕਿਸੇ ਨੂੰ ਕੋਰੜਿਆਂ ਦੀ ਸਜ਼ਾ ਦਿੰਦੇ ਹਾਂ ਤਾਂ ਉਸਦੀ ਦੁਖੀ ਰੂਹ ਵੱਲ ਵੀ ਨਿਗ੍ਹਾ ਮਾਰ ਕੇ ਦੇਖੋ। ਜੇ ਕੋਈ ਸੱਚਾਈ ਦੇ ਨਾਂ ਉਤੇ ਬੁਰਿਆਈ ਦੇ ਬਿਰਛ ਨੂੰ ਵੱਢ ਮੁਕਾਉਣਾ ਚਾਹੁੰਦਾ ਹੈ ਤਾਂ ਉਹ ਉਸਦੀਆਂ ਜੜ੍ਹਾਂ ਵੱਲ ਜ਼ਰੂਰ ਗਹੁ ਨਾਲ ਦੇਖੇ, ਉਸਨੂੰ ਪਤਾ ਲੱਗੇਗਾ ਕਿ ਇਹ ਨੇਕੀ ਬਦੀ ਕਿਵੇਂ ਇਕ ਦੂਜੇ ਨਾਲ ਜੁੜੀਆਂ ਤੇ ਸੰਬੰਧਿਤ ਹਨ।

ਪਸ਼ਚਾਤਾਪ ਨਾਲ ਹੀ ਅਪਰਾਧ ਨੂੰ ਮਿਟਾਇਆ ਜਾ ਸਕਦਾ ਹੈ, ਪਰ ਪ੍ਰਾਸਚਿਤ ਦੀ ਭਾਵਨਾ ਬੇਕਸੂਰਾਂ ਵਿਚ ਨਾ ਮੱਲੋ-ਮੱਲੀ ਲਿਆਂਦੀ ਜਾ ਸਕਦੀ ਹੈ ਤੇ ਨਾ ਹੀ ਕਸੂਰਵਾਰਾਂ ਦੇ ਦਿਲਾਂ ਵਿੱਚੋਂ ਕੱਢੀ ਜਾ ਸਕਦੀ ਹੈ।

82. ਕਾਨੂੰਨ

ਤੁਹਾਨੂੰ ਕਾਨੂੰਨ ਬਣਾਉਣ ਵਿਚ ਬੜਾ ਸੁਆਦ ਆਉਂਦਾ ਹੈ ਤੇ ਇਸਦੇ ਤੋੜਨ ਵਿਚ ਇਸ ਤੋਂ ਵੀ ਵੱਧ ਮਜ਼ਾ ਆਉਂਦਾ ਹੈ। ਇਹ ਇਉਂ ਹੀ ਹੈ ਜਿਵੇਂ ਸਾਗਰ ਕੰਢੇ ਬੱਚੇ ਰੇਤ ਦੇ ਮਹੱਲ ਉਸਾਰਦੇ ਤੇ ਫਿਰ ਤਮਾਸ਼ਾ ਕਰ ਕਰ ਉਨ੍ਹਾਂ ਨੂੰ ਢਾਹ ਦਿੰਦੇ ਹਨ। ਜਦੋਂ ਤੁਸੀਂ ਰੇਤ ਦੇ ਮਹੱਲ ਉਸਾਰ ਰਹੇ ਹੁੰਦੇ ਹੋ, ਓਦੋਂ ਸਮੁੰਦਰ ਹੋਰ ਰੇਤਾ ਲਿਆ ਕੇ ਦਿੰਦਾ ਹੈ ਤੇ ਜਦ ਢਾਹ ਰਹੇ ਹੁੰਦੇ ਹੋ ਤਾਂ ਸਮੁੰਦਰ ਵੀ ਤੁਹਾਡੇ ਨਾਲ ਰਲ ਕੇ ਹਾਸਾ ਠੱਠਾ ਕਰਦਾ ਹੈ।

'ਹੱਥਾਂ ਨਾਲ ਬਣਾਇਆ ਸੀ, ਪੈਰਾਂ ਨਾਲ ਢਾਹਿਆ ਸੀ।'

ਯਕੀਨ ਜਾਣੋ, ਸਾਗਰ ਹਮੇਸ਼ਾ ਬੇਕਸੂਰਾਂ ਦੇ ਹਾਸੇ-ਤਮਾਸ਼ੇ ਵਿਚ ਸ਼ਾਮਲ ਹੁੰਦਾ ਹੈ।

ਅਜੇਹੇ ਲੋਕਾਂ ਨੂੰ ਕੀ ਆਖੀਏ ਜਿਨ੍ਹਾਂ ਲਈ ਜ਼ਿੰਦਗੀ ਸਮੁੰਦਰ ਨਹੀਂ ਤੇ ਮਨੁੱਖ ਦੇ ਘੜੇ ਹੋਏ ਕਾਨੂੰਨ, ਕੇਵਲ ਰੇਤ ਦੇ ਮਹੱਲ ਮਾਤਰ ਨਹੀਂ। ਬਲਕਿ ਜਿਨ੍ਹਾਂ ਲਈ ਜ਼ਿੰਦਗੀ ਇਕ ਚੱਟਾਨ ਸਮਾਨ ਹੈ, ਜਿਸਨੂੰ ਕਾਨੂੰਨ ਦੀ ਛੈਣੀ ਨਾਲ ਕੱਟ ਕੱਟ ਕੇ ਮਨਮਰਜ਼ੀ ਦੀ ਮੂਰਤੀ ਘੜ ਲਈ ਜਾਂਦੀ ਹੈ।

ਉਸ ਲੰਗੜੇ ਬਾਰੇ ਕੀ ਰਾਇ ਬਣਾਈਏ, ਜੋ ਨੱਚਣ ਵਾਲਿਆਂ ਨੂੰ ਨਫ਼ਰਤ ਦੀ ਨਜ਼ਰ ਨਾਲ ਤੱਕਦਾ ਹੈ।

ਉਸ ਬੈਲ ਬਾਰੇ ਕੀ ਕਹੀਏ ਜੋ ਗੱਡੇ ਦੇ ਜੂਲੇ ਨੂੰ ਤਾਂ ਪਸੰਦ ਕਰਦਾ ਹੈ, ਪਰ ਉਹ ਦੁੜੰਗੇ ਲਾਉਣ ਵਾਲੇ ਹਰਨਾਂ ਤੇ ਚੀਤਿਆਂ ਨੂੰ ਆਵਾਰਾ ਦੱਸਦਾ ਹੈ।

ਉਸ ਬੁੱਢੇ ਸੱਪ ਬਾਰੇ ਕੀ ਰਾਇ ਦੇਈਏ ਜੋ ਆਪਣੀ ਕੁੰਜ ਉਤਾਰ ਨਹੀਂ ਸਕਦਾ ਤੇ ਦੂਜਿਆਂ ਨੂੰ 'ਨਗਨ' ਤੇ 'ਨਿਰਲੱਜ' ਕਹਿੰਦਾ ਹੈ।

ਇਹ ਕਾਨੂੰਨਦਾਨ ਸੂਰਜ ਦੀ ਰੌਸ਼ਨੀ ਵਿਚ ਤਾਂ ਖੜੇ ਹਨ ਪਰ ਸੂਰਜ ਵੱਲ ਪਿੱਠ ਕਰ ਕੇ। ਇਹ ਕੇਵਲ ਆਪਣੇ ਪਰਛਾਵੇਂ ਦੇਖਦੇ ਹਨ ਤੇ ਇਹ ਪਰਛਾਵੇਂ ਹੀ ਇਨ੍ਹਾਂ ਦੇ ਕਾਨੂੰਨ ਹਨ।

ਤੁਸੀਂ ਕਾਨੂੰਨ ਨਾਲ ਢੋਲ ਦੀ ਆਵਾਜ਼ ਬੰਦ ਕਰ ਸਕਦੇ ਹੋ, ਰਬਾਬ ਦੀਆਂ ਤਾਰਾਂ ਢਿੱਲੀਆਂ ਕਰ ਸਕਦੇ ਹੋ ਲੇਕਿਨ ਬੁਲਬੁਲ ਨੂੰ ਗਾਉਣ ਤੋਂ ਕੌਣ ਰੋਕ ਸਕਦਾ ਹੈ।

83. ਆਜ਼ਾਦੀ

ਮੈ ਤੁਹਾਨੂੰ ਨਗਰ ਦੇ ਦਰਵਾਜ਼ੇ 'ਤੇ ਲੱਗੀ ਧੂਣੀ ਉਤੇ ਖੜ੍ਹ ਕੇ ਆਜ਼ਾਦੀ ਨੂੰ ਪਰਣਾਮ ਕਰਦਿਆਂ ਦੇਖਿਆ ਹੈ। ਜਿਵੇਂ ਗ਼ੁਲਾਮ ਆਪਣੇ ਜ਼ਾਲਮ ਮਾਲਕ ਦੀ ਉਸਤਤਿ ਕਰਦਾ ਹੈ ਭਾਵੇਂ ਉਹ ਉਸਨੂੰ ਕੁੱਟਦਾ ਮਾਰਦਾ ਵੀ ਹੈ, ਇਸੇ ਤਰ੍ਹਾਂ ਮੈਂ ਤੁਹਾਨੂੰ ਮੰਦਰ ਦੇ ਹਾਤੇ ਤੇ ਕਿਲ੍ਹੇ ਦੇ ਪਰਛਾਵਿਆਂ ਹੇਠ ਵੱਡੇ ਤੋਂ ਵੱਡੇ ਸੁਤੰਤਰ ਆਦਮੀ ਨੂੰ ਆਜ਼ਾਦੀ ਦਾ ਜੂਲਾ ਮੋਢੇ ਸਜਾਈ ਤੇ ਹੱਥਕੜੀ ਲਾਈ ਤੱਕਿਆ ਹੈ।

ਮੇਰਾ ਦਿਲ ਅੰਦਰੋ ਅੰਦਰੀ ਰੋ ਰਿਹਾ ਹੈ।

ਤੁਸੀਂ ਆਜ਼ਾਦ ਉਦੋਂ ਹੀ ਹੋ ਸਕਦੇ ਹੋ ਜਦੋਂ ਕਿ ਤੁਹਾਨੂੰ ਆਜ਼ਾਦ ਹੋਣ ਦੀ ਲਾਲਸਾ ਵੀ ਬੰਧਨ ਪ੍ਰਤੀਤ ਹੋਵੇਗੀ, ਜਦੋਂ ਕਿ ਤੁਸੀਂ ਆਜ਼ਾਦੀ ਨੂੰ ਆਪਣਾ ਇੱਕੋ ਇੱਕ ਨਿਸ਼ਾਨਾ ਕਹਿਣਾ ਛੱਡ ਦਿਉਗੇ। ਅਸਲ ਵਿਚ ਤਾਂ ਤੁਸੀਂ ਆਜ਼ਾਦ ਉਦੋਂ ਹੀ ਹੋਵੋਗੇ ਜਦ ਤੁਹਾਡੇ ਦਿਨ ਨਿਸਚਿੰਤ ਤੇ ਰਾਤਾਂ, ਖ਼ਾਹਸ਼ਾਂ ਤੇ ਗ਼ਮਾਂ ਤੋਂ ਰਹਿਤ ਹੋਣਗੀਆਂ ਤੇ ਤੁਸੀਂ ਇਨ੍ਹਾਂ ਤੋਂ ਉਪਰ ਉਠ ਜਾਓਗੇ, ਬਿਲਕੁਲ ਆਜ਼ਾਦ। ਤੁਸੀਂ ਆਪਣੇ ਸਮੇਂ ਤੋਂ ਉਪਰ ਕਿਵੇਂ ਜਾ ਸਕਦੇ ਹੋ, ਜਦ ਤਕ ਕਿ ਤੁਸੀਂ ਉਨ੍ਹਾਂ ਜ਼ੰਜੀਰਾਂ ਨੂੰ ਨਹੀਂ ਤੋੜਦੇ ਜਿਨ੍ਹਾਂ ਨੂੰ ਤੁਸਾਂ ਆਪਣੇ ਇਲਮ ਦੇ ਚੜ੍ਹਦੇ ਸੂਰਜ ਦੀ ਰੋਸ਼ਨੀ ਵਿਚ ਚਾਰੇ ਪਾਸੀਂ ਕੱਸ ਰੱਖਿਆ ਹੈ। ਦਰਅਸਲ ਜਿਸਨੂੰ ਤੁਸੀਂ ਆਜ਼ਾਦੀ ਕਹਿੰਦੇ ਹੋ, ਇਹ ਵੀ ਬੇੜੀ ਦੀ ਇਕ ਮਜ਼ਬੂਤ ਜ਼ੰਜੀਰ ਹੈ, ਭਾਵੇਂ ਇਸਦੀਆਂ ਕੜੀਆਂ ਧੁੱਪ ਵਿਚ ਚਮਕਦੀਆਂ ਤੇ ਅੱਖਾਂ ਨੂੰ ਚੁੰਧਿਆ ਦੇਣ ਵਾਲੀਆਂ ਹਨ।

.....ਜੇ ਤੁਸੀਂ ਕਿਸੇ ਜ਼ਾਲਮ ਬਾਦਸ਼ਾਹ ਨੂੰ ਗੱਦੀਓਂ ਲਾਹੁਣਾ ਚਾਹੁੰਦੇ ਹੋ ਤਾਂ ਪਹਿਲਾਂ ਇਹ ਨਿਸਚਾ ਕਰ ਲਓ ਕਿ ਉਹ ਤੁਹਾਡੇ ਦਿਲ ਦੇ ਤਖ਼ਤ ਉਤੇ ਤਾਂ ਬਿਰਾਜਮਾਨ ਨਹੀਂ ? ਪਹਿਲਾਂ ਇਸ ਤਖ਼ਤ ਨੂੰ ਮੂਧਾ ਮਾਰਨ ਦੀ ਲੋੜ ਹੈ।

84. ਮਤਿ ਤੇ ਮਨ

ਕਈ ਵਾਰ ਤੁਹਾਡਾ ਹਿਰਦਾ ਇਕ ਤਰ੍ਹਾਂ ਦੀ ਰਣ-ਭੂਮੀ ਬਣ ਜਾਂਦਾ ਹੈ, ਜਦੋਂ ਕਿ ਤੁਹਾਡੀ ਮਤਿ ਦਾ ਤਰਕ ਤੇ ਤੁਹਾਡੇ ਮਨ ਦਾ ਤਰੰਗ ਆਪਸ ਵਿਚ ਟਕਰਾ ਜਾਂਦੇ ਹਨ। ਕਾਸ਼ ! ਕਿ ਮੈਂ ਇਨ੍ਹਾਂ ਦੋਹਾਂ ਦੇ ਦਰਮਿਆਨ ਰਾਜ਼ੀਨਾਮਾ ਕਰਾ ਸਕਦਾ ਤੇ ਤੁਹਾਡੀ ਅੰਦਰਲੀ ਖਹਿਬਾਜ਼ੀ ਨੂੰ ਏਕਤਾ ਦੇ ਸੁਰ-ਤਾਲ ਵਿਚ ਬੰਨ੍ਹ ਸਕਦਾ। ਲੇਕਿਨ ਮੈਂ ਇਹ ਕਿਵੇਂ ਕਰ ਸਕਦਾ ਹਾਂ ਜਦੋਂ ਕਿ ਤੁਸੀਂ ਖ਼ੁਦ ਹੀ ਸੁਲਹ ਦੇ ਰੌਂਅ ਵਿਚ ਨਹੀਂ ਤੇ ਜੀਵਨ ਦੇ ਸਾਰੇ ਤੱਤਾਂ ਦੇ ਪਿਆਰੇ ਨਹੀਂ ਬਣਦੇ। ਤੁਹਾਡੀ ਮਤਿ ਤੇ ਤੁਹਾਡਾ ਮਨ, ਤੁਹਾਡੀ ਸਾਗਰ-ਯਾਤਰਾ ਤੇ ਨਿਕਲੀ ਆਤਮਾ ਦੇ ਮਾਨੋ ਦੋ ਪਤਵਾਰ ਹਨ; ਜੇਕਰ ਇਨ੍ਹਾਂ ਦੋਹਾਂ ਵਿੱਚੋਂ ਇਕ ਵੀ ਟੁੱਟ ਜਾਵੇ ਤਾਂ ਤੁਸੀਂ ਸਮੁੰਦਰੀ ਲਹਿਰਾਂ ਵਿਚ ਵਹਿ ਜਾਓਗੇ ਜਾਂ ਫਿਰ ਕਿਸੇ ਮੰਝਧਾਰ ਵਿਚ ਫਸ ਕੇ ਰਹਿ ਜਾਓਗੇ।

ਜੇਕਰ ਮਤਿ ਦੀ ਤਰਕ ਦਾ ਜ਼ੋਰ ਚੱਲੇ ਤਾਂ ਇਹ ਇਕ ਮਰਯਾਦਾ ਨਿਸਚਤ ਕਰਨ ਵਾਲੀ ਸ਼ਕਤੀ ਹੈ। ਤੇ ਜੇ ਬੇਲਗਾਮ ਮਨ ਦਾ ਤਰੰਗ ਉਠ ਪਵੇ ਤਾਂ ਇਹ ਐਸੀ ਮਸ਼ਾਲ ਹੈ ਜੋ ਸੜ ਸੜ ਕੇ ਆਪਣੇ ਆਪ ਨੂੰ ਭਸਮ ਕਰ ਲਵੇਗੀ। ਚਾਹੀਦਾ ਇਹ ਹੈ ਕਿ ਤੁਹਾਡੀ ਆਤਮਾ ਤੁਹਾਡੀ ਮਤਿ ਨੂੰ ਮਨ ਦੀ ਉਚਾਈ ਤਕ ਉਤਾਂਹ ਲਿਜਾਵੇ ਤਾਂਕਿ ਉਹ ਗਾਇਨ

ਕਰ ਸਕੇ। ਫਿਰ ਇਸ ਮਨ ਦੇ ਜਜ਼ਬੇ ਨੂੰ ਮਤਿ ਕਾਬੂ ਵਿਚ ਕਰੇ ਤਾਂ ਇਹ ਇਸ ਵਿਨਾਸ਼ ਵਿੱਚੋਂ ਵੀ ਨਵਾਂ ਵਿਕਾਸ ਪਾ ਸਕਦੀ ਹੈ ਤੇ ਕੁਕਨੂਸ ਪੰਛੀ ਵਾਂਗ ਭਸਮ ਹੋ ਕੇ ਵੀ ਮੁੜ ਜਿਊਂਦੀ ਹੋ ਸਕਦੀ ਹੈ।

ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੀ ਮਤਿ-ਬਿਬੇਕ ਤੇ ਮਨ-ਜਜ਼ਬੇ ਦਾ ਸਤਿਕਾਰ ਬਰਾਬਰ ਕਰੋ, ਜਿਵੇਂ ਕਿ ਘਰ ਆਏ ਦੋ ਪ੍ਰਾਹੁਣਿਆਂ ਦਾ ਕਰੀਦਾ ਹੈ। ਇਕ ਪ੍ਰਾਹੁਣੇ ਦਾ ਵੱਧ ਸਤਿਕਾਰ ਕਰਨਾ ਬਣਦਾ ਨਹੀਂ, ਜੇਕਰ ਤੁਸੀਂ ਅਜੇਹਾ ਕਰੋਗੇ ਤਾਂ ਦੋਹਾਂ ਦੇ ਪਿਆਰ ਤੇ ਇਤਬਾਰ ਤੋਂ ਹੱਥ ਧੋ ਬੈਠੋਗੇ।

ਜਦ ਤੁਸੀਂ ਉੱਚੇ ਪਹਾੜ ਤੇ ਬਿਰਛਾਂ ਦੀ ਛਾਂ ਹੇਠ ਬੈਠੇ ਅਤੇ ਖੁਲ੍ਹੇ ਮੈਰਿਆਂ ਵਿਚ ਵਿਚਰਦੇ ਟਿਕਾਉ ਅਨੁਭਵ ਕਰਦੇ ਹੋ ਤਾਂ ਤੁਸੀਂ ਕਹੋਗੇ ਕਿ ਰੱਬ ਤਾਂ ਬਿਬੇਕ ਮੰਡਲ ਵਿਚ ਰਹਿੰਦਾ ਹੈ, ਪਰ ਜਦ ਝੱਖੜ ਝੁੱਲੇ, ਬੱਦਲ ਗਰਜੇ, ਬਿਜਲੀ ਕੜਕੇ ਤਾਂ ਇਉਂ ਕਹੀਦਾ ਹੈ ਕਿ ਰੱਬ ਤਾਂ ਆਪਣੀ ਮੌਜ ਵਿਚ ਹੈ ? ਕਿਉਂਕਿ ਤੁਸੀਂ ਉਸ ਗਗਨ ਮੰਡਲ ਦਾ ਇਕ ਸੁਆਸ ਮਾਤਰ ਹੋ ਤੇ ਉਸ ਮਹਾਂ ਬਣ ਦਾ ਇਕ ਪੱਤਾ। ਸੋ ਤੁਹਾਨੂੰ ਵੀ ਮਤਿ ਤੇ ਮਨ ਨੂੰ ਇਕਸਾਰ ਰੱਖਣਾ ਹੀ ਸ਼ੋਭਦਾ ਹੈ।

85. ਪੀੜਾ

ਤੁਹਾਡੀ ਪੀੜਾ ਜਾਂ ਦੁੱਖ ਉਸ ਛਿੱਲੜ ਦਾ ਤੋੜਿਆ ਜਾਣਾ ਹੈ ਜਿਸਨੇ ਤੁਹਾਡੇ ਇਲਮ ਨੂੰ ਅੰਦਰ ਲੁਕੋ ਰਖਿਆ ਹੈ। ਜਿਵੇਂ ਕਿ ਫਲ ਦੇ ਸਖ਼ਤ ਛਿੱਲੜ ਦਾ ਉਤਾਰਿਆ ਜਾਣਾ ਜ਼ਰੂਰੀ ਹੈ ਤਾਂਕਿ ਉਹ ਸੂਰਜ ਦੀ ਰੌਸ਼ਨੀ ਤੱਕ ਸਕੇ, ਇਸ ਤਰ੍ਹਾਂ ਤੁਹਾਨੂੰ ਵੀ ਦੁੱਖ ਨਾਲ ਭਿਆਲੀ ਪਾਉਣੀ ਹੀ ਪਵੇਗੀ।

ਜੇ ਤੁਸੀਂ ਜ਼ਿੰਦਗੀ ਦੇ ਰੋਜ਼ਾਨਾ ਚਮਤਕਾਰਾਂ ਨੂੰ ਵੇਖ ਕੇ ਦਿਲ ਨੂੰ ਅਚਰਜਤਾ ਦੇ ਰੰਗ ਵਿਚ ਰੰਗ ਸਕੋ ਤਾਂ ਤੁਹਾਡਾ ਦੁੱਖ ਤੁਹਾਡੇ ਸੁੱਖ ਨਾਲੋਂ ਘੱਟ ਅਚਰਜ ਨਹੀਂ ਲਗੇਗਾ। ਤੁਸੀਂ ਆਪਣੇ ਦਿਲ ਦੇ ਬਦਲਦੇ ਹਾਲਾਤ ਨੂੰ ਉਸੇ ਤਰ੍ਹਾਂ ਪਰਵਾਨ ਕਰਦੇ ਜਾਓਗੇ ਜਿਸ ਤਰ੍ਹਾਂ ਕਿ ਬਦਲਦੀਆਂ ਰੁੱਤਾਂ ਦੇ ਆਦੀ ਹੋ ਜਾਈਦਾ ਹੈ, ਜੋ ਕਿ ਸਾਡੇ ਖੇਤਾਂ ਵਿੱਚੀਂ ਲੰਘਦੀਆਂ ਹਨ। ਇਸ ਤਰ੍ਹਾਂ ਅਸੀਂ ਗ਼ਮੀ ਜਾਂ ਪੀੜਾ ਦੀ ਪੱਤਝੜ ਨੂੰ ਵੀ ਸਹਿਜੇ ਜਰ ਸਕਾਂਗੇ।

ਦੁੱਖ ਕੌੜਾ ਦਾਰੂ ਹੈ ਜੋ ਸਾਡੇ ਅੰਦਰਲੇ ਰੋਗ ਨੂੰ ਨਸ਼ਟ ਕਰ ਕੇ ਸਿਹਤ ਪ੍ਰਦਾਨ ਕਰਦਾ ਹੈ। ਇਸ ਲਈ ਆਪਣੇ ਹਕੀਮ ਉਤੇ ਭਰੋਸਾ ਰੱਖੋ ਤੇ ਉਸਦੀ ਦਿੱਤੀ ਕੌੜੀ ਦਵਾਈ ਵੀ ਚੁੱਪ-ਚਾਪ ਪੀਂਦੇ ਜਾਓ। ਯਾਦ ਰਖੋ, ਉਸਦੇ ਕਠੋਰ ਹੱਥਾਂ ਪਿੱਛੇ ਵੀ ਕੋਮਲਤਾ ਤੇ ਕ੍ਰਿਪਾਲਤਾ ਲੁਕੀ ਹੋਈ ਹੈ।

86. ਆਤਮ-ਗਿਆਨ

ਤੁਹਾਡਾ ਦਿਲ ਤਾਂ ਖ਼ਾਮੋਸ਼ੀ ਦੀ ਦਸ਼ਾ ਵਿਚ, ਅੰਦਰੋ-ਅੰਦਰੀ ਦਿਨ ਤੇ ਰਾਤ ਦੇ ਰਹੱਸਾਂ ਨੂੰ ਜਾਣਦਾ ਹੈ, ਪਰ ਤੁਹਾਡੇ ਕੰਨ ਤੁਹਾਡੇ ਹਿਰਦੇ ਦੇ ਗਿਆਨ ਦੇ ਸ਼ਬਦਾਂ ਦੀ ਉਡੀਕ ਵਿਚ

ਰਹਿੰਦੇ ਹਨ। ਜੋ ਕੁਝ ਤੁਸੀਂ ਵਿਚਾਰ ਮੰਡਲ ਵਿਚ ਜਾਣਦੇ ਹੋ, ਉਸ ਸ਼ਬਦ ਮੰਡਲ ਵਿਚ ਮੁੜ ਜਾਣਨਾ ਚਾਹੁੰਦੇ ਹੋ।

ਤੁਸੀਂ ਚਾਹੁੰਦੇ ਹੋ ਕਿ ਆਪਣੇ ਆਪੇ ਦਾ ਨੰਗਾ ਤਸੱਵਰ ਉਜਾਗਰ ਹੋਵੇ ਤੇ ਉਸਨੂੰ ਉਂਗਲਾਂ ਨਾਲ ਛੋਹ ਸਕੀਏ। ਅਜੇਹਾ ਤਾਂਘਣਾ ਠੀਕ ਹੀ ਹੈ। ਤੁਹਾਡੀ ਆਤਮਾ ਦੇ ਚਸ਼ਮੇ ਨੂੰ ਅੰਦਰੋਂ ਫੁਟ ਕੇ ਤੇ ਸ਼ੋਰ ਮਚਾ ਕੇ ਸਾਗਰ ਵੱਲ ਨੂੰ ਵਹਿਣਾ ਚਾਹੀਦਾ ਹੈ ਤਾਂ ਹੀ ਡੂੰਘਾਣਾਂ ਦਾ ਖ਼ਜ਼ਾਨਾ ਤੁਹਾਡੀਆਂ ਅੱਖੀਆਂ ਸਾਹਵੇਂ ਆ ਸਕੇਗਾ।

ਪਰ ਇਹ ਗੱਲ ਜ਼ਰੂਰ ਹੈ ਕਿ ਇਸ ਗੁਪਤ ਖ਼ਜ਼ਾਨੇ ਨੂੰ ਤੋਲਣ ਲਈ ਤੱਕੜੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਕਿਸੇ ਲੰਬੇ ਬਾਂਸ ਨਾਲ ਇਸ ਦਰਿਆ ਦੀ ਡੂੰਘਿਆਈ ਮਾਪਣ ਦੀ ਕੋਸ਼ਿਸ਼ ਕਰਨ ਦੀ ਜ਼ਰੂਰਤ ਹੈ ਕਿਉਂਕਿ ਇਹ ਅਥਾਹ ਸਾਗਰ ਹੈ।

ਸੋ ਤੁਸੀਂ ਇਹ ਦਾਅਵਾ ਨਹੀਂ ਕਰਨਾ ਕਿ ਮੈਂ ਸੱਚ ਨੂੰ ਪਾ ਲਿਆ ਹੈ, ਸਗੋਂ ਇਉਂ ਕਹਿਣਾ ਹੈ ਕਿ ਮੈਂ ਸੱਚਾਈ ਦੀ ਇਕ ਹਕੀਕਤ ਜਾਣ ਲਈ ਹੈ। ਇਹ ਵੀ ਕਦੀ ਨਹੀਂ ਕਹਿਣਾ ਕਿ ਮੈਂ ਆਤਮ-ਗਿਆਨ ਦਾ ਮਾਰਗ ਲੱਭ ਲਿਐ, ਸਗੋਂ ਇਹ ਕਹੋ ਕਿ ਚਲਦਿਆਂ ਚਲਦਿਆਂ ਮੇਰਾ ਆਤਮਾ ਨਾਲ ਮੇਲ ਹੋ ਗਿਆ, ਕਿਉਂਕਿ ਉਸ ਆਤਮਾ ਦੇ ਮਾਰਗ ਬੇਅੰਤ ਹਨ।

87. ਸਿਖਿਆ

ਤੁਹਾਡੇ ਗਿਆਨ ਦੀ ਚੜ੍ਹਦੀ ਪ੍ਰਭਾਤ ਸਮੇਂ, ਜੋ ਕੁਝ ਤੁਹਾਡੇ ਅੰਦਰ ਪਹਿਲਾਂ ਅਰਧ-ਜਾਗ੍ਰਤ ਅਚੇਤ ਅਵਸਥਾ ਵਿਚ ਮੌਜੂਦ ਹੈ, ਉਸਤੋਂ ਵਧੇਰੇ ਤੁਹਾਨੂੰ ਕੋਈ ਗਿਆਨ ਪ੍ਰਦਾਨ ਨਹੀਂ ਕਰ ਸਕਦਾ। ਜਿਹੜਾ ਉਸਤਾਦ ਵਿੱਦਿਆ-ਮੰਦਰ ਦੇ ਪਰਛਾਵਿਆਂ ਵਿਚ ਆਪਣੇ ਚੇਲੇ ਬਾਲਿਆਂ ਨਾਲ ਤੁਰਦਾ ਫਿਰਦਾ ਹੈ, ਉਹ ਆਪਣੇ ਵਿਸ਼ਵਾਸ ਤੇ ਪ੍ਰੇਮ ਪਿਆਰ ਦਾ ਪ੍ਰਦਰਸ਼ਨ ਤਾਂ ਕਰਦਾ ਹੈ ਲੇਕਿਨ ਨਵੇਂ ਇਲਮ ਦਾ ਨਹੀਂ। ਜੇ ਉਹ ਸੱਚੀਂ ਮੁਚੀਂ ਬੁਧੀਵਾਨ ਹੈ ਤਾਂ ਉਹ ਤੁਹਾਨੂੰ ਆਪਣੇ ਗਿਆਨ-ਮੰਦਰ ਵਿਚ ਪਧਾਰਨ ਦੀ ਤਾਕੀਦ ਨਹੀਂ ਕਰਦਾ ਸਗੋਂ ਤੁਹਾਨੂੰ ਤੁਹਾਡੇ ਆਪਣੇ ਬਿਬੇਕ ਮੰਡਲ ਦੇ ਦਰ 'ਤੇ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ।

ਤਾਰਾ-ਵਿਗਿਆਨੀ ਤੁਹਾਨੂੰ ਆਪਣੇ ਖਗੋਲ ਸ਼ਾਸਤਰ ਬਾਰੇ ਗੱਲਾਂ ਦੱਸ ਸਕਦਾ ਹੈ, ਪਰ ਉਹ ਆਪਣਾ ਬਿਬੇਕ ਤੁਹਾਨੂੰ ਨਹੀਂ ਦੇ ਸਕਦਾ। ਗਵਈਆ ਸਰਬਵਿਆਪੀ ਸੰਗੀਤਕ ਗੂੰਜ ਵਿੱਚੋਂ ਕੁਝ ਸੁਣਾ ਸਕਦਾ ਹੈ, ਲੇਕਿਨ ਉਹ ਤੁਹਾਨੂੰ ਸ੍ਰਵਣ-ਇੰਦ੍ਰੇ ਨਹੀਂ ਦੇ ਸਕਦਾ ਜੋ ਉਸ ਲੈਅ ਤਾਲ ਨੂੰ ਪਕੜ ਸਕਣ ਤੇ ਨਾ ਹੀ ਉਸ ਗੂੰਜਦੇ ਸੁਰ ਨੂੰ।

ਕਿਸੇ ਆਦਮੀ ਦੀ ਅੰਤਰ-ਦ੍ਰਿਸ਼ਟੀ ਦੂਜਿਆਂ ਦੀ ਦ੍ਰਿਸ਼ਟੀ ਨੂੰ ਆਪਣੇ ਖੰਭ ਨਹੀਂ ਦੇ ਸਕਦੀ। ਇਸੇ ਕਰਕੇ ਜਿਵੇਂ ਇਕ ਵਿਅਕਤੀ ਸਭ ਤੋਂ ਨਿਆਰਾ ਹੈ, ਉਸਨੂੰ ਆਪਣੇ ਵਿਦਿਅਕ ਖੇਤਰ ਵਿਚ ਵੀ ਨਿਆਰਾ ਹੀ ਵਿਚਰਨਾ ਚਾਹੀਦਾ ਹੈ।

88. ਮਿੱਤਰਤਾ

ਤੁਹਾਡਾ ਮਿੱਤਰ ਤੁਹਾਡੇ ਖ਼ਲਾਅ (ਸੱਖਣੇਪਨ) ਦੀ ਪੂਰਤੀ ਹੀ ਹੈ, ਉਹ ਤੁਹਾਡੀ ਘਰ ਦੀ ਖੇਤੀ ਹੈ, ਜਿਸ ਵਿਚ ਪ੍ਰੇਮ ਦਾ ਬੀ ਬੀਜਦੇ ਹੋ ਤੇ ਸ਼ੁਕਰਾਨੇ ਦੀ ਫ਼ਸਲ ਹਾਸਲ ਕਰਦੇ

ਹੋ। ਉਹੋ ਤੁਹਾਡਾ ਦਸਤਰਖ਼ਾਨ ਤੇ ਉਹੋ ਤੁਹਾਡਾ ਭੋਜਨ-ਭੰਡਾਰ, ਕਿਉਂਕਿ ਤੁਸੀਂ ਆਪਣੀ ਭੁੱਖ ਲੈ ਕੇ ਉਸ ਪਾਸ ਜਾਂਦੇ ਹੋ ਤੇ ਉਸ ਪਾਸੋਂ ਸੰਤੁਸ਼ਟਤਾ ਦੀ ਆਸ ਕਰਦੇ ਹੋ। ਜਦੋਂ ਤੁਹਾਡਾ ਦੋਸਤ ਤੁਹਾਡੇ ਸਾਮ੍ਹਣੇ ਆਪਣਾ ਦਿਲ ਖੋਲ੍ਹ ਕੇ ਰਖੇ, ਉਸ ਸਮੇਂ ਤੁਸੀਂ ਇਨਕਾਰ ਕਰਨ ਤੋਂ ਤਾਂ ਡਰੋ ਪਰ ਕਿਸੇ ਤਰ੍ਹਾਂ ਅੰਗੀਕਾਰ ਕਰਨ ਤੋਂ ਸੰਕੋਚ ਨਾ ਕਰੋ। ਜਦੋਂ ਦੋਸਤ ਮੋਨ ਧਾਰ ਲਵੇ ਤਾਂ ਵੀ ਤੁਹਾਡਾ ਦਿਲ ਉਸ ਦੇ ਦਿਲ ਦੀ ਆਵਾਜ਼ ਸੁਣਨਾ ਬੰਦ ਨਹੀਂ ਕਰਦਾ, ਕਿਉਂਕਿ ਯਾਰੀ ਦੋਸਤੀ ਵਿਚ ਲਫ਼ਜ਼ਾਂ ਦੀ ਸਹਾਇਤਾ ਤੋਂ ਬਿਨਾਂ ਵੀ ਸਾਰੀਆਂ ਵਿਚਾਰਾਂ, ਭਾਵਨਾਵਾਂ, ਉਮੰਗਾਂ ਅਕਹਿ ਅਨੰਦ ਨਾਲ ਪ੍ਰਗਟਾਈਆਂ ਤੇ ਸੁਣੀਆਂ-ਸੁਣਾਈਆਂ ਜਾਂਦੀਆਂ ਹਨ।

ਤੁਸੀਂ ਆਪਣੇ ਮਿੱਤਰ ਤੋਂ ਜੁਦਾ ਹੋਣ ਸਮੇਂ ਔਖ ਮਹਿਸੂਸ ਨਾ ਕਰੋ, ਕਿਉਂਕਿ ਤੁਸੀਂ ਉਸ ਵਿਚ ਜੋ ਸਭ ਤੋਂ ਵੱਧ ਚੀਜ਼ ਪਿਆਰਦੇ ਹੋ, ਉਹ ਉਸਦੀ ਗ਼ੈਰਹਾਜ਼ਰੀ ਵਿਚ ਵਧੇਰੇ ਸਪੱਸ਼ਟਤਾ ਨਾਲ ਨਜ਼ਰ ਆ ਸਕੇਗੀ, ਜਿਵੇਂ ਕਿ ਪਹਾੜ 'ਤੇ ਚੜ੍ਹਨ ਵਾਲੇ ਮੁਸਾਫ਼ਰ ਨੂੰ ਹੇਠਾਂ ਮੈਦਾਨ ਤੋਂ ਪਹਾੜ ਦੀ ਉਚਾਈ ਦਾ ਦ੍ਰਿਸ਼ ਵਧੇਰੇ ਸਾਫ਼ ਸਾਫ਼ ਦਿਖਾਈ ਦਿੰਦਾ ਹੈ। ਦੋਸਤੀ ਵਿਚ ਅਪਣੱਤ ਨੂੰ ਗੂੜ੍ਹਾ ਕਰਨ ਤੋਂ ਸਿਵਾ ਹੋਰ ਕੋਈ ਮਨੋਰਥ ਨਹੀਂ ਹੋਣਾ ਚਾਹੀਦਾ। ਜੋ ਕੋਈ ਪ੍ਰੇਮ ਦਾ ਰਹੱਸ ਮਾਣਨ ਦੀ ਥਾਂ ਕੁਝ ਹੋਰ ਲੱਭਦਾ ਹੈ, ਉਹ ਇਕ ਵਾਧੂ ਜਾਲ ਤਣਦਾ ਹੈ।

ਜੋ ਕੁਝ ਤੁਹਾਡੇ ਪਾਸ ਵਧੀਆ ਹੈ, ਉਹੋ ਦੋਸਤ ਨੂੰ ਦਿਉ; ਜੇ ਉਹ ਬੂੰਦ ਚਾਹੇ ਤਾਂ ਉਸਨੂੰ ਠਾਠਾਂ ਮਾਰਦਾ ਦਰਿਆ ਵੀ ਵਿਖਾਓ। ਉਹ ਮਿੱਤਰ ਦੋਸਤ ਕਾਹਦਾ ਜਿਸਦੀ ਤਲਾਸ਼ ਤੁਸੀਂ ਇਸ ਲਈ ਕਰਦੇ ਹੋ ਕਿ ਗੱਪਾਂ ਮਾਰ ਕੇ ਵਾਧੂ ਵਕਤ ਲੰਘਾ ਸਕੀਏ। ਸਗੋਂ ਦੋਸਤ ਦੀ ਤਲਾਸ਼ ਉਦੋ ਕਰੋ ਜਦੋਂ ਜੀਵਨ-ਸਾਧਨਾ ਲਈ ਤੁਸੀਂ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੋਵੋ।

89. ਗੱਲ-ਬਾਤ

ਤੁਸੀਂ ਉਸ ਸਮੇਂ ਪਰਸਪਰ ਗੱਲ-ਬਾਤ ਕਰਦੇ ਹੋ ਜਦੋਂ ਕਿ ਤੁਹਾਡੇ ਖ਼ਿਆਲਾਂ ਵਿਚ ਟਿਕਾਓ ਨਹੀਂ ਰਹਿ ਜਾਂਦਾ। ਜਦੋਂ ਤੁਸੀਂ ਆਪਣੇ ਦਿਲ ਦੀ ਏਕਾਂਤ ਵਿਚ ਨਿਚੱਲੇ ਹੋ ਕੇ ਨਹੀਂ ਬੈਠ ਸਕਦੇ ਤਾਂ ਤੁਸੀਂ ਉਸ ਵੇਲੇ ਬੁੱਲ੍ਹਾਂ 'ਤੇ ਆ ਬਿਰਾਜਮਾਨ ਹੁੰਦੇ ਹੋ, ਜਿਥੇ ਕਿ ਜੀਭਾ ਤੇ ਆਵਾਜ਼ ਨਾਲ ਖੇਡਦੇ ਮੱਲਦੇ ਹੋ। ਇਨ੍ਹਾਂ ਵਿੱਚੋਂ ਤੁਹਾਡੇ ਬਹੁਤੇ ਸੰਵਾਦਾਂ ਵਿਚ ਗਿਆਨ ਦਾ ਕਚੂਮਰ ਨਿਕਲ ਜਾਂਦਾ ਹੈ, ਕਿਉਂਕਿ ਗਿਆਨ ਅਸਮਾਨੀ ਪੰਛੀ ਹੈ ਜੋ ਲਫ਼ਜ਼ਾਂ ਦੇ ਪਿੰਜਰੇ ਵਿਚ ਖੰਭ ਤਾਂ ਫੜਫੜਾ ਸਕਦਾ ਹੈ ਪਰ ਉਡਾਰੀ ਨਹੀਂ ਮਾਰ ਸਕਦਾ। ਤੁਹਾਡੇ ਵਿੱਚੋਂ ਕਈ ਅਜੇਹੇ ਹਨ ਜੋ ਕੇਵਲ ਇਕੱਲ ਤੋਂ ਡਰ ਕੇ ਕਿਸੇ ਗੱਪੀ ਦੀ ਭਾਲ ਕਰਦੇ ਰਹਿੰਦੇ ਹਨ।

ਕਾਰਣ ਇਹ ਹੈ ਕਿ ਇਹ ਇਕੱਲ ਕਈ ਵਾਰ ਮਨੁੱਖ ਦਾ ਨੰਗਾ ਰੂਪ ਪਰਗਟ ਕਰ ਦਿੰਦੀ ਹੈ ਤੇ ਉਹ ਉਸ ਤੋਂ ਦੌੜਨਾ ਚਾਹੁੰਦਾ ਹੈ।

ਕੁਝ ਲੋਕ ਗੱਲ-ਬਾਤ ਕਰਦੇ ਸਹਿਜ-ਸੁਭਾ ਹੀ ਪਿਛਲੇ ਵਿਚਾਰ ਦੀ ਸੱਚਾਈ ਜ਼ਾਹਰ ਕਰ ਦਿੰਦੇ ਹਨ ਜਿਸਦੀ ਕਿ ਉਂਜ ਉਨ੍ਹਾਂ ਨੂੰ ਪਹਿਲਾਂ ਸੋਝੀ ਨਹੀਂ ਹੁੰਦੀ। ਕੁਝ ਐਸੇ ਵੀ ਹਨ ਜਿਨ੍ਹਾਂ ਦੇ ਅੰਦਰ ਸੱਚਾਈ ਹੈ ਪਰ ਉਹ ਉਨ੍ਹਾਂ ਨੂੰ ਲਫ਼ਜ਼ਾਂ ਵਿਚ ਨਹੀਂ ਲਿਆਉਂਦੇ। ਅਜੇਹੇ ਭਲੇ ਪੁਰਸ਼ਾਂ ਦੇ ਦਿਲਾਂ ਵਿਚ ਰੂਹਾਨੀ ਇਕਸੁਰਤਾ ਦਾ ਵਾਸਾ ਹੁੰਦਾ ਹੈ।

90. ਸਮਾਂ

ਸਮਾਂ, ਗਿਣਤੀਆਂ-ਮਿਣਤੀਆਂ ਤੋਂ ਪਰ੍ਹੇ ਦੀ ਚੀਜ਼ ਹੈ। ਤੁਸੀਂ ਇਸਨੂੰ ਮਾਪਣਾ ਚਾਹੁੰਦੇ ਹੋ ਤਾਂਕਿ ਤੁਸੀਂ ਸਮੇਂ ਤੇ ਮੌਸਮ ਅਨੁਸਾਰ ਆਪਣੇ ਕੰਮ-ਕਾਰ ਅਤੇ ਆਪਣੇ ਆਪ ਨੂੰ ਵਿਉਂਤਬਧ ਕਰ ਸਕੋ। ਤੁਸੀਂ ਸਮਝਦੇ ਹੋ ਕਿ ਸਮਾਂ ਇਕ ਵਹਿੰਦਾ ਦਰਿਆ ਹੈ ਜਿਸਦੇ ਕੰਢੇ ਬੈਠ ਕੇ ਵਗਦੇ ਪਾਣੀ ਦਾ ਨਜ਼ਾਰਾ ਲਿਆ ਜਾ ਸਕਦਾ ਹੈ। ਲੇਕਿਨ ਤੁਹਾਡੇ ਅੰਦਰ ਇਕ ਕਾਲਮੁਕਤ ਚੀਜ਼ ਹੈ ਜਿਸ ਉਤੇ ਸਮੇਂ ਦੀਆਂ ਪਾਬੰਦੀਆਂ ਲਾਗੂ ਨਹੀਂ। ਉਸਨੂੰ ਖ਼ਬਰ ਹੈ ਕਿ ਜੀਵਨ ਵਿਚ ਸਮੇਂ ਤੇ ਘੜੀ-ਪਲ ਦਾ ਕੋਈ ਹਿਸਾਬ ਕਿਤਾਬ ਨਹੀਂ। ਉਸਨੂੰ ਪਤਾ ਹੈ ਕਿ ਬੀਤਿਆ ਕੱਲ੍ਹ 'ਅੱਜ' ਦੇ ਅੰਦਰ ਸਿਰਫ਼ ਭੂਤ ਦਾ ਚਿੰਨ੍ਹ ਹੈ ਤੇ ਆਉਣ ਵਾਲਾ ਕੱਲ੍ਹ, 'ਅੱਜ' ਦਾ ਇਕ ਸੁਪਨਾ ਮਾਤਰ ਹੈ।

ਕੀ ਪ੍ਰੇਮ ਦੀ ਤਰ੍ਹਾਂ ਸਮਾਂ ਵੀ ਅਖੰਡ, ਅਵੰਡ ਤੇ ਅਚੱਲ ਨਹੀਂ ? ਲੇਕਿਨ ਜੇ ਤੁਸੀਂ ਮਜਬੂਰੀ ਕਾਰਣ ਸਮੇਂ ਨੂੰ ਰੁੱਤਾਂ, ਥਿਤਾਂ ਵਿਚ ਵੰਡਣਾ ਚਾਹੋ ਤਾਂ ਹਰ ਮੌਸਮ ਨੂੰ ਦੂਜਿਆਂ ਮੌਸਮਾਂ ਦੇ ਘੇਰੇ ਵਿਚ ਆ ਜਾਣ ਦਿਉ। ਆਪਣੇ ਅੱਜ ਨੂੰ ਬੀਤੇ ਦੀ ਯਾਦ ਨਾਲ ਤੇ ਭਵਿਸ਼ ਦੀ ਉਮੀਦ ਨਾਲ ਗਲਵਕੜੀ ਪਾਉਣ ਦਿਉ। ਇਕ ਪੁਰਾਣੀ ਯਾਦ ਤੇ ਇਕ ਨਵੀਂ ਤਾਂਘ।

91. ਚੰਗਿਆਈ ਬੁਰਿਆਈ

ਤੁਹਾਡੇ ਅੰਦਰ ਜੋ ਚੰਗਿਆਈ ਹੈ, ਉਸ ਬਾਰੇ ਮੈਂ ਕੁਝ ਕਹਿ ਸਕਦਾ ਹਾਂ, ਬੁਰਿਆਈ ਬਾਰੇ ਨਹੀਂ। ਤੇ ਬੁਰਿਆਈ ਹੈ ਵੀ ਕੀ ? ਭੁੱਖ ਪਿਆਸ ਨਾਲ ਸਤਾਈ ਵਿਚਾਰੀ ਚੰਗਿਆਈ ਹੀ ਤਾਂ ਹੈ।

ਜਦ ਚੰਗਿਆਈ ਨੂੰ ਭੁੱਖ ਲੱਗਦੀ ਹੈ ਤਾਂ ਉਹ ਅੰਨ੍ਹੇਰੀਆਂ ਗੁਫ਼ਾਵਾਂ ਵਿੱਚੋਂ ਵੀ ਆਪਣੀ ਖ਼ੁਰਾਕ ਲੱਭਦੀ ਹੈ ਤੇ ਜਦ ਉਸਨੂੰ ਤ੍ਰੇਹ ਸਤਾਉਂਦੀ ਹੈ ਤਾਂ ਉਹ ਕਈ ਵਾਰ ਛੱਪੜਾਂ ਦਾ ਗੰਦਾ ਪਾਣੀ ਵੀ ਪੀ ਜਾਂਦੀ ਹੈ।

ਤੁਸੀਂ ਉਸ ਵਕਤ ਤਕ ਚੰਗੇ ਹੋ ਜਦੋਂ ਤਕ ਆਪਣੇ ਆਪ ਨਾਲ ਇਕਸੁਰ ਹੋਵੋ, ਜਦ ਇਕਸੁਰ ਨਹੀਂ ਰਹਿੰਦੇ ਤਾਂ ਵੀ ਬੁਰੇ ਨਹੀਂ। ਜਿਸ ਘਰ ਵਿਚ ਫੁੱਟ ਹੋਵੇ ਉਹ ਚੋਰਾਂ ਦਾ ਅੱਡਾ ਨਹੀਂ ਬਣ ਜਾਂਦਾ, ਉਹ ਦੁਫਾੜ ਹੋਇਆ ਘਰ ਹੀ ਹੁੰਦਾ ਹੈ। ਬੇਪਤਵਾਰ ਬੇੜੀ ਭਾਵੇਂ ਖ਼ਤਰਨਾਕ ਪਾਣੀਆਂ ਵਿਚ ਮਾਰੀ ਮਾਰੀ ਫਿਰਦੀ ਹੈ, ਪਰ ਉਹ ਟੁੱਭੀ ਲਾ ਕੇ ਦਰਿਆ ਦੀ ਹੇਠਲੀ ਤਹਿ ਤਕ ਨਹੀਂ ਪਹੁੰਚ ਸਕਦੀ। ਜਦ ਤੁਸੀਂ ਆਪਣਾ ਆਪ ਨਿਛਾਵਰ ਕਰਨ ਲਈ ਕਰੜੀ ਘਾਲ ਘਾਲਦੇ ਹੋ ਤਾਂ ਤੁਸੀਂ ਬਹੁਤ ਚੰਗੇ ਹੋ। ਜੇਕਰ ਤੁਸੀਂ ਕਿਸੇ ਲਾਭ ਲਈ ਇਹ ਘਾਲ ਕਰਦੇ ਹੋ ਤਾਂ ਵੀ ਤੁਸੀਂ ਬੁਰੇ ਨਹੀਂ, ਕਿਉਂਕਿ ਜਦ ਲਾਭ ਖ਼ਾਤਰ ਘਾਲ ਘਾਲੀ ਜਾਵੇ ਤਾਂ ਜੜ੍ਹ ਵਾਲੀ ਗੱਲ ਹੁੰਦੀ ਹੈ ਜੋ ਧਰਤੀ ਦਾ ਕੇਵਲ ਰਸਪਾਨ ਹੀ ਕਰਦੀ ਹੈ, ਲੇਕਿਨ ਪੱਕਿਆ ਫਲ ਆਪਣਾ ਸਭ ਕੁਝ ਨਿਛਾਵਰ ਕਰ ਦਿੰਦਾ ਹੈ। ਫਲ ਦਾ ਕੰਮ ਕੇਵਲ ਦੇਣਾ ਹੈ, ਜੜ੍ਹ ਦਾ ਕੰਮ ਹੈ ਲੈਣਾ। ਤੁਹਾਡੀ ਸਭ ਦੀ ਖ਼ਾਹਸ਼ ਹੈ ਕਿ ਚੰਗੇ ਬਣੋ, ਇਸੇ ਰੀਝ ਤੇ ਲਗਨ ਵਿਚ ਚੰਗਿਆਈ ਛਿਪੀ ਹੋਈ ਹੈ। ਤੁਹਾਡੀ ਲੋਚਾ ਇਹ ਹੈ ਕਿ ਤੁਸੀਂ ਮਹਾਨ ਬਣੋ, ਇਸੇ ਲੋਚਾ ਵਿਚ ਨੇਕੀ ਛਿਪੀ ਬੈਠੀ ਹੈ ਤੇ ਇਹ ਸਭ ਵਿਚ ਹੈ।

ਪਰ ਭਲੇ ਪੁਰਸ਼ ਨੰਗਿਆਂ ਨੂੰ ਇਹ ਨਹੀਂ ਸਵਾਲ ਕਰਦੇ ਕਿ ਤੁਹਾਡੇ ਕੱਪੜੇ ਕਿਧਰ ਗਏ ? ਤੇ ਨਾ ਹੀ ਘਰ-ਬਾਰੋਂ ਸੱਖਣੇ ਨਿਆਸਰੇ ਲੋਕਾਂ ਨੂੰ ਉਹ ਇਹ ਪੁੱਛਦੇ ਹਨ ਕਿ ਤੁਹਾਡੇ ਘਰ ਨੂੰ ਕੀ ਹੋ ਗਿਆ ?

92. ਅਰਦਾਸ

ਤੁਸੀਂ ਅਰਦਾਸ ਉਦੋਂ ਕਰਦੇਂ ਹੋ ਜਦੋਂ ਦੁੱਖ-ਗ੍ਰਸਤ ਹੋਵੋ ਜਾਂ ਕਿਸੇ ਚੀਜ਼ ਦੀ ਊਣਤਾਈ ਹੋਵੇ। ਜਦੋਂ ਤੁਸੀਂ ਅਨੰਦ ਮੰਗਲ ਵਿਚ ਹੋਵੋ ਤੇ ਸਭ ਤਰ੍ਹਾਂ ਭਰਪੂਰ ਹੋਵੋ, ਉਸ ਵੇਲੇ ਵੀ ਅਰਦਾਸ ਵਿਚ ਜੁੜੋ ਤਾਂ ਚੰਗਾ ਹੈ।

ਅਰਦਾਸ ਹੈ ਕੀ, ਇਹ ਉਹ ਅਵਸਥਾ ਹੈ ਜਦੋਂ ਕਿ ਮਨੁੱਖ ਆਪਣੇ ਆਪ ਦਾ ਵਿਸਥਾਰ ਕਰ ਕੇ ਬ੍ਰਹਿਮੰਡ ਨਾਲ ਇਕਮਿਕ ਹੋ ਜਾਂਦਾ ਹੈ। ਜਦੋਂ ਤੁਸੀਂ ਆਪਣੇ ਹਨੇਰੇ ਨੂੰ ਅਸਮਾਨ ਵਿਚ ਉਲਟਾ ਕੇ ਖ਼ੁਸ਼ੀ ਅਨੁਭਵ ਕਰਦੇ ਹੋ ਤਾਂ ਆਪਣੇ ਅੰਦਰਲੇ ਨੂਰ ਨੂੰ ਉਲਟਾ ਕੇ ਵੀ ਇਕ ਸੱਚੀ ਖ਼ੁਸ਼ੀ ਮਹਿਸੂਸ ਕਰਨੀ ਚਾਹੀਦੀ ਹੈ। ਜਦੋਂ ਤੁਹਾਡੀ ਆਤਮਾ, ਜੋਦੜੀ ਕਰਨ ਲਈ ਅੰਦਰੋਂ ਬੁਲਾਵਾ ਦੇਵੇ ਤੇ ਤੁਸੀਂ ਰੋਏ ਬਗੈਰ ਨਾ ਰਹਿ ਸਕੋ ਤੇ ਰੋਂਦਿਆਂ ਰੋਂਦਿਆਂ ਵੀ ਉਹ ਤੁਹਾਨੂੰ ਪ੍ਰੇਰਦੀ ਰਹੇ ਜਦ ਤਕ ਤੁਸੀਂ ਖੇੜੇ ਵਿਚ ਨਾ ਆਵੋ।

ਫਿਰ ਜਦ ਤੁਸੀਂ ਅਰਦਾਸ ਕਰਦੇ ਹੋ ਤਾਂ ਤੁਸੀਂ ਵਾਯੂਮੰਡਲ ਵਿਚ ਉਨ੍ਹਾਂ ਲੋਕਾਂ ਨਾਲ ਮਿਲਣ ਲਈ ਉਤਾਂਹ ਉਠਦੇ ਹੋ ਜੋ ਖ਼ੁਦ ਉਨ੍ਹਾਂ ਪਲਾਂ ਵਿਚ ਅਰਦਾਸ ਵਿਚ ਜੁੜੇ ਹੁੰਦੇ ਹਨ ਤੇ ਉਸ ਸਮੇਂ ਤੋਂ ਬਿਨਾਂ ਸ਼ਾਇਦ ਤੁਸੀਂ ਉਨ੍ਹਾਂ ਨੂੰ ਮਿਲ ਵੀ ਨਹੀਂ ਸਕਦੇ।

ਪਰ ਉਸ ਅਦ੍ਰਿਸ਼ਟ ਮੰਡਲ ਵਿਚ ਤੁਹਾਡਾ ਪ੍ਰਵੇਸ਼, ਸਿਵਾਇ ਮਧੁਰ ਮਿਲਾਪ ਤੇ ਅਨੰਦ ਦੇ, ਕਿਸੇ ਹੋਰ ਗ਼ਰਜ਼ ਨਾਲ ਨਹੀਂ ਹੋਣਾ ਚਾਹੀਦਾ। ਤੁਹਾਡੇ ਲਈ ਇਹੋ ਕਾਫ਼ੀ ਹੈ ਕਿ ਤੁਹਾਨੂੰ ਉਥੇ ਦਾਖ਼ਲਾ ਤਾਂ ਮਿਲ ਗਿਆ।

ਲਫ਼ਜ਼ੀ ਪ੍ਰਾਰਥਨਾ ਮੈਂ ਤੁਹਾਨੂੰ ਸਿਖਾ ਨਹੀਂ ਸਕਦਾ। ਰੱਬ ਇਹ ਲਫ਼ਜ਼ ਉਦੋਂ ਤਕ ਨਹੀਂ ਸੁਣਦਾ ਜਦ ਤਕ ਕਿ ਉਹ ਆਪ ਇਨ੍ਹਾਂ ਲਫ਼ਜ਼ਾਂ ਨੂੰ ਸਾਡੇ ਬੁਲ੍ਹਾਂ ਦੁਆਰਾ ਨਹੀਂ ਬੁਲਾਉਂਦਾ।

93. ਅਨੰਦ

ਅਨੰਦ, ਆਜ਼ਾਦੀ ਦਾ ਗੀਤ ਹੈ ਪਰ ਇਹ ਆਪ ਆਜ਼ਾਦੀ ਨਹੀਂ। ਇਹ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਤੁਹਾਡੀਆਂ ਰੀਝਾਂ ਦੀਆਂ ਕਲੀਆਂ ਖਿੜ ਪੈਣ, ਲੇਕਿਨ ਇਹ ਫਲ ਨਹੀਂ। ਇਹ ਇਕ ਐਸੀ ਡੂੰਘਿਆਈ ਹੈ ਜੋ ਉਚਿਆਈ ਲਈ ਸੱਦਾ ਦਿੰਦੀ ਹੈ ਪਰ ਇਹ ਨਾ ਆਪ ਡੂੰਘਿਆਈ ਹੈ ਤੇ ਨਾ ਹੀ ਉਚਿਆਈ। ਇਹ ਪਿੰਜਰੇ ਪਏ ਦੀ ਉਡਾਰੀ ਹੈ, ਖੁਲ੍ਹੇ ਆਕਾਸ਼ ਦੀ ਉਡਾਰੀ ਨਹੀਂ।

ਦਰਅਸਲ ਅਨੰਦ ਆਜ਼ਾਦੀ ਦਾ ਗੀਤ ਹੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਪੂਰੇ ਦਿਲ ਨਾਲ ਇਸ ਨੂੰ ਗਾਓ, ਲੇਕਿਨ ਮੇਰੀ ਹਰਗਿਜ਼ ਇਹ ਮੁਰਾਦ ਨਹੀਂ ਕਿ ਗਾਉਣ ਗਾਉਣ ਵਿਚ ਤੁਸੀਂ ਆਪਣਾ ਦਿਲ ਵੀ ਗਵਾ ਲਓ।

ਇਸ ਅਨੰਦ ਦੇ ਕਈ ਰੂਪ ਹਨ ਤੇ ਇਸ ਦਾ ਹਲਕਾ-ਫੁਲਕਾ ਰੂਪ ਵੀ ਮਹੱਤਵਪੂਰਣ ਹੈ। ਕੀ ਤੁਸੀਂ ਉਸ ਆਦਮੀ ਦੀ ਵਾਰਤਾ ਨਹੀਂ ਸੁਣੀ ਜੋ ਜੜ੍ਹੀਆਂ-ਬੂਟੀਆਂ ਦੀ ਭਾਲ ਵਿਚ ਕਹੀ ਨਾਲ ਧਰਤੀ ਖੋਦਦਾ ਰਹਿੰਦਾ ਸੀ, ਪਰ ਉਸਨੂੰ ਮਿਲ ਗਿਆ ਸੀ ਕੀਮਤੀ ਖ਼ਜ਼ਾਨਾ।

ਕੋਈ ਐਸਾ ਹੈ ਜੋ ਆਪਣੇ ਆਪ ਨਾਲ ਧੱਕਾ ਕਰੇ।

ਕੀ ਕੋਇਲ ਰਾਤ ਦੀ ਸੁੰਨਸਾਨ ਵਿਚ ਗਾ ਕੇ ਕੋਈ ਅਪਰਾਧ ਕਰਦੀ ਹੈ?

ਕੀ ਜੁਗਨੂੰ ਵਿਚਾਰਾ ਚਮਕ ਕੇ ਤਾਰਾ ਮੰਡਲ ਦਾ ਕੋਈ ਤ੍ਰਿਸਕਾਰ ਕਰਦਾ ਹੈ?

ਕੀ ਤੁਹਾਡੀ ਜਗਾਈ ਲੋ ਜਾਂ ਧੂਣੀ ਦਾ ਧੂੰਆਂ ਪੌਣ ਲਈ ਬੋਝ ਬਣ ਜਾਂਦਾ ਹੈ?

ਕੀ ਤੁਹਾਡੀ ਰੂਹ ਕੋਈ ਬੰਦ ਚੁਬੱਚਾ ਹੈ ਜਿਸਦੇ ਪਾਣੀ ਨੂੰ ਸੋਟੀ ਮਾਰ ਕੇ ਹਿਲਾਇਆ ਜਾ ਸਕਦਾ ਹੈ?

ਕਈ ਵਾਰ ਇਉਂ ਵੀ ਹੁੰਦਾ ਹੈ ਕਿ ਬਿਰਕਤੀ ਜਿਹੀ ਦੇ ਜੋਸ਼ ਵਿਚ ਅਸੀਂ ਆਪਣੀਆਂ ਮਨੋਕਾਮਨਾਵਾਂ ਨੂੰ ਕਿਸੇ ਅਨ੍ਹੇਰੇ ਕੋਣੇ ਵਿਚ ਲੁਕਾ-ਛਿਪਾ ਦਿੰਦੇ ਹਾਂ ਤੇ ਸਮਝਦੇ ਹਾਂ ਕਿ ਇਉਂ ਲੁਕਾਉਣ ਨਾਲ ਸ਼ਾਇਦ ਕੰਮ ਚਲ ਜਾਵੇਗਾ। ਪਰ ਕੌਣ ਜਾਣਦਾ ਹੈ ਕਿ ਜੋ ਅੱਜ ਲੁਕਾਇਆ ਛਿਪਾਇਆ ਹੈ, ਉਹ ਕੱਲ੍ਹ ਉਘੜਨ ਦੀ ਉਡੀਕ ਵਿਚ ਹੈ। ਤੁਹਾਡਾ ਸਰੀਰ ਆਪਣੇ ਵਿਰਸੇ ਤੇ ਠੀਕ ਠੀਕ ਲੋੜ ਨੂੰ ਭਲੀ-ਭਾਂਤ ਜਾਣਦਾ ਹੈ ਤੇ ਕਿਸੇ ਧੋਖੇ ਦਾ ਸ਼ਿਕਾਰ ਨਹੀਂ ਹੁੰਦਾ ਅਤੇ ਇਹ ਸਰੀਰ ਤੁਹਾਡੀ ਰੂਹ ਦਾ ਇਕਤਾਰਾ ਵੀ ਹੈ। ਇਹ ਤੁਹਾਡੇ 'ਤੇ ਨਿਰਭਰ ਹੈ ਕਿ ਇਸ ਵਿੱਚੋਂ ਮਧੁਰ ਤਾਨ ਕੱਢੋ ਜਾਂ ਫਿਰ ਬੇਸੁਰੀ ਆਵਾਜ਼। ਹੁਣ ਤੁਸੀਂ ਆਪਣੇ ਦਿਲ ਤੋਂ ਹੀ ਪਤਾ ਕਰੋ ਕਿ ਅਨੰਦ ਦੇ ਰੰਗ ਵਿਚ ਕੀ ਕੁਝ ਚੰਗਾ ਹੈ ਤੇ ਕੀ ਕੁਝ ਮਾੜਾ?

ਆਪਣੇ ਖੇਤਾਂ ਤੇ ਬਾਗ਼ਾਂ ਵਿਚ ਜਾਓ; ਮੱਖੀ ਦਾ ਅਨੰਦ, ਸ਼ਹਿਦ ਲੈਣ ਵਿਚ ਹੈ; ਫੁੱਲਾਂ ਦਾ ਅਨੰਦ ਮੱਖੀਆਂ ਨੂੰ ਸ਼ਹਿਦ ਦੇਣ ਵਿਚ ਹੈ। ਮੱਖੀ ਲਈ ਫੁੱਲ ਜੀਵਨ-ਸੋਮਾ ਹੈ, ਫੁੱਲ ਲਈ ਮੱਖੀ ਪ੍ਰੀਤ-ਹਲਕਾਰਾ ਹੈ। ਇਉਂ ਮਧੂ-ਮੱਖੀਆਂ ਤੇ ਫੁੱਲਾਂ ਲਈ ਅਨੰਦ ਦੇਣਾ, ਅਨੰਦ ਲੈਣਾ ਇਕ ਜ਼ਰੂਰਤ ਵੀ ਹੈ ਤੇ ਵਿਸਮਾਦ-ਭਰੀ ਮਸਤੀ ਵੀ। ਤੁਸੀਂ ਵੀ ਮੌਜ ਮਸਤੀ ਅੰਦਰ ਇਨ੍ਹਾਂ ਵਾਂਗ ਆਪਣਾ ਆਪ ਵੰਡਾਓ।

94. ਹੁਸਨ

ਤੁਸੀਂ ਹੁਸਨ ਨੂੰ ਕਿਥੇ ਲੱਭੋਗੇ ਤੇ ਕਿਥੇ ਪਾਓਗੇ ਜਦੋਂ ਤਕ ਕਿ ਉਹ ਆਪ ਤੁਹਾਡਾ ਰਹਿਬਰ ਨਾ ਬਣੇ। ਤੁਸੀਂ ਉਸਦਾ ਬਿਆਨ ਵੀ ਕਿਵੇਂ ਕਰ ਸਕਦੇ ਹੋ, ਜਦ ਤਕ ਉਹ ਤੁਹਾਡੀ ਬੋਲ ਬਾਣੀ ਨੂੰ ਖ਼ੁਦ ਰੂਪਮਾਨ ਨਾ ਕਰੇ।

ਰਾਤ ਨੂੰ ਨਗਰ ਦੇ ਪਹਿਰੇਦਾਰ ਕਹਿੰਦੇ ਹਨ ਕਿ ਹੁਸਨ ਉਨ੍ਹਾਂ ਦੇ ਨਾਲ ਨਾਲ ਪੂਰਬ ਦੀ ਲਾਲੀ ਨਾਲ ਪਰਗਟ ਹੁੰਦਾ ਹੈ। ਦੁਪਹਿਰ ਸਮੇਂ ਮਜ਼ਦੂਰ ਤੇ ਰਾਹੀ ਆਖਦੇ ਹਨ, "ਅਸੀਂ ਉਸਨੂੰ ਸ਼ਾਮਾਂ ਦੇ ਝਰੋਖੇ ਵਿਚ ਧਰਤੀ ਵੱਲ ਝਾਕਦਿਆਂ ਤੱਕਿਆ ਹੈ।" ਅਤਿ ਸਿਆਲੇ ਵਿਚ ਬਰਫ਼ ਨਾਲ ਘਿਰੇ ਲੋਕ ਆਖਦੇ ਹਨ, "ਉਹ ਬਸੰਤ ਰੁੱਤ ਦੇ ਨਾਲ ਨਾਲ ਪਹਾੜਾਂ 'ਤੇ ਉਛਲਦਾ ਕੁੱਦਦਾ ਆਵੇਗਾ।"

ਗਰਮੀ ਦੀ ਰੁੱਤ ਵਿਚ ਵਾਢੀ ਕਰਨ ਵਾਲੇ ਕਹਿੰਦੇ ਹਨ, "ਅਸੀਂ ਉਸਨੂੰ ਪਤਝੜ ਦੇ ਪੱਤਿਆਂ ਨਾਲ ਨੱਚਦਿਆਂ ਦੇਖਿਆ ਹੈ ਤੇ ਉਸਦੀਆਂ ਜ਼ੁਲਫ਼ਾਂ ਉਤੇ ਬਰਫ਼ ਦੇ ਕਿਣਕੇ

ਪਏ ਹੋਏ ਸਨ।"

ਇਹ ਸਾਰੀਆਂ ਗੱਲਾਂ ਹੁਸਨ ਬਾਰੇ ਕਹੀਆਂ ਜਾਂਦੀਆਂ ਹਨ; ਦਰਅਸਲ ਇਹ ਗੱਲਾਂ ਉਸ ਬਾਬਤ ਨਹੀਂ ਬਲਕਿ ਸਾਡੀਆਂ ਆਪਣੀਆਂ ਅਤ੍ਰਿਪਤ ਰੀਝਾਂ ਬਾਰੇ ਹਨ।

ਹੁਸਨ, ਅਭਿਲਾਸ਼ਾ ਨਹੀਂ, ਪਰਮ ਅਨੰਦ ਹੈ। ਨਾ ਉਹ ਤ੍ਰਿਖਾ ਦਾ ਮਾਰਿਆ ਸੁੱਕਾ ਗ਼ਲਾ ਹੈ, ਨਾ ਹੀ ਮੰਗਣ ਲਈ ਫੈਲਾਇਆ ਖ਼ਾਲੀ ਹੱਥ। ਇਹ ਇਕ ਦਿਲ ਹੈ, ਜਗਮਗਾਉਂਦਾ ਤੇ ਗਾਉਂਦਾ ਦਿਲ। ਇਹ ਮੂਰਤੀ ਵੀ ਨਹੀਂ ਜਿਸਨੂੰ ਤੁਸੀਂ ਦੇਖ ਸਕੋ ਤੇ ਨਾ ਹੀ ਇਹ ਗੀਤ ਹੈ ਜਿਸਨੂੰ ਤੁਸੀਂ ਸੁਣ ਸਕੋ। ਲੇਕਿਨ ਇਹ ਐਸਾ ਬੁੱਤ ਹੈ ਜਿਸਨੂੰ ਅੱਖਾਂ ਨੂਟ ਕੇ ਦੇਖਿਆ ਤੇ ਐਸਾ ਗੀਤ ਜਿਸਨੂੰ ਕੰਨ ਬੰਦ ਕਰ ਕੇ ਸੁਣਿਆ ਜਾ ਸਕਦਾ ਹੈ। ਇਹ ਤਾਂ ਹਮੇਸ਼ਾ ਦਾ ਖਿੜਿਆ ਖਿੜਿਆ ਬਗੀਚਾ ਹੈ। ਉੱਡਦੇ ਫ਼ਰਿਸ਼ਤਿਆਂ ਦਾ ਝੁਰਮਟ ਹੈ। ਜ਼ਿੰਦਗੀ ਹੁਸਨ ਹੈ ਜਦੋਂ ਕਿ ਇਹ ਆਪਣੇ ਪਵਿੱਤਰ ਮੁਖੜੇ ਤੋਂ ਪਰਦਾ ਉਤਾਰਦੀ ਹੈ। ਪਰ ਤੁਸੀਂ ਹੀ ਜ਼ਿੰਦਗੀ ਹੋ, ਤੁਸੀਂ ਹੀ ਪੜਦਾ; ਹੁਸਨ ਸ਼ੀਸ਼ੇ ਵਿਚ ਆਪਣੇ ਆਪ ਨੂੰ ਤੱਕਦੀ ਅਮਰਤਾ ਹੈ; ਤੁਸੀਂ ਹੀ ਅਮਰਤਾ ਹੋ, ਤੁਸੀਂ ਹੀ ਦਰਪਣ।

95. ਮਜ਼ਹਬ

ਕੀ ਸਾਰਾ ਕਾਰ-ਵਿਹਾਰ ਤੇ ਵਿਚਾਰ ਮਜ਼ਬ ਨਹੀਂ ? ਉਸ ਸਮੇਂ ਜਦੋਂ ਹੱਥ ਪੱਥਰ ਘੜ ਰਹੇ ਹੋਣ ਤੇ ਕੱਪੜੇ ਦੀ ਬੁਣਤੀ ਬੁਣ ਰਹੇ ਹੋਣ, ਉਸ ਵੇਲੇ ਦਿਲ ਵਿੱਚੋਂ ਉੱਠਣ ਵਾਲੀ ਅਸਚਰਜਤਾ ਤੇ ਵਿਸਮਾਦ ਮਜ਼ਬ ਨਹੀਂ ਹੁੰਦਾ ? ਉਹ ਕੌਣ ਹੈ ਜੋ ਮਜ਼ਬ ਨੂੰ ਆਪਣੇ ਕੰਮ-ਕਾਰ ਤੋਂ ਤੇ ਈਮਾਨ ਨੂੰ ਆਪਣੇ ਧੰਦੇ ਤੋਂ ਅਲਹਿਦਾ ਕਰ ਸਕਦਾ ਹੈ ? ਕੌਣ ਸਮੇਂ ਦੀ ਇਉਂ ਵੰਡੀ ਪਾ ਸਕਦਾ ਹੈ ਕਿ ਇਹ ਮੇਰੇ ਰੱਬ ਦੀ ਖ਼ਾਤਰ ਹੈ ਤੇ ਇਹ ਮੇਰੇ ਆਪਣੇ ਲਈ, ਇਹ ਮੇਰੀ ਰੂਹ ਲਈ ਹੈ ਤੇ ਇਹ ਮੇਰੇ ਸਰੀਰ ਲਈ।

ਤੁਹਾਡੇ ਸਾਰੇ ਘੜੀਆਂ ਪਲ ਆਪਣੇ ਆਪ ਤੋਂ ਆਪਣੇ ਆਪ ਤਕ ਅਸਮਾਨ ਵਿਚ ਉੱਡਣ ਵਾਲੇ ਖੰਭ ਹਨ। ਜੋ ਸਦਾਚਾਰ ਨੂੰ ਆਪਣਾ ਵਧੀਆ ਚੋਲਾ ਸਮਝ ਕੇ ਪਹਿਨਦਾ ਹੈ, ਉਸ ਲਈ ਨੰਗੇ ਫਿਰਨਾ ਵਧੇਰੇ ਚੰਗਾ ਹੈ। ਪੌਣ ਤੇ ਧੁੱਪ ਉਸਦੇ ਪਿੰਡੇ ਵਿਚ ਛੇਕ ਨਹੀਂ ਕਰਨ ਲੱਗੀਆਂ। ਜੋ ਆਪਣੇ ਵਰਤੋਂ ਵਿਹਾਰ ਦੀ ਵਿਆਖਿਆ ਆਚਾਰ ਸ਼ਾਸਤ੍ਰ ਰਾਹੀਂ ਕਰਦਾ ਹੈ, ਉਹ ਗਾਉਣ ਵਾਲੇ ਪੰਛੀ ਨੂੰ ਖ਼ਾਹਮਖ਼ਾਹ ਪਿੰਜਰੇ ਵਿਚ ਬੰਦ ਕਰਦਾ ਹੈ। ਵਧੀਆ ਸੁਤੰਤਰ ਸੰਗੀਤ, ਪਿੰਜਰੇ ਦੀਆਂ ਸੀਖਾਂ ਤੇ ਤਾਰਾਂ ਵਿੱਚੋਂ ਨਹੀਂ ਨਿਕਲਦਾ।

ਜਿਸਦੇ ਲਈ ਧਰਮ ਕਰਮ ਦੀ ਇਕ ਖਿੜਕੀ, ਖੋਲ੍ਹੇ ਜਾਣ ਵਾਲੀ ਤੇ ਫਿਰ ਬੰਦ ਹੋ ਜਾਣ ਵਾਲੀ ਹੈ, ਉਸਨੇ ਅਸਲ ਵਿਚ ਆਤਮਾ ਦੇ ਮੰਦਰ ਵਿਚ ਪੈਰ ਹੀ ਨਹੀਂ ਰੱਖਿਆ। ਆਤਮ ਮੰਦਰ ਦੀਆਂ ਖਿੜਕੀਆਂ ਤਾਂ ਸਦਾ ਸਦਾ ਖੁਲ੍ਹੀਆਂ ਹਨ।

ਤੁਹਾਡੀ ਰੋਜ਼ਾਨਾ ਕਿਰਤ ਤੁਹਾਡਾ ਮੰਦਰ ਤੇ ਮਜ਼ਬ ਹੈ। ਜਦ ਉਸ ਮੰਦਰ ਵਿਚ ਜਾਓ, ਆਪਣਾ ਸਭ ਕੁਝ ਨਾਲ ਲੈਂਦੇ ਜਾਓ—ਹਲ, ਖੁਰਪਾ, ਹਥੌੜਾ ਤੇ ਵੰਝਲੀ, ਇਹ ਸਭ ਚੀਜ਼ਾਂ ਜੋ ਤੁਸੀਂ ਆਪਣੀ ਲੋੜ ਤੇ ਖ਼ੁਸ਼ੀ ਲਈ ਸਿਰਜੀਆਂ ਹੋਈਆਂ ਹਨ। ਸਮਾਧੀ ਲਾ ਕੇ ਤੁਸੀਂ ਆਪਣੀਆਂ ਸਫਲਤਾਵਾਂ ਦੇ ਉਪਰ ਨਹੀਂ ਉਠ ਸਕਦੇ ਤੇ ਅਸਫਲਤਾਵਾਂ ਦੇ ਹੇਠਾਂ ਵੀ ਨਹੀਂ ਡਿੱਗ ਸਕਦੇ।

ਜੇਕਰ ਤੁਸੀਂ ਰੱਬ ਨੂੰ ਜਾਣਨਾ ਚਾਹੁੰਦੇ ਹੋ, ਤਾਂ ਬੁਝਾਰਤਾਂ ਬੁੱਝਣ ਵਾਲੇ ਨਾ ਬਣੋ, ਆਪਣੇ ਆਲੇ-ਦੁਆਲੇ ਨਿਗਾਹ ਮਾਰੋ, ਤੁਹਾਨੂੰ ਉਹ ਆਪਣਿਆਂ ਬੱਚਿਆਂ ਨਾਲ ਖੇਡਦਾ ਮਿਲੇਗਾ। ਅਸਮਾਨ ਵੱਲ ਝਾਤ ਪਾਓ, ਉਹ ਤੁਹਾਨੂੰ ਬੱਦਲਾਂ ਵਿਚ ਘੁੰਮਦਾ ਫਿਰਦਾ, ਬਿਜਲੀ ਵਿਚ ਬਾਹਾਂ ਪਸਾਰਦਾ, ਮੀਂਹ ਵਿਚ ਵਰਸਦਾ ਫਿਰਦਾ ਪ੍ਰਤੀਤ ਹੋਵੇਗਾ। ਤੁਸੀਂ ਉਸਨੂੰ ਫੁੱਲਾਂ ਵਿਚ ਮੁਸਕ੍ਰਾਉਂਦਾ ਤੇ ਉੱਚੇ ਬਿਰਛਾਂ ਵਿਚ ਹੱਥ ਹਿਲਾਉਂਦਾ ਤਕੋਗੇ।

96. ਮੌਤ

ਤੁਸੀਂ ਮੌਤ ਦਾ ਭੇਦ ਪਾਉਣਾ ਚਾਹੁੰਦੇ ਹੋ, ਪਰ ਜੀਵਨ ਦੇ ਅੰਦਰ ਜਾਏ ਬਗ਼ੈਰ ਤੁਹਾਨੂੰ ਉਸਦਾ ਕਿਵੇਂ ਪਤਾ ਲੱਗ ਸਕਦਾ ਹੈ?

ਉੱਲੂ ਜਿਸਨੂੰ ਦਿਨ ਵੇਲੇ ਨਹੀਂ ਦਿਸਦਾ, ਉਹ ਚਾਨਣ ਦਾ ਭੇਦ ਕਿਵੇਂ ਪਾ ਸਕਦਾ ਹੈ।

ਜੇ ਤੁਸੀਂ ਮੌਤ ਦੀ ਆਤਮਾ ਦੀ ਪਛਾਣ ਹੀ ਕਰਨੀ ਹੈ ਤਾਂ ਜ਼ਿੰਦਗੀ ਦੀ ਕਾਇਆ ਦੇ ਸਾਹਮਣੇ ਆਪਣਾ ਦਿਲ ਖੋਲ੍ਹ ਕੇ ਰੱਖ ਦਿਉ, ਕਿਉਂਕਿ ਜੀਵਨ ਤੇ ਮੌਤ ਇੱਕੋ ਚੀਜ਼ ਹੈ ਜਿਵੇਂ ਦਰਿਆ ਤੇ ਸਾਗਰ।

ਤੁਹਾਡੀਆਂ ਉਮੀਦਾਂ ਤੇ ਰੀਝਾਂ ਦੀ ਗਹਿਰਾਈ ਵਿਚ ਤੁਹਾਡਾ ਉਸ ਪਾਰ ਦਾ ਖ਼ਾਮੋਸ਼ ਗਿਆਨ ਲੁਕਿਆ ਪਿਆ ਹੈ।

ਬਰਫ਼ ਹੇਠ ਦੱਬੇ ਬੀਜ ਵਾਂਗ ਤੁਹਾਡਾ ਦਿਲ ਬਸੰਤ ਬਹਾਰ ਦੇ ਸੁਪਨੇ ਲੈਂਦਾ ਹੈ।

ਸੁਪਨਿਆਂ 'ਤੇ ਵਿਸ਼ਵਾਸ ਰੱਖੋ ਕਿਉਂਕਿ ਉਨ੍ਹਾਂ ਪਿੱਛੇ ਅਮਰਤਾ ਦਾ ਦਰਵਾਜ਼ਾ ਛਿਪਿਆ ਹੋਇਆ ਹੈ।

ਤੁਹਾਡਾ ਮੌਤ ਤੋਂ ਭੈ ਖਾਣਾ ਇਵੇਂ ਹੀ ਹੈ ਜਿਵੇਂ ਕਿ ਬਣ-ਵਾਸੀ ਭੋਲਾ-ਭਾਲਾ ਚਰਵਾਹਾ, ਬਾਦਸ਼ਾਹ ਦੇ ਸਾਹਮਣੇ ਆਉਣੋਂ ਸੰਕੁਚਦਾ ਹੈ, ਡਰਦਾ ਕੰਬਦਾ ਵੀ ਹੈ ਜਦੋਂ ਕਿ ਬਾਦਸ਼ਾਹ ਉਸਨੂੰ ਸਨਮਾਨਣ ਲਈ ਆਪਣਾ ਹੱਥ ਵਧਾ ਰਿਹਾ ਹੁੰਦਾ ਹੈ।

ਕੀ ਚਰਵਾਹੇ ਦੀ ਕੰਬਣੀ ਪਿੱਛੇ ਖ਼ੁਸ਼ੀ ਨਹੀਂ ਛਿਪੀ ਹੋਈ? ਜਿਸਨੂੰ ਪਤਾ ਵੀ ਹੈ ਕਿ ਹੁਣੇ ਹੁਣੇ ਉਹ 'ਸ਼ਾਹੀ ਨੀਸਾਣ' ਨਾਲ ਸ਼ਿੰਗਾਰਿਆ ਸਤਿਕਾਰਿਆ ਜਾਵੇਗਾ।

ਮੌਤ ਕੀ ਹੈ, ਪੌਣ ਵਿਚ ਨੰਗੇ ਹੋ ਕੇ ਖਲੋਣਾ, ਸੂਰਜ ਦੀ ਧੁੱਪ ਵਿਚ ਪਿਘਲ ਪਿਘਲ ਕੇ ਢਲਣਾ ਤੇ ਲੀਨ ਹੋ ਜਾਣਾ।

ਚਲਦੇ ਸੁਆਸਾਂ ਦਾ ਬੰਦ ਹੋਣਾ ਕੀ ਹੈ, ਸੁਆਸਾਂ ਦੇ ਉਤਰਾਅ-ਚੜ੍ਹਾਅ ਤੋਂ ਮੁਕਤ ਹੋ ਕੇ ਉੱਪਰ ਉੱਠਣਾ ਤੇ ਹਲਕੇ-ਫੁਲਕੇ ਹੋ ਕੇ ਰੱਬ ਦੀ ਤਲਾਸ਼ ਕਰਨਾ।

ਜਦੋਂ ਤੁਸੀਂ ਇਸ ਖ਼ਾਮੋਸ਼ੀ ਦੀ ਨਦੀ ਦਾ ਪਾਣੀ ਪੀਓਗੇ ਤਾਂ ਹੀ ਤੁਸੀਂ ਅਸਲ ਗੀਤ ਗਾਓਗੇ।

ਜਦ ਤੁਸੀਂ ਪਹਾੜ ਦੀ ਚੋਟੀ ਨੂੰ ਛੂਹ ਲਵੋਗੇ, ਉਦੋਂ ਹੀ ਤੁਹਾਡੀ ਚੜ੍ਹਾਈ ਸ਼ੁਰੂ ਹੋਵੇਗੀ।

ਜਦੋਂ ਧਰਤੀ ਤੁਹਾਡੇ ਅੰਗ ਅੰਗ ਨੂੰ ਆਪਣੇ ਆਪ ਵਿਚ ਲੀਨ ਕਰ ਲਵੇਗੀ ਤਾਂ ਹੀ ਤੁਸੀਂ ਅਸਲੀ ਨਾਚ ਨੱਚ ਸਕੋਗੇ।

97. ਵਿਦਾਇਗੀ

ਪੌਣ ਮੈਨੂੰ ਤੁਹਾਥੋਂ ਵਿਦਾਇਗੀ ਲੈਣ ਲਈ ਕਹਿੰਦੀ ਹੈ। ਭਾਵੇਂ ਮੈਂ ਜਾਣ ਲਈ ਪੌਣ ਨਾਲੋਂ ਜ਼ਰਾ ਘੱਟ ਕਾਹਲਾ ਹਾਂ, ਫਿਰ ਵੀ ਮੈਂ ਜਾਣਾ ਹੀ ਹੈ।

ਅਸੀਂ ਏਕਾਂਤ-ਵਾਸੀ ਰਮਤੇ ਫ਼ਕੀਰ, ਦੂਜਾ ਦਿਨ ਸ਼ੁਰੂ ਨਹੀਂ ਹੋਣ ਦਿੰਦੇ, ਜਿਥੇ ਕਿ ਇਕ ਦਿਨ ਲਾਇਆ ਹੁੰਦਾ ਹੈ।

ਕੋਈ ਪ੍ਰਭਾਤ ਸਾਨੂੰ ਉਥੇ ਨਹੀਂ ਦੇਖ ਸਕਦੀ ਜਿਥੇ ਕਿ ਕਿਸੇ ਸ਼ਾਮ ਨੇ ਸਾਨੂੰ 'ਅਲਵਿਦਾ' ਕਹੀ ਹੋਵੇ।

ਜਿਸ ਸਮੇਂ ਧਰਤੀ ਸੌਂ ਜਾਂਦੀ ਹੈ, ਅਸੀਂ ਉਸ ਵੇਲੇ ਵੀ ਤੁਰੇ ਹੀ ਰਹਿੰਦੇ ਹਾਂ।

ਅਸੀਂ ਬੁੱਢੇ ਬੋਹੜ ਦੇ ਬੀਜ ਹਾਂ, ਜਦੋਂ ਅਸੀਂ ਪੱਕਣ 'ਤੇ ਆਉਂਦੇ ਹਾਂ ਤਾਂ ਸਾਡੇ ਸੀਨੇ ਭਰਪੂਰ ਹੋ ਜਾਂਦੇ ਹਨ; ਸਾਨੂੰ ਪੌਣ ਦੇ ਹਵਾਲੇ ਕੀਤਾ ਜਾਂਦਾ ਤੇ ਇਧਰ-ਉਧਰ ਬਿਖੇਰ ਦਿੱਤਾ ਜਾਂਦਾ ਹੈ।

ਤੁਹਾਡੇ ਦਰਮਿਆਨ ਮੇਰੇ ਦਿਨ ਗਿਣਤੀ-ਮਿਣਤੀ ਦੇ ਹੀ ਸਨ ਤੇ ਮੇਰੇ ਬੋਲੇ ਸ਼ਬਦ ਉਸ ਤੋਂ ਵੀ ਘੱਟ। ਪਰ ਜਦ ਮੇਰੀ ਆਵਾਜ਼ ਤੁਹਾਡੇ ਕੰਨਾਂ ਵਿਚ ਮੱਧਮ ਪੈ ਜਾਵੇਗੀ ਤੇ ਮੇਰਾ ਪ੍ਰੇਮ ਪਿਆਰ ਵੀ ਯਾਦਾਂ ਵਿਚ ਲੋਪ ਹੋ ਜਾਵੇਗਾ ਤਾਂ ਮੈਂ ਫਿਰ ਕਦੀ ਚੱਕਰ ਮਾਰਾਂਗਾ।

ਗਿਆਨੀ ਪੁਰਸ਼ ਤਾਂ ਤੁਹਾਨੂੰ ਗਿਆਨ ਦੇਣ ਆਏ ਸਨ, ਪਰ ਮੈਂ ਤਾਂ ਤੁਹਾਡੇ ਕੋਲੋਂ ਗਿਆਨ ਲੈਣ ਆਇਆ ਸਾਂ ਲੇਕਿਨ ਮੈਨੂੰ ਉਹ ਕੁਝ ਮਿਲ ਗਿਆ ਜੋ ਕਿ ਗਿਆਨ ਤੋਂ ਵੀ ਕਿਤੇ ਵਧੇਰੇ ਸੀ, ਤੁਹਾਡੀ ਜਗਮਗਾਉਂਦੀ ਆਤਮਿਕ ਜੋਤਿ।

ਤੁਸੀਂ ਮੈਨੂੰ ਕਿੰਨਾ ਕੁਝ ਦਿੱਤਾ, ਇਸਦਾ ਤੁਹਾਨੂੰ ਸ਼ਾਇਦ ਪਤਾ ਨਹੀਂ। ਰਾਤ ਦੀਆਂ ਸੁੰਨਸਾਨ ਖ਼ਾਮੋਸ਼ੀਆਂ ਵਿਚ ਮੈਂ ਤੁਹਾਡੀਆਂ ਗਲੀਆਂ ਵਿਚ ਘੁੰਮਦਾ ਰਿਹਾ ਹਾਂ ਤੇ ਮੇਰੀ ਰੂਹ ਤੁਹਾਡੇ ਘਰਾਂ ਵਿਚ ਵੀ ਪ੍ਰਵੇਸ਼ ਕਰਦੀ ਰਹੀ ਹੈ। ਤੁਹਾਡੇ ਦਿਲ ਦੀਆਂ ਧੜਕਨਾਂ ਮੇਰੇ ਦਿਲ ਵਿਚ ਹਨ, ਤੁਹਾਡੇ ਸੁਆਸ ਮੇਰੇ ਚਿਹਰੇ ਉਤੇ ਪੈਂਦੇ ਰਹੇ ਹਨ, ਮੈਂ ਤੁਹਾਨੂੰ ਸਭ ਨੂੰ ਜਾਣਦਾ ਹਾਂ। ਮੈਂ ਤੁਹਾਡੀਆਂ ਖ਼ੁਸ਼ੀਆਂ ਗ਼ਮੀਆਂ ਤੋਂ ਵੀ ਵਾਕਫ਼ ਹਾਂ, ਤੁਹਾਡੀ ਨੀਂਦ ਮੇਰੀ ਨੀਂਦ, ਤੁਹਾਡੇ ਸੁਪਨੇ ਮੇਰੇ ਸੁਪਨੇ ਰਹੇ ਹਨ। ਮੈਂ ਤੁਹਾਡੇ ਦਰਮਿਆਨ ਇਉਂ ਸਾਂ, ਜਿਵੇਂ ਪਹਾੜੀਆਂ ਵਿਚਕਾਰ ਝੀਲ।

ਹੁਣ ਮੇਰਾ ਆਪਾ ਸੰਕੁਚਦਾ ਜਾ ਰਿਹਾ ਹੈ, ਜਿਵੇਂ ਸ਼ਾਮ ਵੇਲੇ ਨੀਲਾ ਕੰਵਲ। ਜੋ ਕੁਝ ਸਾਨੂੰ ਇਥੋਂ ਮਿਲਿਆ, ਅਸੀਂ ਸਾਂਭ ਕੇ ਰੱਖਾਂਗੇ, ਜੇ ਸਾਨੂੰ ਕੁਝ ਊਣਤਾਈ ਜਾਪੀ ਤਾਂ ਫਿਰ ਇਧਰ ਫੇਰੀ ਪਾਵਾਂਗੇ ਤੇ ਰਲ-ਮਿਲ ਕੇ ਦਾਤੇ ਅੱਗੇ ਝੋਲੀ ਫੈਲਾਵਾਂਗੇ। ਉਰਫ਼ਾ ਵਾਸੀਓ! ਭੁੱਲ ਨਾ ਜਾਣਾ, ਮੈਂ ਇਕ ਵਾਰ ਫਿਰ ਕਦੀ ਤੁਹਾਡੇ ਕੋਲ ਆਵਾਂਗਾ।

98. ਜ਼ਿੰਦਗੀ[1]

ਜ਼ਿੰਦਗੀ ਤਮਾਮ ਜਿਊਂਦੀਆਂ ਚੀਜ਼ਾਂ ਤੋਂ ਵਡੇਰੀ ਹੈ। ਜਿਵੇਂ ਕਿ ਹੁਸਨ ਨੂੰ ਖੰਭ ਲੱਗਣ ਤੋਂ ਪਹਿਲਾਂ ਉਸਨੇ ਜਨਮ ਲਿਆ ਹੋਇਆ ਸੀ, ਸੱਚ ਦੇ ਉਚਾਰਣ ਤੋਂ ਪਹਿਲਾਂ ਵੀ ਸੱਚ

1. ਦੀ ਗਾਰਡਨ ਆਫ਼ ਦੀ ਪ੍ਰਾਫਿਟ ਵਿਚੋਂ ਚੋਣਵਾਂ ਸਾਰੰਸ਼ (98 ਤੋਂ 110)

ਮੌਜੂਦ ਸੀ।

ਜ਼ਿੰਦਗੀ ਸਾਡੀਆਂ ਖ਼ਾਮੋਸ਼ੀਆਂ ਵਿਚ ਗੁਣਗੁਣਾਉਂਦੀ ਹੈ ਤੇ ਸਾਡੀ ਨੀਂਦ ਵਿਚ ਸੁਪਨੇ ਦੇਖਦੀ ਹੈ; ਜਦੋਂ ਕਿ ਅਸੀਂ ਹਾਰੇ ਹੋਏ ਤੇ ਥੱਲੇ ਡਿੱਗੇ ਹੁੰਦੇ ਹਾਂ, ਉਹ ਰਾਜ-ਸਿੰਘਾਸਨ 'ਤੇ ਬੈਠਦੀ ਤੇ ਸੱਤਾਵਾਨ ਬਣਦੀ ਹੈ।

ਜਦੋਂ ਅਸੀਂ ਗੂੜ੍ਹੀ ਨੀਂਦ ਵਿਚ ਹੁੰਦੇ ਹਾਂ, ਜ਼ਿੰਦਗੀ ਆਉਣ ਵਾਲੇ ਦਿਨ ਤੇ ਮੁਸਕ੍ਰਾਉਂਦੀ ਦਿਸਦੀ ਹੈ, ਇਹ ਉਸ ਵੇਲੇ ਵੀ ਆਜ਼ਾਦ ਹੁੰਦੀ ਹੈ ਜਦੋਂ ਕਿ ਅਸੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਨਾਲ ਜਕੜੇ ਹੁੰਦੇ ਹਾਂ।

ਆਮ ਤੌਰ 'ਤੇ ਅਸੀਂ ਜ਼ਿੰਦਗੀ ਨੂੰ ਬੜੇ ਕਰੜੇ ਕਠੋਰ ਵਿਸ਼ੇਸ਼ਣਾਂ ਨਾਲ ਯਾਦ ਕਰਦੇ ਹਾਂ। ਅਜਿਹਾ ਤਾਂ ਹੀ ਹੁੰਦਾ ਹੈ ਜਦੋਂ ਅਸੀਂ ਆਪ ਤਲਖ਼ੀਆਂ ਦਾ ਸ਼ਿਕਾਰ ਹੁੰਦੇ ਤੇ ਅੰਨ੍ਹੇਰੇ ਵਿਚ ਹੁੰਦੇ ਹਾਂ। ਅਸੀਂ ਉਸਨੂੰ ਸੱਖਣੀ ਤੇ ਵਿਅਰਥ ਸਮਝਦੇ ਹਾਂ ਜਦੋਂ ਕਿ ਸਾਡਾ ਆਪਾ ਵੀ ਸੁੰਨਸਾਨ ਉਜਾੜਾਂ ਵਿਚ ਭਟਕ ਰਿਹਾ ਹੁੰਦਾ ਹੈ ਤੇ ਇਹ ਹਿਰਦਾ, ਮਨ ਦੀ ਮਦਰਾ ਨਾਲ ਗੁਟ ਹੋਇਆ ਹੁੰਦਾ ਹੈ।

ਜ਼ਿੰਦਗੀ ਗਹਿਰ ਗੰਭੀਰ ਹੈ, ਉਚੇਰੀ ਹੈ, ਦੁਰੇਡੀ ਹੈ, ਜਦੋਂ ਕਿ ਸਾਡੀਆਂ ਦੂਰ ਦੂਰ ਤਕ ਦੇਖ ਰਹੀਆਂ ਨਜ਼ਰਾਂ ਵੀ ਉਸਦੇ ਪੈਰਾਂ ਤਕ ਨਹੀਂ ਪਹੁੰਚਦੀਆਂ। ਫਿਰ ਵੀ ਉਹ ਤੁਹਾਡੇ ਨਾਲ ਨਾਲ ਹੈ, ਉਸਦਾ ਸਾਹ ਤੁਹਾਡਾ ਸਾਹ ਹੈ, ਤੁਹਾਡੇ ਪ੍ਰਛਾਵੇਂ ਦੀ ਛਾਇਆ ਉਸਦੇ ਚਿਹਰੇ 'ਤੇ ਪੈਂਦੀ ਹੈ ਲੇਕਿਨ ਤੁਹਾਡੀ ਮੱਧਮ ਤੋਂ ਮੱਧਮ ਪੁਕਾਰ ਦੀ ਗੂੰਜ ਉਸਦੇ ਸੀਨੇ ਦਾ ਝਰਨਾ ਤੇ ਸਰਦ ਰੁੱਤ ਹੋ ਨਿਬੜਦੀ ਹੈ।

ਜ਼ਿੰਦਗੀ ਪਰਦਿਆਂ ਹੇਠ ਢਕੀ-ਲੁਕੀ ਹੋਈ ਹੈ, ਜਿਵੇਂ ਕਿ ਤੁਹਾਡੀ ਰੂਹ। ਫਿਰ ਵੀ ਜਦ ਇਹ ਬੋਲਦੀ ਹੈ ਤਾਂ ਸਾਰੀ ਪੌਣ ਗੂੰਜਣ ਲੱਗ ਜਾਂਦੀ ਹੈ, ਤੁਹਾਡੇ ਬੁਲ੍ਹਾਂ ਦੀ ਮੁਸਕਾਨ ਅਤੇ ਨੈਣਾਂ ਦੇ ਹੰਝੂ ਸ਼ਬਦਾਂ ਵਿਚ ਬਦਲ ਜਾਂਦੇ ਹਨ। ਜਦੋਂ ਇਹ ਗਾਉਂਦੀ ਹੈ ਤਾਂ ਬੋਲ਼ੇ ਸੁਣਨ ਲਗ ਜਾਂਦੇ ਹਨ ਤੇ ਲੱਟੂ ਹੋ ਜਾਂਦੇ ਹਨ, ਜਦੋਂ ਇਹ ਚਲ ਕੇ ਆਉਂਦੀ ਹੈ ਤਾਂ ਅੰਨ੍ਹਿਆਂ ਨੂੰ ਵੀ ਦਿਖਾਈ ਦਿੰਦਾ ਹੈ, ਉਹ ਹੈਰਾਨ ਹੁੰਦੇ ਤੇ ਉਸਦੇ ਪਿੱਛੇ ਪਿੱਛੇ ਦੌੜਦੇ ਹਨ।

99. ਸਾਗਰ

ਜਦ ਬਸੰਤ ਆਪਣੀ ਪ੍ਰੇਮਿਕਾ ਨੂੰ ਲੱਭਣ ਲਈ ਚਸ਼ਮਿਆਂ, ਜੰਗਲਾਂ ਤੇ ਅੰਗੂਰਾਂ ਦੇ ਬਗ਼ੀਚਿਆਂ ਵਿਚ ਆਵੇਗੀ ਤਾਂ ਸੱਚੀਂ-ਮੁੱਚੀਂ ਬਰਫ਼ ਪਿਘਲ ਕੇ ਵਗ ਤੁਰੇਗੀ ਤੇ ਉਹ ਝਰਨਾ ਬਣ ਕੇ ਘਾਟੀਆਂ ਵਿੱਚੋਂ ਦੌੜਦੀ ਦੌੜਦੀ ਨਦੀ ਦੀ ਭਾਲ ਕਰੇਗੀ ਤੇ ਦਿਉਦਾਰਾਂ ਅਤੇ ਚਿਨਾਰਾਂ ਲਈ ਸਾਕੀ ਦਾ ਫ਼ਰਜ਼ ਨਿਭਾਏਗੀ।

ਇਸੇ ਤਰ੍ਹਾਂ ਤੁਹਾਡੇ ਸੀਨੇ ਦੀ ਬਰਫ਼ ਵੀ ਇਕ ਦਿਨ ਪਿਘਲ ਵਹੇਗੀ, ਜਦੋਂ ਕਿ ਤੁਹਾਡਾ ਬਹਾਰ ਦਾ ਜ਼ਮਾਨਾ ਆ ਜਾਵੇਗਾ, ਤੁਹਾਡੇ ਅੰਦਰਲੇ ਰਹੱਸ ਝਰਨੇ ਬਣ ਕੇ ਵਹਿ ਤੁਰਨਗੇ, ਜ਼ਿੰਦਗੀ ਦੀ ਨਦੀ ਵਿਚ ਪ੍ਰਵੇਸ਼ ਕਰਨ ਲਈ ਤੇ ਉਸ ਅਨੰਤ ਸਾਗਰ ਤਕ ਪਹੁੰਚਣ ਲਈ। ਬਸੰਤ ਆਉਣ ਨਾਲ ਸੱਭੇ ਚੀਜ਼ਾਂ ਵਹਿ ਤੁਰਨਗੀਆਂ ਤੇ ਗੀਤ ਬਣ ਜਾਣਗੀਆਂ, ਇਥੋਂ ਤਕ ਕਿ ਸਿਤਾਰੇ ਵੀ, ਬਰਫ਼ਾਨੀ ਚੱਟਾਨਾਂ ਵੀ, ਸੱਭੇ ਮੈਦਾਨਾਂ ਵਿਚ ਲਹਿ ਕੇ ਦਰਿਆ ਵਿਚ

ਸਮਾ ਜਾਣਗੀਆਂ। ਜਦੋਂ ਰੱਬੀ ਪ੍ਰਕਾਸ਼ ਦਾ ਸੂਰਜ ਦਿਸਹੱਦੇ ਉਤੇ ਚੌਹੀਂ ਪਾਸੀਂ ਫੈਲੇਗਾ ਤਾਂ ਉਹ ਕਿਹੜੀ ਜੰਮੀ ਚੀਜ਼ ਹੈ ਜੋ ਤਰਲ ਸੰਗੀਤ ਵਿਚ ਨਾ ਬਦਲ ਜਾਵੇ ਤੇ ਸ੍ਰੇਸ਼ਟ ਰੁੱਖਾਂ ਦਾ ਸਾਕੀ ਬਣਨਾ ਪਰਵਾਨ ਨਾ ਕਰੇ।

ਅਜੇ ਇਹ ਕੱਲ੍ਹ ਦੀ ਗੱਲ ਹੈ ਕਿ ਤੁਸੀਂ ਵਹਿੰਦੇ ਸਾਗਰ ਦੇ ਨਾਲ ਵਿਚਰ ਰਹੇ ਸੀ, ਤੁਹਾਡਾ ਕੋਈ ਕਿਨਾਰਾ ਨਹੀਂ ਸੀ, ਤੁਸੀਂ ਆਪਾ-ਰਹਿਤ ਸੀ ਤਾਂ ਪੌਣ ਨੇ, ਜੋ ਕਿ ਜੀਵਨ ਦਾ ਸੁਆਸ ਹੈ, ਤੁਹਾਨੂੰ ਮੂਰਤੀਮਾਨ ਕੀਤਾ; ਚਿਹਰੇ ਉਤੇ ਇਕ ਪ੍ਰਕਾਸ਼ ਦਾ ਪੜਦਾ ਤਾਣਿਆ, ਉਸਦੇ ਕਾਰੀਗਰ ਹੱਥਾਂ ਤੁਹਾਨੂੰ ਆਕਾਰ ਦਿੱਤਾ ਤੇ ਤੁਹਾਡਾ ਉੱਚਾ ਮਸਤਕ ਸਥਾਪਤ ਕੀਤਾ, ਲੇਕਿਨ ਸਾਗਰ ਤੁਹਾਡੇ ਪਿੱਛੇ ਪਿੱਛੇ ਚਲਿਆ ਆ ਰਿਹਾ ਸੀ, ਉਸਦੇ ਗੀਤ ਤੁਹਾਡੇ ਨਾਲ ਸਨ, ਭਾਵੇਂ ਤੁਸੀਂ ਹੁਣ ਆਪਣੇ ਜਨਮਦਾਤਾ ਨੂੰ ਭੁੱਲ ਗਏ ਹੋ ਲੇਕਿਨ ਉਹ ਤਾਂ ਅਪਣੱਤ ਕਾਇਮ ਰਖੇਗਾ ਤੇ ਤੁਹਾਨੂੰ ਕਦੀ ਨਾ ਕਦੀ ਆਪਣੇ ਪਾਸ ਬੁਲਾਏਗਾ।

ਪਹਾੜਾਂ ਤੇ ਰੇਤ-ਥਲਾਂ ਵਿਚ ਭਟਕਦੇ ਭਟਕਦੇ ਤੁਸੀਂ ਵੀ ਉਸ ਸੀਤਲਤਾ ਦੀ ਗਹਿਰਾਈ ਨੂੰ ਯਾਦ ਕਰੋਗੇ। ਇਸ ਤੋਂ ਇਲਾਵਾ ਹੋਰ ਹੋ ਵੀ ਕੀ ਸਕਦਾ ਹੈ। ਬਾਗ਼-ਬਗ਼ੀਚਿਆਂ ਵਿਚ, ਜੰਗਲਾਂ ਪਰਬਤਾਂ ਵਿਚ ਜਦ ਵਰਖਾ ਵਰ੍ਹਦੀ ਹੈ, ਬਰਫ਼ ਪੈਂਦੀ ਹੈ, ਭਾਗਵਾਨੀ ਦਾ ਆਗਮਨ ਹੁੰਦਾ ਹੈ, ਤੁਸੀਂ ਆਪਣੇ ਇੱਜੜਾਂ ਵੱਗਾਂ ਨੂੰ ਦਰਿਆਵਾਂ ਵੱਲ ਲੈ ਕੇ ਜਾਂਦੇ ਹੋ। ਤੁਹਾਡੇ ਖੇਤ, ਤੁਹਾਡੇ ਬਾਗ਼-ਬਗੀਚੇ ਤੇ ਤੁਹਾਡੀਆਂ ਚਰਾਂਦਾਂ ਸਭ ਹਰੀਆਂ ਭਰੀਆਂ ਹੋ ਕੇ ਤੁਹਾਡੇ ਸਨਮੁਖ ਹਰੀ ਮਖ਼ਮਲ ਵਿਛਾ ਦਿੰਦੀਆਂ ਹਨ। ਇਹ ਸਭ ਕਾਸੇ ਵਿਚ ਸਾਗਰ ਤੁਹਾਡੇ ਨਾਲ ਨਾਲ ਹੈ[1], ਤੁਹਾਡੀ ਬੰਸ ਪਰੰਪਰਾ ਦਾ ਸਾਖੀ ਤੇ ਤੁਹਾਡੇ ਸਨੇਹ ਦਾ ਅਧਿਕਾਰੀ।

100. ਸਭੈ ਘਟ ਰਾਮ ਬੋਲੈ

ਇਕ ਦਿਨ ਫਿਰਦੌਸ ਨਾਂ ਦਾ ਯੂਨਾਨੀ ਫ਼ਿਲਾਸਫ਼ਰ ਬਾਗ਼ ਵਿਚ ਟਹਿਲ ਰਿਹਾ ਸੀ ਤਾਂ ਰਾਹ ਵਿਚ ਪਏ ਪੱਥਰ ਨਾਲ ਉਸਦੇ ਪੈਰ ਨੂੰ ਠੋਕਰ ਲੱਗੀ ਤੇ ਉਹ ਗ਼ੁੱਸੇ ਵਿਚ ਆ ਕੇ ਕਹਿਣ ਲੱਗਾ, "ਇਹ ਬੇਜਾਨ ਮਿੱਟੀ ਦਾ ਢੇਲਾ ਕੀ ਚੀਜ਼ ਹੈ," ਇਹ ਕਹਿ ਕੇ ਉਸਨੂੰ ਦੂਰ ਵਗਾਹ ਮਾਰਿਆ। ਤਾਂ ਅਲਮੁਸਤਫ਼ਾ ਨੇ ਕਿਹਾ, "ਤੁਸੀਂ ਇਸਨੂੰ 'ਮਿੱਟੀ ਦਾ ਬੇਜਾਨ ਢੇਲਾ' ਕਿਉਂ ਕਹਿੰਦੇ ਹੋ? ਤੁਸੀਂ ਤਾਂ ਕਿੰਨੇ ਚਿਰ ਤੋਂ ਇਸ ਬਾਗ਼ ਵਿਚ ਰਹਿ ਰਹੇ ਹੋ ਤੇ ਜਾਣਦੇ ਹੋ ਕਿ ਇਥੇ ਕੋਈ ਵੀ ਮੁਰਦਾ ਚੀਜ਼ ਨਹੀਂ, ਸਾਰੀਆਂ ਚੀਜ਼ਾਂ ਹੀ ਦਿਨ ਦੇ ਪ੍ਰਕਾਸ਼ ਤੇ ਰਾਤ ਦੇ ਐਸ਼ਵਰਯ ਨਾਲ ਭਰਪੂਰ ਤੇ ਜਿਊਂਦੀਆਂ-ਜਾਗਦੀਆਂ ਹਨ। ਤੁਸੀਂ ਤੇ ਇਹ ਪੱਥਰ ਇੱਕੋ ਹੋ, ਕੇਵਲ ਦਿਲਾਂ ਦੀ ਧੜਕਨ ਦਾ ਅੰਤਰ ਹੈ, ਤੁਹਾਡਾ ਦਿਲ ਜ਼ਰਾ ਤੇਜ਼ ਧੜਕਦਾ ਹੈ ਪਰ ਇਹ ਮਿੱਟੀ ਦਾ ਢੇਲਾ ਵੀ ਤਾਂ ਧੜਕਨ-ਰਹਿਤ ਨਹੀਂ। ਇਸਦੀ ਲੈਅ ਦੂਜੀ ਤਰ੍ਹਾਂ ਦੀ ਲੈਅ ਹੋ ਸਕਦੀ ਹੈ। ਜੇਕਰ ਤੁਸੀਂ ਆਪਣੀ ਆਤਮਾ ਦੀ ਗਹਿਰਾਈ ਵਿਚ ਝਾਤ ਪਾਓ ਤੇ ਅਸਮਾਨ ਦੀ ਉਚਾਈ ਨੂੰ ਮਾਪੋ ਤਾਂ ਤੁਹਾਨੂੰ ਸਭ ਥਾਂ ਇੱਕੋ ਹੀ ਸੰਗੀਤ ਸੁਣਾਈ ਦੇਵੇਗਾ ਤੇ ਉਸ ਮਹਾਨ ਸੰਗੀਤ ਵਿਚ ਇਹ ਪੱਥਰ ਤੇ ਉਹ ਸਿਤਾਰੇ ਸਭ ਇਕ-ਸੁਰ ਹੋ ਕੇ ਰਲ-ਮਿਲ ਕੇ ਗਾ ਰਹੇ ਹੋਣਗੇ।

---

1. ਤੂੰ ਦਰਿਆਉ ਸਭ ਤੁਝ ਹੀ ਮਾਹਿ॥
   ਤੁਝ ਬਿਨ ਦੂਜਾ ਕੋਈ ਨਾਹਿ॥ (ਗੁਰੂ ਨਾਨਕ)

"ਜੇਕਰ ਮੇਰੇ ਬੋਲ, ਤੁਹਾਡੀ ਸਮਝ-ਗੋਚਰੇ ਨਹੀਂ ਹੋ ਰਹੇ ਤਾਂ ਜ਼ਰਾ ਉਡੀਕ ਕਰ ਲਵੋ ਤਾਂਕਿ ਅਗਲੀ ਪ੍ਰਭਾਤ ਆ ਜਾਵੇ। ਤੁਸੀਂ ਮਿੱਟੀ ਦੇ ਇਸ ਢੇਲੇ ਨੂੰ ਪਰ੍ਹੇ ਵਗਾਹ ਮਾਰਿਆ ਹੈ ਕਿਉਂਕਿ ਤੁਸੀਂ ਆਪਣੇ ਅੰਨ੍ਹੇਪਣ ਕਾਰਣ ਇਸ ਨਾਲ ਠੋਕਰ ਖਾ ਗਏ। ਕੀ ਤੁਸੀਂ ਉਸ ਚਮਕਦੇ ਸਿਤਾਰੇ ਨੂੰ ਵੀ ਕੁਚਲ ਦਿਉਗੇ, ਜਿਸਦੀ ਤੁਹਾਡੇ ਮਸਤਕ ਨਾਲ ਕਿਤੇ ਟੱਕਰ ਹੋ ਜਾਵੇ ? ਮੈਨੂੰ ਪਤਾ ਹੈ ਕਿ ਉਹ ਦਿਨ ਆਵੇਗਾ ਜਦੋਂ ਕਿ ਤੁਸੀਂ ਇਨ੍ਹਾਂ ਪੱਥਰਾਂ ਤੇ ਸਿਤਾਰਿਆਂ ਨੂੰ ਇਸ ਤਰ੍ਹਾਂ ਚੁਣਦੇ ਫਿਰੋਗੇ ਜਿਸ ਤਰ੍ਹਾਂ ਇਕ ਬੱਚਾ ਕੌਲ ਫੁੱਲ ਚੁਣਦਾ ਹੈ। ਤੁਹਾਨੂੰ ਪਤਾ ਲੱਗੇਗਾ ਕਿ ਇਨ੍ਹਾਂ ਸਾਰੀਆਂ ਵਸਤਾਂ ਵਿਚ ਜ਼ਿੰਦਗੀ ਦੀ ਸੁਗੰਧ ਵਿਆਪਕ ਹੈ।"[1]

101. ਤ੍ਰੇਲ-ਤੁਪਕਾ

ਇਕ ਤ੍ਰੇਲ-ਤੁਪਕੇ ਦੀ ਬੂੰਦ ਵਿਚ ਜੋ ਪ੍ਰਭਾਤ ਦੇ ਸੂਰਜ ਦਾ ਪ੍ਰਤਿਬਿੰਬ ਹੈ, ਉਹ ਸੂਰਜ ਤੋਂ ਕਿਸੇ ਤਰ੍ਹਾਂ ਘੱਟ ਨਹੀਂ।

ਤੁਹਾਡੀ ਆਤਮਾ ਵਿਚ ਜ਼ਿੰਦਗੀ ਦਾ ਪ੍ਰਤਿਬਿੰਬ ਜ਼ਿੰਦਗੀ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਤ੍ਰੇਲ-ਤੁਪਕਾ ਚਾਨਣ ਨੂੰ ਪ੍ਰਤਿਬਿੰਬਤ ਕਰਦਾ ਹੈ; ਕਿਉਂਕਿ ਉਹ ਤੇ ਚਾਨਣ ਇੱਕੋ ਚੀਜ਼ ਹਨ ਤੇ ਤੁਸੀਂ ਜ਼ਿੰਦਗੀ ਨੂੰ ਪ੍ਰਤਿਬਿੰਬਤ ਕਰਦੇ ਹੋ, ਇਸ ਲਈ ਤੁਸੀਂ ਅਤੇ ਜ਼ਿੰਦਗੀ ਵੀ ਇਕ ਹੀ ਹੋ।

ਜਦ ਤੁਸੀਂ ਅੰਨ੍ਹੇਰੇ ਵਿਚ ਘਿਰੇ ਹੋਵੋ ਤਾਂ ਕਹੋ ਕਿ ਇਸ ਅੰਨ੍ਹੇਰੇ ਦਾ ਅਜੇ ਮੁੱਢ ਬੱਝਾ ਹੀ ਨਹੀਂ, ਭਾਵੇਂ ਮੈਨੂੰ ਰਾਤ ਦੀਆਂ ਗ਼ਮਗੀਨੀਆਂ ਨੇ ਘੇਰਿਆ ਹੋਇਆ ਹੈ। ਫਿਰ ਵੀ ਮੈਨੂੰ ਨਿਸਚਾ ਹੈ, ਮੇਰੇ ਵਿੱਚੋਂ ਚਾਨਣ ਜ਼ਰੂਰ ਪਰਗਟ ਹੋਵੇਗਾ।

ਕੰਵਲ ਫੁੱਲ ਦੀ ਡੋਡੀ, ਸ਼ਾਮਾਂ ਵੇਲੇ ਆਪਣੇ ਆਪ ਨੂੰ ਗੋਲ-ਮੋਲ ਕਰ ਕੇ ਤ੍ਰੇਲ-ਤੁਪਕੇ ਨੂੰ ਵਿੱਚੇ ਸਮੋ ਲੈਂਦੀ ਹੈ, ਇਸੇ ਤਰ੍ਹਾਂ ਤੁਹਾਡਾ ਆਪਾ ਰੱਬੀ ਆਪੇ ਵਿਚ ਲੀਨ ਹੋ ਕੇ ਭਿੰਨ ਨਹੀਂ ਰਹਿੰਦਾ। ਜੇਕਰ ਕਦੀ ਤ੍ਰੇਲ-ਤੁਪਕੇ ਦੀ ਬੂੰਦ ਕਹੇ ਕਿ ਮੈਂ ਇਕ ਹਜ਼ਾਰ ਵਰ੍ਹੇ ਤੋਂ ਕੇਵਲ ਤ੍ਰੇਲ-ਤੁਪਕੇ ਦੀ ਬੂੰਦ ਹੀ ਹਾਂ ਤਾਂ ਤੁਸੀਂ ਜਵਾਬ ਵਿਚ ਉਸਨੂੰ ਸਮਝਾਓ ਕਿ ਕੀ ਤੈਨੂੰ ਪਤਾ ਨਹੀਂ ਕਿ ਸਾਰੇ ਵਰ੍ਹਿਆਂ ਦਾ ਚਾਨਣ ਮੇਰੇ ਸੀਨੇ ਵਿਚ ਜਗਮਗਾ ਰਿਹਾ ਹੈ ?[2]

102. ਮਘਦੀ ਧੂੰਣੀ

ਤੁਸੀ ਇਕ ਮਿੱਟੀ ਦੀ ਮੁੱਠ ਆਪਣੇ ਹੱਥ ਵਿਚ ਲਓ, ਦੇਖੋ, ਕੀ ਤੁਹਾਨੂੰ ਇਸ ਵਿਚ ਕੋਈ ਬੀਜ ਜਾਂ ਕੀਟਾਣੂ ਮਾਤਰ ਦਿਖਾਈ ਦਿੰਦਾ ਹੈ ? ਜੇਕਰ ਤੁਹਾਡੇ ਹੱਥ ਵੱਡੇ ਤੇ ਚਿਰਕਾਲ ਤਕ ਰਹਿਣ ਵਾਲੇ ਹਨ ਤਾਂ ਇਹੋ ਇਕ ਬੀਜ, ਜੰਗਲ ਬਣ ਸਕਦਾ ਹੈ ਤੇ ਕੀਟਾਣੂ ਅਪਸਰਾਵਾਂ ਦਾ ਝੁਰਮਟ। ਇਹ ਕਦੀ ਨਾ ਭੁੱਲੋ ਕਿ ਜਿਸ ਵਰ੍ਹੇ ਨੇ ਬੀ ਨੂੰ ਜੰਗਲ ਤੇ ਕੀਟਾਣੂ ਨੂੰ ਅਪਸਰਾ ਬਣਾਇਆ, ਉਹ ਉਸੇ 'ਹਵਾ' ਨਾਲ ਸਬੰਧਿਤ ਹੈ ਤੇ ਸਾਰਾ ਵਰ੍ਹਾ ਉਸੇ ਹੋਣ ਤੋਂ ਹੈ।

---

1 ਪੁਹਪ ਮਧਿ ਜਿਉ ਬਾਸੁ ਬਸਤ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸਹਿ ਨਿਰੰਤਰੁ, ਘਟ ਹੀ ਖੋਜਹੁ ਭਾਈ॥ *(ਮਹਲਾ ੯)*

2 ਮਨ ਤੂੰ ਜੋਤਿ ਸਰੂਪ ਹੈ, ਅਪਨਾ ਮੂਲ ਪਛਾਣੁ॥ *(ਆਸਾ ਮ: ੩)*

ਵਰ੍ਹਿਆਂ ਦੀਆਂ ਰੁੱਤਾਂ ਤੁਹਾਡੇ ਨਿੱਤ ਬਦਲਦੇ ਵਿਚਾਰਾਂ ਤੋਂ ਸਿਵਾ ਹੋਰ ਕੀ ਹਨ ? ਬਹਾਰ ਤੁਹਾਡੇ ਦਿਲ ਅੰਦਰ ਜਾਗੀ ਇਕ ਚੇਤਨਾ ਹੈ ਤੇ ਹਾੜੀ ਦੀ ਰੁੱਤ ਤੁਹਾਡੀ ਸ੍ਵੈਪੂਰਨਤਾ ਦੀ ਨਿਸ਼ਾਨੀ ਹੈ। ਕੀ ਸੌਣੀ ਦੀ ਰੁੱਤ ਜੋ ਤੁਹਾਡੇ ਗਰਭ ਅੰਦਰ ਟਿਕਿਆ ਨਿੱਕਾ ਬੱਚਾ ਹੈ, ਉਸਨੂੰ ਲੋਰੀਆਂ ਦੇਣ ਵਾਲਾ ਅਤੀਤ ਨਹੀਂ ? ਮੈਂ ਤੁਹਾਥੋਂ ਪੁੱਛਦਾ ਹਾਂ ਕਿ ਕੀ ਇਹ ਸਿਆਲੇ ਦੀ ਰੁੱਤ ਉਹੋ ਗਹਿਰੀ ਨੀਂਦ ਨਹੀਂ, ਜੋ ਦੂਸਰੀਆਂ ਰੁੱਤਾਂ ਦੇ ਸੁਪਨਿਆਂ ਨਾਲ ਜ਼ਰਾ ਰਿਸ਼ਟ ਪੁਸ਼ਟ ਹੋ ਗਈ ਹੈ ? ਹੋਰ ਹੈ ਵੀ ਕੀ।

ਅਸੀਂ ਸਭ ਇਕ ਦੂਜੇ ਦੇ ਆਸਰੇ ਹਾਂ। ਅਸੀਂ ਜੋ ਮਿਹਨਤ ਕਰ ਕੇ ਇਸਨੂੰ ਜ਼ਿੰਦਗੀ ਦੀ ਧੜਕਨ ਵਿਚ ਬਦਲਦੇ ਹਾਂ, ਉਨ੍ਹਾਂ ਨਾਲੋਂ ਵਡੇਰੇ ਨਹੀਂ ਜੋ ਸਿੱਧੇ ਮਿੱਟੀ ਤੋਂ ਹੀ ਜੀਵਨ ਹਾਸਲ ਕਰਦੇ ਹਨ, ਪਰ ਉਸ ਮਿੱਟੀ ਨੂੰ ਸਮਝਦੇ ਨਹੀਂ।

ਕੀ ਮਾਂ ਆਪਣੇ ਬੱਚੇ ਨੂੰ ਇਹ ਕਹਿ ਸਕਦੀ ਹੈ ਕਿ ਕੁਦਰਤ ਜੋ ਵੱਡੀ ਅੰਮਾ ਹੈ, ਮੈਂ ਤੈਨੂੰ ਉਸਦੇ ਹਵਾਲੇ ਕਰਦੀ ਹਾਂ ਕਿਉਂਕਿ ਤੂੰ ਮੈਨੂੰ ਬਹੁਤ ਪ੍ਰੇਸ਼ਾਨ ਕਰਦਾ ਹੈਂ, ਮੇਰੇ ਦਿਲ ਨੂੰ ਤੇ ਮੇਰੇ ਹੱਥਾਂ ਨੂੰ ਵੀ ?

ਕੀ ਕੋਈ ਗਵੱਈਆ ਆਪਣੇ ਹੀ ਗੀਤ ਦੀ ਨਿਖੇਧੀ ਕਰ ਸਕਦਾ ਹੈ ? ਇਹ ਕਹਿ ਕੇ ਕਿ ਤੂੰ ਆਪਣੀ ਗੂੰਜ ਦੀ ਗੁਫ਼ਾ ਵਿਚ ਵਾਪਸ ਮੁੜ ਜਾ, ਜਿਥੋਂ ਤੂੰ ਆਇਆ ਸੀ, ਕਿਉਂਕਿ ਤੇਰੀ ਧੁਨ ਮੇਰੇ ਸਾਹ ਦੀ ਫੂਕ ਚਾਹੁੰਦੀ ਹੈ।

ਕੀ ਕੋਈ ਚਰਵਾਹਾ ਆਪਣੀ ਭੇਡ ਦੇ ਬੱਚੇ ਨੂੰ ਇਹ ਕਹੇਗਾ ਕਿ ਮੇਰੇ ਪਾਸ ਤੇਰੇ ਲਈ ਕੋਈ ਚਰਾਂਦ ਨਹੀਂ, ਕੋਈ ਮੇਰਾ ਨਹੀਂ ਜਿਥੇ ਕਿ ਮੈਂ ਤੈਨੂੰ ਚਰਨਾ ਛੱਡਾਂ। ਇਸ ਲਈ ਅੱਛਾ ਹੈ ਕਿ ਤੂੰ ਹਲਾਲ ਹੋ ਜਾ ਤੇ ਕੁਰਬਾਨੀ ਦੇ ਦੇ।"

ਦੈਵੀ ਕਾਨੂੰਨ ਅਨੁਸਾਰ ਜੋ ਕਿ ਆਦਿ ਕਾਲ ਤੋਂ ਅਮਰ ਹੈ, ਅਸੀਂ ਸਾਰੇ ਇਕ ਦੂਜੇ ਦੇ ਸਹਾਰੇ ਹਾਂ। ਇਸ ਕਰਕੇ ਸਾਨੂੰ ਪ੍ਰੇਮ-ਪੂਰਣ ਦਿਆਲਤਾ ਨਾਲ ਵਿਚਰਨਾ ਚਾਹੀਦਾ ਹੈ। ਅਸੀਂ ਆਪਣੀ ਮਰਜ਼ੀ ਨਾਲ ਇਕ ਦੂਜੇ ਨੂੰ ਖੋਜਦੇ-ਭਾਲਦੇ ਹਾਂ ਤੇ ਲੱਭਦੇ ਫਿਰਦੇ ਹਾਂ ਕਿ ਕੋਈ ਅਜੇਹੀ ਮਘਦੀ ਧੂਣੀ ਮਿਲ ਜਾਵੇ ਜਿਸਦੇ ਆਲੇ-ਦੁਆਲੇ ਅਸੀਂ ਸਾਰੇ ਰਲ ਕੇ ਬੈਠ ਸਕੀਏ।

103. ਰੱਬੀ ਹਸਤੀ

ਰੱਬੀ ਹਸਤੀ ਦਾ ਅਹਿਸਾਸ ਕਰਨ ਲਈ ਜ਼ਰੂਰੀ ਹੈ ਕਿ ਤੁਸੀਂ ਅਜੇਹੇ ਵਿਸ਼ਾਲ ਹਿਰਦੇ ਦੀ ਕਲਪਨਾ ਕਰੋ ਜੋ ਤੁਹਾਡੇ ਸਾਰੇ ਰਹੱਸਾਂ ਨੂੰ ਸਮਾਈ ਬੈਠਾ ਹੈ, ਇਕ ਅਜੇਹਾ ਪ੍ਰੇਮ ਜਿਸਨੇ ਤੁਹਾਡੇ ਸੰਪੂਰਣ ਪ੍ਰੇਮ ਨੂੰ ਉਲੰਘ ਛੱਡਿਆ ਹੈ, ਇਕ ਅਜੇਹੀ ਆਤਮਾ ਜਿਸ ਵਿਚ ਤੁਹਾਡੀਆਂ ਸਮਸਤ ਆਤਮਾਵਾਂ ਦਾ ਬਸੇਰਾ ਹੈ, ਇਕ ਐਸੀ ਆਵਾਜ਼ ਜਿਸ ਵਿਚ ਤੁਹਾਡੀਆਂ ਸਾਰੀਆਂ ਆਵਾਜ਼ਾਂ ਗੂੰਜਦੀਆਂ ਹਨ ਤੇ ਇਕ ਅਜੇਹੀ ਖ਼ਾਮੋਸ਼ੀ ਜੋ ਕਿ ਤੁਹਾਡੀਆਂ ਤਮਾਮ ਖ਼ਾਮੋਸ਼ੀਆਂ ਤੋਂ ਅਤਿ ਗਹਿਰ ਗੰਭੀਰ ਤੇ ਅਨੰਤ ਅਸੀਮ ਹੈ।

ਆਪਣੀ ਸ੍ਵੈ-ਪੂਰਨਤਾ ਨੂੰ ਪਾਉਣ ਲਈ ਇਕ ਅਜੇਹੇ ਹੁਸਨ ਦੀ ਖੋਜ ਕਰੋ ਜੋ ਕਿ ਮਸਤ ਵਸਤੂਆਂ ਦੇ ਹੁਸਨ ਨਾਲੋਂ ਵਧੀਕ ਮਨਮੋਹਕ ਤੇ ਆਕਰਸ਼ਕ ਹੈ। ਇਕ ਅਜੇਹਾ ਗੀਤ ਜੋ ਕਿ ਸਾਗਰ ਤੇ ਜੰਗਲ ਦੇ ਗੀਤਾਂ ਤੋਂ ਵਧੇਰੇ ਵਿਆਪਕ ਹੈ, ਇਕ ਅਜੇਹੀ ਪ੍ਰਭੁਤਾ ਜੋ ਕਿ ਉੱਚ ਸਿੰਘਾਸਨ ਤੇ ਬਿਰਾਜਮਾਨ ਹੈ ਤੇ ਜਿਸਦੇ ਸਾਹਮਣੇ ਤਾਰਾ ਮੰਡਲ ਵੀ ਇਕ

ਚਰਨ-ਚੌਕੀ ਪ੍ਰਤੀਤ ਹੁੰਦਾ ਹੈ, ਉਸਦੇ ਹੱਥ ਵਿਚ ਫੜੀ ਸ਼ਾਹੀ ਛਟੀ ਐਸੀ ਹੈ ਜਿਸਦੇ ਵਿਚ ਜੜੇ ਵਿਸ਼ੇਸ਼ ਸਿਤਾਰੇ, ਤ੍ਰੇਲ-ਤੁਪਕਿਆਂ ਦੀ ਦਮਕ ਤੋਂ ਵੱਧ ਨਹੀਂ ਲਗਦੇ।

ਤੁਸੀਂ ਹੁਣ ਤਕ ਕੇਵਲ ਅੰਨ, ਬਸਤਰ, ਮਕਾਨ ਤੇ ਲੂਣ, ਤੇਲ, ਲੱਕੜੀ ਦੀ ਚਾਹਨਾ ਕੀਤੀ ਹੈ। ਹੁਣ ਉਸਨੂੰ ਪਾਉਣ ਦਾ ਜਤਨ ਕਰੋ ਜੋ ਕਿ ਨਾ ਤਾਂ ਤੁਹਾਡੇ ਤੀਰਾਂ ਦਾ ਨਿਸ਼ਾਨਾ ਹੈ ਤੇ ਨਾ ਹੀ ਉਹ ਕੋਈ ਪੱਥਰ ਦੀ ਗੁਫ਼ਾ ਹੈ, ਜੋ ਕਿ ਤੁਹਾਡੀ ਰਾਖੀ ਕਰੇ। ਭਾਵੇਂ ਮੇਰੇ ਸ਼ਬਦ ਇਕ ਕਿਸਮ ਦੇ ਪੱਥਰ ਤੇ ਪਹੇਲੀ ਸਮਾਨ ਹਨ ਤਾਂ ਵੀ ਤੁਸੀਂ ਉਸੇ ਨੂੰ ਪ੍ਰਾਪਤ ਕਰੋ, ਉਸ ਤੋਂ ਘੱਟ ਨਹੀਂ, ਜਿਸ ਕਾਰਣ ਤੁਹਾਡੇ ਦਿਲ ਟੁੱਟ ਜਾਣ। ਇਹ ਭਲੀ ਗੱਲ ਹੈ, ਤੁਹਾਡੇ ਸਵਾਲ ਤੁਹਾਨੂੰ ਉੱਚ ਗਿਆਨ ਤੇ ਪ੍ਰੇਮ ਦੀ ਮੰਜ਼ਿਲ ਤਕ ਲੈ ਜਾਣ, ਜਿਸਨੂੰ ਆਮ ਮਨੁੱਖ 'ਰੱਬ' ਕਹਿੰਦੇ ਹਨ।

ਸਾਨੂੰ ਪਿਤਾ ਪਰਮੇਸ਼ਰ ਬਾਰੇ ਬਹੁਤੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਸਗੋਂ ਆਪਣੇ ਦੇਵਤਿਆਂ, ਗੁਆਂਢੀਆਂ, ਭਾਈਆਂ, ਸਨਬੰਧੀਆਂ ਬਾਰੇ ਕਰਨੀਆਂ ਚਾਹੀਦੀਆਂ ਹਨ ਜੋ ਕਿ ਤੁਹਾਡੇ ਖੇਤਾਂ ਦੁਆਲੇ ਘੁੰਮਦੇ ਫਿਰਦੇ ਹਨ। ਪਰ ਆਲ੍ਹਣੇ ਵਿਚ ਬੋਟ ਨੂੰ ਕੌਣ ਦਾਣਾ-ਦੁਣਕਾ ਖਵਾਏਗਾ ਜੇਕਰ ਮਾਂ ਪੰਛੀ ਆਕਾਸ਼ ਵਿਚ ਉਡਦੀ ਰਹੇ, ਤੇ ਖੇਤ ਵਿਚ ਕਿਹੜਾ ਫੁੱਲ ਆਪਣੇ ਆਪ ਪਰਿਪੂਰਣ ਹੋ ਸਕੇਗਾ ਜਦ ਤਕ ਕਿ ਮਧੂ-ਮੱਖੀ ਰਾਹੀਂ ਦੂਜੇ ਫੁੱਲ ਤੋਂ ਗਰਭਾਧਾਨ ਨਾ ਧਾਰਣ ਕਰੇ। ਜਦ ਤੁਸੀਂ ਆਪਣੀ ਨਿੱਕੀ ਆਤਮਾ ਵਿਚ ਖੋ ਜਾਂਦੇ ਹੋ ਤਾਂ ਹੀ ਤੁਸੀਂ ਆਕਾਸ਼ ਨੂੰ ਪਾ ਸਕਦੇ ਹੋ, ਜਿਸਨੂੰ ਕਿ ਤੁਸੀਂ ਰੱਬ ਕਹਿੰਦੇ ਹੋ।

ਮੈਂ ਤੁਹਾਨੂੰ ਫਿਰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਸ ਰੱਬ ਦੇ ਸੁਆਸ ਦੀ ਮਹਿਕ ਮਾਤਰ ਹਾਂ। ਅਸੀਂ ਰੱਬ ਹੀ ਹਾਂ—ਪੱਤੀ ਵਿਚ, ਫੁੱਲ ਵਿਚ ਤੇ ਫਲ ਵਿਚ ਵੀ।

104. ਆਪਣੀ ਹਸਤੀ

ਇਸ ਬਗ਼ੀਚੇ ਵਿਚ ਮੇਰੇ ਮਾਤਾ ਪਿਤਾ ਲੇਟੇ ਹੋਏ ਹਨ, ਉਹ ਜਿਊਂਦੇ ਹੱਥਾਂ ਰਾਹੀਂ ਇਥੇ ਦਫ਼ਨਾਏ ਗਏ ਸਨ, ਤੇ ਇਸੇ ਬਗ਼ੀਚੇ ਵਿਚ ਪਿਛਲੇ ਸਾਲ ਕੁਝ ਬੀਜ ਵੀ ਦੱਬੇ ਗਏ ਜੋ ਕਿ ਪੌਣ ਦੇਵਤਾ ਦੇ ਖੰਭਾਂ ਦੁਆਰਾ ਇਥੇ ਲਿਆਂਦੇ ਗਏ ਸਨ। ਇਕ ਹਜ਼ਾਰ ਵਾਰ ਮੇਰੇ ਮਾਤਾ ਪਿਤਾ ਇਥੇ ਦਫ਼ਨਾਏ ਜਾਂਦੇ ਰਹਿਣਗੇ, ਇਕ ਹਜ਼ਾਰ ਵਾਰ ਹੀ ਪੌਣ ਇਥੇ ਬੀਜ ਬੀਜਦੀ ਰਹੇਗੀ ਤੇ ਇਕ ਹਜ਼ਾਰ ਵਾਰ ਮੈਂ, ਤੁਸੀਂ ਤੇ ਇਹ ਫੁੱਲ ਵੀ ਨਾਲੋ ਨਾਲ ਇਸ ਬਗ਼ੀਚੇ ਵਿਚ ਆਉਂਦੇ ਰਹਾਂਗੇ, ਜਿਵੇਂ ਕਿ ਹੁਣ ਆਏ ਹਾਂ। ਅਸੀਂ ਜ਼ਿੰਦਗੀ ਨੂੰ ਪਿਆਰ ਕਰਦੇ ਹੋਵਾਂਗੇ, ਖ਼ਲਾਅ ਵਿਚ ਸੁਪਨੇ ਤੱਕਦੇ ਹੋਵਾਂਗੇ ਤੇ ਉਸ ਵੱਲ ਨੂੰ ਅੱਗੇ ਵਧਦੇ ਹੋਵਾਂਗੇ।

ਪਰ ਅੱਜ ਦਾ 'ਹੋਣਾ' ਸਿਆਣਾ ਸੂਝਵਾਨ ਹੋਣਾ ਹੈ, ਇਕ ਬੇਸਮਝ ਲਈ ਅਜਨਬੀ ਬਣਨਾ ਨਹੀਂ, ਸਗੋਂ ਬਲਵਾਨ ਬਣਨਾ ਹੈ ਲੇਕਿਨ ਕਿਸੇ ਕਮਜ਼ੋਰ ਨੂੰ ਨਿਕੰਮਾ ਬਣਾ ਕੇ ਨਹੀਂ। ਨਿੱਕੇ ਬੱਚਿਆਂ ਨਾਲ ਖੇਡਣਾ ਹੈ ਪਰੰਤੂ ਪਿਤਾ ਵਾਂਙ ਨਹੀਂ, ਸਾਥੀ ਬਣ ਕੇ ਜੋ ਕਿ ਉਨ੍ਹਾਂ ਦੀ ਖੇਡ ਨੂੰ ਸਿੱਖਣ ਦਾ ਸ਼ੌਕ ਰਖਦਾ ਹੈ। ਹੋਰ ਹਸਤੀ ਕੀ ਹੈ?

ਬੁੱਢੇ ਬਜ਼ੁਰਗਾਂ ਤੇ ਇਸਤਰੀਆਂ ਨਾਲ ਨਿਸ਼ਕਪਟ ਵਰਤੋਂ ਵਿਹਾਰ ਕਰੋ ਤੇ ਉਨ੍ਹਾਂ ਦੇ ਨਾਲ ਨਾਲ ਪਿੱਪਲ ਦੀ ਛਾਂ ਹੇਠ ਬੈਠੋ, ਭਾਵੇਂ ਤੁਸੀਂ ਖ਼ੁਦ ਬਸੰਤ ਬਹਾਰਾਂ ਵਿਚ ਚੱਕਰ ਮਾਰਦੇ ਫਿਰੋ। ਇਕ ਸ਼ਾਇਰ ਦੀ ਤਲਾਸ਼ ਕਰੋ ਜੋ ਭਾਵੇਂ ਸੱਤਾਂ ਨਦੀਆਂ ਦੇ ਪਾਰ ਰਹਿੰਦਾ ਹੋਵੇ, ਉਸਦੀ ਮੌਜੂਦਗੀ ਵਿਚ ਮਨ ਟਿਕਾਓ, ਬਿਨਾਂ ਕਿਸੇ ਖ਼ਾਹਸ਼ ਦੇ, ਬਿਨਾਂ ਕਿਸੇ ਸ਼ੰਕੇ ਦੇ, ਤੁਹਾਡੇ ਬੁੱਲ੍ਹਾਂ

ਉਤੇ ਕੋਈ ਸਵਾਲ ਨਹੀਂ ਹੋਣਾ ਚਾਹੀਦਾ।

'ਹੋਣ' ਦਾ ਅਰਥ, ਇਕ ਤਰ੍ਹਾਂ ਉਜਾਗਰ ਉਂਗਲੀਆਂ ਵਾਲਾ ਜੁਲਾਹਾ ਬਣਨਾ ਹੈ, ਜੋ ਚਾਨਣ ਤੇ ਵਿੱਥ ਨੂੰ ਧਿਆਨ ਵਿਚ ਰੱਖਦਾ ਹੈ; ਇਕ ਹਾਲੀ ਬਣਨਾ ਹੈ ਜੋ ਇਹ ਖ਼ਿਆਲ ਕਰੇ ਕਿ ਹਰ ਬੀਜ ਬੀਜ ਕੇ ਨਾਲ ਨਾਲ ਉਹ ਖ਼ਜ਼ਾਨਾ ਦੱਬ ਰਿਹਾ ਹੈ; ਇਕ ਮਾਛੀ ਤੇ ਸ਼ਿਕਾਰੀ ਬਣਨਾ ਹੈ ਜੋ ਦਿਲ ਵਿਚ ਮੱਛੀ ਤੇ ਹੋਰ ਜਾਨਵਰਾਂ ਲਈ ਦਇਆ ਭਾਵ ਰੱਖਦਾ ਹੋਇਆ ਇਸ ਤੋਂ ਵੀ ਵੱਧ ਮਨੁੱਖ ਦੀ ਭੁੱਖ ਤੇ ਲੋੜ ਦਾ ਖ਼ਿਆਲ ਕਰੇ।

ਸਭ ਤੋਂ ਵੱਧ ਮੈਂ ਤੁਹਾਨੂੰ ਇਹ ਗੱਲ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਵਿਚੋਂ ਸਭੇ ਇਕ ਦੂਜੇ ਨਾਲ ਉਦੇਸ਼-ਪੂਰਤੀ ਲਈ ਸਾਂਝੀਵਾਲ ਬਣੋ ਤਾਂ ਹੀ ਤੁਸੀਂ ਆਪਣਾ ਉਦੇਸ਼ ਪੂਰਾ ਕਰ ਸਕੋਗੇ। ਤੁਸੀਂ ਹੀਣੇ ਨਾ ਬਣੋ; ਸਾਹਸੀ ਬਣੋ, ਸੌੜੇ ਨਹੀਂ, ਵਿਸ਼ਾਲ-ਚਿਤ ਬਣੋ, ਐਸੇ ਵਿਸ਼ਾਲ ਕਿ ਅਨੰਤ ਅਸੀਮ ਹਸਤੀ ਦਾ ਅੰਗ ਬਣ ਜਾਓ।

105. ਉਹ ਦੇਸ਼

ਉਹ ਦੇਸ਼ ਤਰਸਯੋਗ ਹੈ, ਜੋ ਅੰਧ-ਵਿਸ਼ਵਾਸਾਂ ਤੇ ਭਰਮਾਂ ਵਹਿਮਾਂ ਨਾਲ ਤਾਂ ਭਰਿਆ ਪਿਆ ਹੈ ਪਰ ਧਰਮ ਤੋਂ ਸੱਖਣਾ ਹੈ। ਉਹ ਦੇਸ਼ ਵੀ ਤਰਸਯੋਗ ਹੈ, ਜੋ ਉਸ ਬਸਤਰ ਨੂੰ ਪਹਿਨਦਾ ਹੈ ਜੋ ਉਹ ਆਪ ਨਹੀਂ ਬੁਣਦਾ, ਉਹ ਸ਼ਰਾਬ ਪੀਂਦਾ ਹੈ ਜੋ ਉਸਦੀ ਆਪਣੀ ਭੱਠੀ ਵਿਚ ਤਿਆਰ ਨਹੀਂ ਹੁੰਦੀ।

ਉਹ ਦੇਸ਼ ਵੀ ਤਰਸਯੋਗ ਹੈ, ਜੋ ਬੇਰਹਿਮ ਤੇ ਨਿਰਦਈ ਨੂੰ ਤਾਂ ਵੀਰ ਬਹਾਦਰ ਮੰਨਦਾ ਹੈ ਪਰ ਦਨਦਨਾਉਂਦੇ ਵਿਜਈ ਦੈਂਤ ਨੂੰ 'ਦਯਾਲੂ' ਸਮਝਦਾ ਹੈ।

ਉਹ ਦੇਸ਼ ਵੀ ਤਰਸਯੋਗ ਹੈ ਜੋ ਕਿ ਸੁਪਨੇ ਵਿਚ ਇਕ ਗੱਲ ਦਾ ਤ੍ਰਿਸਕਾਰ ਕਰਦਾ ਤੇ ਜਾਗ੍ਰਤ ਅਵਸਥਾ ਵਿਚ ਉਸੇ ਨੂੰ ਸਤਿਕਾਰਦਾ ਹੈ।

ਉਹ ਦੇਸ਼ ਵੀ ਤਰਸਯੋਗ ਹੈ, ਜੋ ਮੌਤ ਦੇ ਜਨਾਜ਼ੇ ਵਿਚ ਚੱਲਣ ਸਮੇਂ ਤੋਂ ਬਿਨਾਂ ਕਦੀ ਆਪਣੀ ਆਵਾਜ਼ ਨਹੀਂ ਕੱਢਦਾ, ਆਪਣੇ ਖੰਡਰਾਂ ਤੋਂ ਬਿਨਾਂ ਕਿਤੇ ਆਪਣਾ ਸ੍ਵੈਮਾਣ ਨਹੀਂ ਪ੍ਰਗਟਾਉਂਦਾ, ਬਗ਼ਾਵਤ ਨਹੀਂ ਕਰਦਾ, ਸਿਵਾਇ ਉਸ ਵੇਲੇ ਦੇ ਜਦੋਂ ਕਿ ਉਸਦੀ ਗਰਦਨ ਤਲਵਾਰ ਦੀ ਧਾਰ ਹੇਠ ਹੁੰਦੀ ਹੈ।

ਉਹ ਦੇਸ਼ ਵੀ ਤਰਸਯੋਗ ਹੈ, ਜਿਸਦਾ ਸਿਆਸਤਦਾਨ ਲੂੰਬੜ ਹੈ, ਜਿਸਦਾ ਵਿਚਾਰਵਾਨ ਫ਼ਿਲਾਸਫ਼ਰ ਬਾਜ਼ੀਗਰ ਹੈ, ਜਿਸਦੀ ਕਲਾ ਭਾਨਮਤੀ ਦਾ ਕੁਨਬਾ ਹੈ, ਮਾਂਗਵੇਂ ਰੰਗਾਂ ਦਾ ਜੋੜ—ਬਹੁਰੂਪੀਆ ਹੈ।

ਉਹ ਦੇਸ਼ ਵੀ ਤਰਸਯੋਗ ਹੈ, ਜੋ ਆਪਣੇ ਨਵੇਂ ਬਾਦਸ਼ਾਹ ਦਾ ਧੂਮ-ਧਾਮ ਨਾਲ ਸੁਆਗਤ ਕਰਦਾ ਹੈ ਤੇ ਉਸਨੂੰ ਮਜ਼ਾਕ ਨਾਲ ਵਿਦਾਇਗੀ ਵੀ ਦਿੰਦਾ ਹੈ, ਇਉਂ ਇਸ ਲਈ ਤਾਂਕਿ ਦੂਜੇ ਆਉਣ ਵਾਲੇ ਬਾਦਸ਼ਾਹ ਦਾ ਸੁਆਗਤ ਕਰ ਸਕੇ।

ਉਸ ਦੇਸ਼ ਦੀ ਅਵਸਥਾ ਵੀ ਤਰਸਯੋਗ ਹੈ, ਜਿਸਦੇ ਮਹਾਂਪੁਰਖ ਵਰ੍ਹਿਆਂ ਤੋਂ ਗੁੰਗੇ ਬੈਠੇ ਹਨ ਤੇ ਸੂਰਬੀਰ ਅਜੇ ਪੰਘੂੜਿਆਂ ਵਿਚ ਹੀ ਝੂਲ ਰਹੇ ਹਨ।

ਉਹ ਦੇਸ਼ ਵੀ ਤਰਸਯੋਗ ਹੈ, ਜੋ ਕਿ ਅਨੇਕਾਂ ਟੋਟਿਆਂ ਵਿਚ ਵੰਡਿਆ ਹੋਇਆ ਹੈ ਤੇ ਹਰ ਟੁਕੜਾ ਆਪਣੇ ਆਪ ਨੂੰ ਇਕ ਸੁਤੰਤਰ ਦੇਸ਼ ਸਮਝਦਾ ਹੈ।

106. ਵਿੱਥ

ਮੈਨੂੰ 'ਵਿਦਵਾਨ' ਨਾ ਆਖੋ, ਜਦੋਂ ਕਿ ਤੁਸੀਂ ਸਾਰੇ ਮਨੁੱਖਾਂ ਨੂੰ ਗਿਆਨਵੰਤ ਨਹੀਂ ਸਮਝਦੇ। ਮੈਂ ਤਾਂ ਇਕ ਕੱਚਾ ਫਲ ਹਾਂ ਜੋ ਅਜੇ ਟਾਹਣੀਆਂ ਨਾਲ ਲਟਕ ਰਿਹਾ ਹੈ ਤੇ ਅਜੇ ਕੱਲ੍ਹ ਦੀ ਗੱਲ ਸੀ ਕਿ ਮੈਂ ਇਕ ਨਾਚੀਜ਼ ਫੁੱਲ ਸਾਂ। ਤੁਸੀਂ ਆਪਣੇ ਵਿੱਚੋਂ ਕਿਸੇ ਨੂੰ ਵੀ ਬੁਧੀਹੀਣ ਨਾ ਕਹੋ, ਕਿਉਂਕਿ ਸੱਚਾਈ ਇਹ ਹੈ ਕਿ ਨਾ ਤਾਂ ਅਸੀਂ ਵਿਦਵਾਨ ਹੀ ਹਾਂ ਤੇ ਨਾ ਹੀ ਕੋਰੇ ਅਗਿਆਨੀ। ਅਸੀਂ ਤਾਂ ਜ਼ਿੰਦਗੀ ਦੇ ਬਿਰਛ ਦੀਆਂ ਹਰੀਆਂ ਪੱਤੀਆਂ ਹਾਂ ਤੇ ਜ਼ਿੰਦਗੀ ਆਪ ਗਿਆਨ ਤੋਂ ਪਰ੍ਹੇ ਹੈ ਤੇ ਅਗਿਆਨਤਾ ਤੋਂ ਵੀ ਬਿਲਕੁਲ ਦੂਰ ਹੈ।

ਕੀ ਅਸਲ ਵਿਚ ਮੈਂ ਤੁਹਾਥੋਂ ਕੋਈ ਅਲਹਿਦਾ ਹਾਂ? ਕੀ ਤੁਸੀਂ ਜਾਣਦੇ ਨਹੀਂ ਕਿ ਦੂਰੀ ਕੁਝ ਵੀ ਚੀਜ਼ ਨਹੀਂ, ਸਿਵਾਇ ਇਸਦੇ ਕਿ ਜਿਸ ਉਤੇ ਆਤਮਾ ਕਲਪਨਾ ਸ਼ਕਤੀ ਦੁਆਰਾ ਪੁਲ ਨਹੀਂ ਬੰਨ੍ਹ ਸਕਦੀ। ਜਦੋਂ ਆਤਮਾ ਇਹ ਪੁਲ ਤਿਆਰ ਕਰ ਲੈਂਦੀ ਹੈ ਤਾਂ ਇਹ ਫ਼ਾਸਲਾ ਖ਼ੁਦ-ਬ-ਖ਼ੁਦ ਗੀਤ ਬਣ ਕੇ ਉਸ ਵਿਚ ਲੀਨ ਹੋ ਜਾਂਦਾ ਹੈ।

ਉਹ ਵਿੱਥ ਜੋ ਤੁਹਾਡੇ ਤੇ ਗੁਆਂਢੀ ਦੇ ਦਰਮਿਆਨ ਬਿਖੇੜੇ ਕਾਰਣ ਪੈਦਾ ਹੋਈ, ਉਹ ਅਸਲ ਵਿਚ ਇਸ ਵਿੱਥ ਤੋਂ ਕਿਤੇ ਵਡੇਰੀ ਹੈ ਜੋ ਕਿ ਤੁਹਾਡੇ ਅਤੇ ਸੱਤ ਸਮੁੰਦਰ ਪਾਰ ਵੱਸਣ ਵਾਲੇ ਪਿਆਰਿਆਂ ਦੇ ਦਰਮਿਆਨ ਹੈ।

ਯਾਦ ਲਈ ਵਿੱਥ ਕੁਝ ਵੀ ਨਹੀਂ ਤੇ ਭੁੱਲ ਜਾਣਾ ਹੀ ਇਕ ਐਸੀ ਡੂੰਘੀ ਖਾਈ ਹੈ, ਜਿਸਨੂੰ ਨਾ ਤੁਹਾਡੇ ਬੋਲ ਤੇ ਨਾ ਹੀ ਤੁਹਾਡੀ ਨਜ਼ਰ ਲੰਘ ਸਕਦੀ ਹੈ। ਸਾਗਰ ਦੇ ਕੰਢਿਆਂ ਤੇ ਉੱਚੀਆਂ ਉੱਚੀਆਂ ਪਹਾੜੀ ਚੋਟੀਆਂ ਦੇ ਵਿਚਕਾਰ ਇਕ ਐਸਾ ਗੁਪਤ ਰਾਹ ਹੈ, ਜੋ ਤੁਹਾਨੂੰ ਤੈਅ ਕਰਨਾ ਪਵੇਗਾ, ਇਸ ਤੋਂ ਪਹਿਲਾਂ ਕਿ ਤੁਸੀਂ ਧਰਤੀ ਮਾਤਾ ਦੇ ਬੇਟਿਆਂ ਨਾਲ ਇੱਕ-ਮਿੱਕ ਹੋ ਸਕੋ। ਇਸੇ ਤਰ੍ਹਾਂ ਤੁਹਾਡੇ ਗਿਆਨ ਤੇ ਤੁਹਾਡੀ ਬੁੱਧੀ ਦੇ ਦਰਮਿਆਨ ਇਕ ਅਜੇਹਾ ਮਾਰਗ ਹੈ ਜੋ ਤੁਹਾਨੂੰ ਜ਼ਰੂਰ-ਬਰ-ਜ਼ਰੂਰ ਲੱਭਣਾ ਹੀ ਪਵੇਗਾ, ਇਸ ਤੋਂ ਪਹਿਲਾਂ ਕਿ ਤੁਸੀਂ ਮਨੁੱਖ ਦੇ ਨਾਲ ਇੱਕ-ਮਿੱਕ ਹੋ ਸਕੋ ਤੇ ਆਪਣੇ ਆਪੇ ਵਿਚ ਲੀਨ ਹੋ ਸਕੋ।

ਤੁਹਾਡਾ ਸੱਜਾ ਹੱਥ ਜੋ ਕਿ ਦਿੰਦਾ ਹੈ, ਤੁਹਾਡਾ ਖੱਬਾ ਹੱਥ ਜੋ ਲੈਂਦਾ ਹੈ, ਇਨ੍ਹਾਂ ਦੋਹਾਂ ਵਿਚਕਾਰ ਬੇਅੰਦਾਜ਼ ਵਿੱਥ ਹੈ; ਦੇ ਲੈ ਕੇ ਹੀ ਇਹ ਵਿੱਥ ਮਿਟਾਈ ਜਾ ਸਕਦੀ ਹੈ ਕਿਉਂਕਿ ਇਸੇ ਸੋਝੀ ਨਾਲ ਕਿ ਨਾ ਅਸੀਂ ਕੁਝ ਦੇਣਾ ਤੇ ਨਾ ਹੀ ਕੁਝ ਲੈਣਾ ਹੈ, ਇਸ ਵਿੱਥ ਨੂੰ ਪਾਰ ਕੀਤਾ ਜਾ ਸਕਦਾ ਹੈ। ਦਰਅਸਲ ਸਭ ਤੋਂ ਵੱਡੀ ਵਿੱਥ ਤਾਂ ਤੁਹਾਡੀ ਨੀਂਦ ਦੀ ਅਵਸਥਾ ਤੇ ਜਾਗ੍ਰਤ ਅਵਸਥਾ ਵਿਚਕਾਰ ਹੈ, ਉਹ ਕੇਵਲ ਇਕ ਕਰਮ ਹੈ ਤੇ ਇਹ ਇਕ ਸੱਧਰ।

107. ਰਾਤ

ਆਮ ਤੌਰ 'ਤੇ ਤੁਸੀਂ ਰਾਤ ਨੂੰ 'ਵਿਸ਼ਰਾਮ ਦਾ ਸਮਾਂ' ਦੱਸਦੇ ਹੋ, ਲੇਕਿਨ ਸੱਚਾਈ ਇਹ ਹੈ ਕਿ ਇਹ ਤਾਂ ਖੋਜਣ ਤੇ ਪਾਉਣ ਦਾ ਸਮਾਂ ਹੈ। ਦਿਨ ਤੁਹਾਨੂੰ ਜਾਣਕਾਰੀ ਪ੍ਰਦਾਨ ਕਰਦਾ ਹੈ ਤੇ ਤੁਹਾਡੀਆਂ ਉਂਗਲੀਆਂ ਨੂੰ ਗ੍ਰਹਿਣ ਕਰਨ ਵਿਚ ਨਿਪੁੰਨ ਬਣਾਉਂਦਾ ਹੈ ਪਰ ਇਹ ਰਾਤ ਹੀ ਹੈ ਜੋ ਕਿ ਜ਼ਿੰਦਗੀ ਦੇ ਖ਼ਜ਼ਾਨੇ ਦੇ ਟਿਕਾਣੇ ਤੱਕ ਪਹੁੰਚਾਉਂਦੀ ਹੈ। ਸੂਰਜ ਉਨ੍ਹਾਂ ਸਭਨਾਂ ਨੂੰ ਸਮਝਾਉਂਦਾ ਹੈ ਜੋ ਚਾਨਣ ਲਈ ਆਪਣੀਆਂ ਲੋੜਾਂ ਵਧਾਉਂਦੇ ਰਹਿੰਦੇ

ਹਨ, ਪਰ ਇਹ ਰਾਤ ਹੀ ਹੈ ਜੋ ਉਨ੍ਹਾਂ ਨੂੰ ਸਿਤਾਰਿਆਂ ਤਕ ਉੱਚਾ ਉਠਾ ਕੇ ਲੈ ਜਾਂਦੀ ਹੈ।

ਅਸਲ ਵਿਚ ਦੇਖਿਆ ਜਾਵੇ ਤਾਂ ਰਾਤ ਦੀ ਖ਼ਾਮੋਸ਼ੀ ਹੀ ਹੈ ਜੋ ਜੰਗਲ 'ਚ ਬਿਰਛਾਂ ਬੂਟਿਆਂ ਤੇ ਬਗ਼ੀਚਿਆਂ ਵਿਚ ਫੁੱਲਾਂ ਦਾ ਵਿਆਹ ਰਚਾਉਂਦੀ ਤੇ ਪ੍ਰੀਤੀਭੋਜਨ ਦਾ ਵੱਡਾ ਦਸਤਰਖ਼ਾਨ ਸਜਾਉਂਦੀ ਹੈ। ਫਿਰ ਸੁਹਾਗਰਾਤ ਦਾ ਮਹੱਲ ਤਿਆਰ ਹੁੰਦਾ ਹੈ, ਜਿਸਦੀ ਪਵਿੱਤਰ ਸ਼ਾਂਤ ਅਵਸਥਾ ਦੀ ਕੁੱਖ ਵਿੱਚੋਂ 'ਕੱਲ੍ਹ' ਜਨਮ ਲੈਂਦਾ ਹੈ।

ਇਸ ਤਰ੍ਹਾਂ ਉਹ ਤੁਹਾਡੇ ਨਾਲ ਨਾਲ ਹੈ, ਤੁਹਾਨੂੰ ਰੱਜ ਖਾਣ ਨੂੰ ਮਿਲਦਾ ਤੇ ਤੁਹਾਡੀ ਮੁਰਾਦ ਪੂਰੀ ਹੁੰਦੀ ਹੈ। ਭਾਵੇਂ ਸਵੇਰ ਹੋਣ 'ਤੇ ਜਾਗ ਤੁਹਾਡੀ ਯਾਦ ਦੇ ਚਿੰਨ੍ਹ ਮਿਟਾ ਦਿੰਦੀ ਹੈ ਪਰ ਸੁਪਨਿਆਂ ਦਾ ਪੜਦਾ ਤਾਂ ਛਾਇਆ ਹੀ ਰਹਿੰਦਾ ਹੈ ਤੇ ਸੁਹਾਗਰਾਤ ਦਾ ਮਹੱਲ ਹਮੇਸ਼ਾ ਤੁਹਾਡੀ ਇੰਤਜ਼ਾਰ ਵਿਚ ਹੁੰਦਾ ਹੈ।

.....ਤੁਸੀਂ ਸਾਰੇ ਗੁੰਮ-ਸੁੰਮ ਰੂਹਾਂ ਹੋ ਜੋ ਸਰੀਰਾਂ ਵਿਚ ਗੇੜਾ ਕੱਢਦੀਆਂ ਹਨ। ਤੁਸੀਂ ਉਸ ਤੇਲ ਵਾਂਙ ਹੋ ਜੋ ਅੰਨ੍ਹੇਰੇ ਵਿਚ ਜਲਦਾ ਬਲਦਾ ਹੈ ਪਰ ਦੀਵੇ ਵਿਚ ਬੰਦ ਹੈ। ਜੇਕਰ ਤੁਸੀਂ ਸਰੀਰ ਤੋਂ ਬਿਨਾਂ ਕੁਝ ਵੀ ਨਹੀਂ ਹੋ ਤਾਂ ਮੇਰਾ ਤੁਹਾਡੇ ਸਨਮੁਖ ਖੜੇ ਹੋਣਾ ਤੇ ਉਪਦੇਸ਼ਣਾ ਕਿਸੇ ਅਰਥ ਨਹੀਂ। ਮੇਰੇ ਦੋਸਤੋ ! ਗੱਲ ਇਉਂ ਨਹੀਂ ਹੈ। ਉਹ ਜੋ ਸਭ ਕੁਝ ਤੁਹਾਡੇ ਅੰਦਰ ਅਮਰ ਹੈ, ਸੁਤੰਤਰ ਹੈ, ਉਸਨੂੰ ਕਿਸੇ ਕੋਠੜੀ ਵਿਚ ਬੰਦ ਨਹੀਂ ਕੀਤਾ ਜਾ ਸਕਦਾ ਹੈ ਤੇ ਨਾ ਹੀ ਉਸਨੂੰ ਕਿਸੇ ਤਰ੍ਹਾਂ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾ ਸਕਦਾ ਹੈ, ਕਿਉਂਕਿ ਉਹ ਦੈਵੀ ਹੁਕਮ ਉਸੇ ਦਾ ਹੈ, ਤੁਸੀਂ ਉਸੇ ਦਾ ਇਕ ਸੁਆਸ ਹੋ; ਪੌਣ ਨੂੰ ਕੋਈ ਕੈਦ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਪਕੜ ਸਕਦਾ ਹੈ, ਮੈਂ ਵੀ ਉਸੇ ਰੱਬੀ ਪ੍ਰਾਣ ਦਾ ਇਕ ਮਾਮੂਲੀ ਪ੍ਰਾਣ ਮਾਤਰ ਹਾਂ।

108. ਵਿਆਕੁਲ ਆਤਮਾ

ਆਪਣੇ ਪੱਕੇ ਹੋਏ ਭਾਰੀ ਫਲ ਨਾਲ ਮੇਰੀ ਆਤਮਾ ਲੱਦੀ ਹੋਈ ਹੈ, ਉਹ ਕੌਣ ਹੈ ਜੋ ਅੱਗੇ ਆਏ ਤੇ ਇਸ ਫਲ ਨੂੰ ਖਾ ਕੇ ਤ੍ਰਿਪਤੀ ਪਾਵੇ। ਕੀ ਅਜੇਹਾ ਕੋਈ ਨਹੀਂ ਜਿਸ ਨੇ ਵ੍ਰਤ ਰਖਿਆ ਹੋਵੇ, ਖੁਧਿਆਰਥੀ ਹੋਵੇ ਤੇ ਦਯਾਵਾਨ ਵੀ ? ਫਿਰ ਸੂਰਜ ਦੇ ਪਹਿਲੇ ਦਰਸ਼ਨਾਂ ਨਾਲ ਮੇਰੀ ਭੇਟਾ ਕਬੂਲ ਕਰੋ ਤੇ ਮੈਨੂੰ ਆਪਣੇ ਵਧਾਰੇ ਤੋਂ ਖਲਾਸੀ ਦਿਵਾਵੇ।

ਮੇਰੀ ਰੂਹ ਸਦੀਆਂ ਦੀ ਸ਼ਰਾਬ ਨਾਲ ਲਬਾ ਲਬ ਭਰੀ ਪਈ ਹੈ, ਕੀ ਕੋਈ ਤ੍ਰਿਖਾਵੰਤ ਨਹੀਂ ਜੋ ਆ ਕੇ ਇਸ ਨੂੰ ਖ਼ਾਲੀ ਕਰੇ ?

ਦੇਖੋ, ਇਕ ਆਦਮੀ ਸੀ, ਉਹ ਆਉਣ ਜਾਣ ਵਾਲੇ ਬੰਦਿਆਂ ਅੱਗੇ ਚੌਰਾਹੇ ਵਿਚ ਹੱਥ ਫੈਲਾ ਕੇ ਖੜਾ ਹੋ ਗਿਆ ਤੇ ਉਸਦੇ ਹੱਥ ਹੀਰਿਆਂ ਜਵਾਹਰਾਂ ਨਾਲ ਭਰ ਗਏ ਤਾਂ ਉਸਨੇ ਉੱਚੀ ਪੁਕਾਰ ਕੇ ਕਿਹਾ, "ਮੇਰੇ ਉਤੇ ਮਿਹਰ ਕਰੋ ਤੇ ਮੇਰੇ ਕੋਲੋਂ ਇਹ ਸਭ ਕੁਝ ਲੈ ਜਾਓ। ਰੱਬ ਦੇ ਨਾਮ 'ਤੇ ਇਹ ਮੈਥੋਂ ਸਭ ਕੁਝ ਲੈ ਲਓ ਤੇ ਮੈਨੂੰ ਤਸਕੀਨ ਪਾਉਣ ਦਿਉ।" ਆਉਣ ਜਾਣ ਵਾਲੇ ਦੇਖ ਦੇਖ ਲੰਘਦੇ ਗਏ, ਕਿਸੇ ਉਸਦੇ ਹੱਥੋਂ ਕੁਝ ਨਾ ਲਿਆ।

ਇਸ ਤੋਂ ਚੰਗਾ ਤਾਂ ਇਹੋ ਸੀ ਕਿ ਉਹ ਇਕ ਮੰਗਤਾ ਹੁੰਦਾ ਜੋ ਆਪਣੇ ਕੰਬਦੇ ਕੰਬਦੇ ਹੱਥ ਵਧਾਉਂਦਾ ਤੇ ਫਿਰ ਖ਼ਾਲੀ ਦਾ ਖ਼ਾਲੀ ਮੋੜ ਲੈਂਦਾ। ਹੋਰ ਦੇਖੋ, ਇਕ ਦਯਾਲੂ ਸ਼ਹਿਜ਼ਾਦਾ ਸੀ ਜਿਸਨੇ ਪਹਾੜਾਂ ਤੇ ਰੇਗਿਸਤਾਨਾਂ ਵਿਚ ਆਪਣੇ ਰੇਸ਼ਮੀ ਤੰਬੂ ਲਾਏ ਤੇ ਸੈਲਾਨੀਆਂ ਲਈ ਅੱਗ ਬਾਲੀ ਤੇ ਆਪਣੇ ਗ਼ੁਲਾਮਾਂ ਨੂੰ ਥਾਂ ਥਾਂ ਤਾਇਨਾਤ ਕੀਤਾ ਕਿ ਘੱਟ ਤੋਂ ਘੱਟ ਇਕ

ਅਤਿਥੀ ਤਾਂ ਲੱਭ ਕੇ ਲਿਆਓ, ਪਰ ਉਸਨੂੰ ਕੋਈ ਨਾ ਮਿਲ ਸਕਿਆ। ਇਸ ਤੋਂ ਇਹੋ ਚੰਗਾ ਸੀ ਕਿ ਇਹ ਸ਼ਹਿਜ਼ਾਦਾ ਇਕ ਸਾਧਾਰਣ ਆਦਮੀ ਹੁੰਦਾ, ਇਕ ਐਸਾ ਮਨੁੱਖ ਜੋ ਕਿਤੇ ਦਾ ਨਹੀਂ, ਕਿਸੇ ਇਕ ਸਮੇਂ ਦਾ ਨਹੀਂ; ਜੋ ਭੋਜਨ ਤੇ ਆਸਰੇ ਦੀ ਤਲਾਸ਼ ਵਿਚ ਹੈ ਜਾਂ ਉਹ ਕੋਈ ਮੁਸਾਫ਼ਰ ਹੀ ਹੁੰਦਾ ਜਿਸ ਪਾਸ ਸਿਵਾਏ ਸੋਟੀ ਤੇ ਮਿੱਟੀ ਦੇ ਮਾਮੂਲੀ ਭਾਂਡੇ ਦੇ ਕੁਝ ਨਹੀਂ। ਤਾਂ ਹੀ ਉਹ ਰਾਤ ਨੂੰ ਆਪਣੇ ਵਰਗਿਆਂ ਨਾਲ ਮਿਲ ਜੁਲ ਸਕਦਾ ਤੇ ਉਨ੍ਹਾਂ ਕਵੀਆਂ ਨਾਲ ਜੋ ਨਾ ਕਿਸੇ ਟਿਕਾਣੇ ਦੇ ਹਨ ਤੇ ਨਾ ਕਿਸੇ ਇਕ ਸਮੇਂ ਦੇ, ਉਨ੍ਹਾਂ ਨਾਲ ਵੀ ਉਹ ਆਪਣੀਆਂ ਯਾਦਾਂ ਤੇ ਸੁਪਨਿਆਂ ਨੂੰ ਸਾਂਝਿਆਂ ਕਰ ਸਕਦਾ।

ਇਕ ਗੱਲ ਹੋਰ ਦੇਖੋ, ਸ਼ਹਿਜ਼ਾਦੀ ਗੂੜ੍ਹੀ ਨੀਂਦ ਵਿਚੋਂ ਜਾਗ ਪਈ, ਤੇ ਉਸਨੇ ਰੇਸ਼ਮੀ ਸੂਟ ਪਾਇਆ, ਹਾਰ ਸ਼ਿੰਗਾਰ ਲਾਏ, ਜ਼ੁਲਫ਼ਾਂ 'ਤੇ ਦੁਪੱਟਾ ਲਿਆ ਤੇ ਹੱਥਾਂ ਪੈਰਾਂ ਨੂੰ ਮਹਿੰਦੀ ਲਾਈ । ਫਿਰ ਉਹ ਆਪਣੀ ਉੱਚੀ ਅਟਾਰੀ ਤੋਂ ਉਤਰ ਕੇ ਹੇਠ ਬਾਗ਼ ਵਿਚ ਆਈ ਜਿਥੇ ਕਿ ਤ੍ਰੇਲ-ਤੁਪਕਿਆਂ ਨੇ ਉਸਦੀ ਕੱਢਵੀਂ ਜੁੱਤੀ ਨੂੰ ਚੁੰਮਿਆ।

ਰਾਤ ਦੀ ਸੁੰਨਸਾਨ ਵਿਚ ਉਹ ਵਿਚਾਰੀ ਪ੍ਰੇਮ ਦੀ ਖੋਜ ਵਿਚ ਇਧਰ-ਉਧਰ ਭਟਕਦੀ ਫਿਰੀ, ਪਰੰਤੂ ਪਿਤਾ ਦੇ ਵਿਸ਼ਾਲ ਸਾਮਰਾਜ ਵਿਚ ਇਕ ਵੀ ਉਸਦਾ ਪ੍ਰੇਮੀ ਨਹੀਂ ਸੀ। ਇਸ ਤੋਂ ਚੰਗਾ ਸੀ ਕਿ ਉਹ ਇਕ ਕਿਸਾਨ ਦੀ ਬੇਟੀ ਹੁੰਦੀ, ਉਹ ਖੇਤ ਦੇ ਮਣੇ 'ਤੇ ਹੀ ਸੌਂਦੀ ਤੇ ਸ਼ਾਮ ਵੇਲੇ ਪਾਟੇ ਪੁਰਾਣਿਆਂ ਕੱਪੜਿਆਂ ਵਿਚ ਧੂੜ ਭਰੇ ਪੈਰਾਂ ਨਾਲ, ਅੰਗੂਰਾਂ ਦੇ ਬਾਗ਼ ਦੀ ਸੁਗੰਧ ਲੈਂਦੀ ਆਪਣੇ ਪਿਤਾ ਦੇ ਘਰ ਮੁੜਦੀ। ਤੇ ਜਦ ਰਾਤ ਪੈਂਦੀ ਤਾਂ ਉਹ ਰਾਤ ਦੀ ਦੇਵੀ (ਅਭਿਸਾਰਕਾ) ਬਣ ਕੇ ਚੋਰੀ ਚੋਰੀ ਉਸ ਘਾਟੀ ਨੂੰ ਪਾਰ ਕਰਦੀ ਜਿਥੇ ਕਿ ਉਸਦਾ ਪ੍ਰੇਮੀ ਉਡੀਕ ਕਰ ਰਿਹਾ ਹੁੰਦਾ।

ਉਹ ਬਾਰ ਬਾਰ ਕਹਿ ਰਿਹਾ ਸੀ ਕਿ ਮੇਰੀ ਆਤਮਾ ਮੇਰੇ ਪੱਕੇ ਹੋਏ ਫਲਾਂ ਨਾਲ ਬੋਝਲ ਹੋ ਰਹੀ ਹੈ, ਮੇਰੀ ਰੂਹ ਇਕ ਲਬਾ-ਲਬ ਭਰਿਆ ਪਿਆਲਾ ਹੈ। ਚੰਗਾ ਸੀ ਕਿ ਮੈਂ ਇਕ ਬਿਰਛ ਹੀ ਹੁੰਦਾ, ਬਿਨਾਂ ਫਲ ਫੁੱਲ ਦੇ। ਕਿਉਂਕਿ ਬਹੁਲਤਾ ਦੀ ਪੀੜਾ ਸੱਖਣੇਪਣ ਨਾਲੋਂ ਕਿਤੇ ਵਧੇਰੇ ਹੈ। ਅਮੀਰ ਦਾ ਦੁਖ ਭਿਖਾਰੀ ਦੀ ਨਿਰਧਨਤਾ ਨਾਲੋਂ ਕਿਤੇ ਵਡੇਰਾ ਹੈ, ਜਿਸਦਾ ਕੋਈ ਹਿੱਸੇਦਾਰ ਨਹੀਂ ਬਣਦਾ। ਕਾਸ਼! ਮੈਂ ਇਕ ਖੂਹ ਹੀ ਹੁੰਦਾ, ਬੇਪਾਣੀ, ਸੁੱਕਾ ਖੂਹ, ਜਿਸ ਵਿਚ ਲੋਕ ਇੱਟਾਂ ਪੱਥਰ ਸੁੱਟਦੇ ਰਹਿੰਦੇ; ਕਾਸ਼! ਮੈਂ ਇਕ ਵੰਝਲੀ ਹੁੰਦਾ, ਪੈਰਾਂ ਹੇਠ ਦਲੀ-ਮਲੀ ਹੋਈ, ਚਾਂਦੀ ਦੇ ਤਾਰਾਂ ਵਾਲੀ ਵੀਣਾ ਤੋਂ ਉਹੋ ਅੱਛੀ ਸੀ, ਜਿਸ ਵੀਣਾ ਦੇ ਮਾਲਕ ਦੀਆਂ ਉਂਗਲਾਂ ਹੀ ਨਹੀਂ ਤੇ ਉਸਦੇ ਬੱਚੇ ਉਂਜ ਬੋਲੇ ਹਨ।

109. ਆਖ਼ਰੀ ਨਸੀਹਤ

ਮੇਰੇ ਹਮ-ਸਫ਼ਰ ਸਾਥੀਓ! ਅੱਜ ਸਾਨੂੰ ਜੁਦਾ ਹੋਣਾ ਹੀ ਪਵੇਗਾ। ਬੜੀ ਦੇਰ ਤੋਂ ਅਸੀਂ ਭਿਆਨਕ ਸਾਗਰਾਂ 'ਤੇ ਤਰਦੇ ਆਏ ਹਾਂ, ਸਿੱਧੀਆਂ ਪਹਾੜੀ ਚੋਟੀਆਂ 'ਤੇ ਵੀ ਚੜ੍ਹਦੇ ਆਏ ਹਾਂ ਤੇ ਤੂਫ਼ਾਨਾਂ ਦਾ ਮੁਕਾਬਲਾ ਵੀ ਕੀਤਾ ਹੈ। ਅਸਾਂ ਨੂੰ ਭੁੱਖ ਵੀ ਲੱਗੀ ਹੈ ਤੇ ਅਸੀਂ ਰਲ-ਮਿਲ ਕੇ ਪ੍ਰੀਤੀ ਭੋਜਨ ਵੀ ਕੀਤਾ ਹੈ। ਕਈ ਵਾਰ ਅਸੀਂ ਨੰਗ-ਧੜੰਗੇ ਵੀ ਰਹੇ ਹਾਂ ਤੇ ਕਈ ਵਾਰ ਸ਼ਾਹੀ ਲਿਬਾਸ ਪਾ ਕੇ ਆਪਣੇ ਆਪ ਨੂੰ ਸਜਾਇਆ ਵੀ ਹੈ। ਦਰਅਸਲ ਅਸੀਂ ਬੜਾ ਹੀ ਲੰਮਾ ਪੈਂਡਾ ਮਾਰਿਆ ਹੈ ਲੇਕਿਨ ਹੁਣ ਵਿਛੋੜੇ ਦੀ ਘੜੀ ਆਣ ਪਹੁੰਚੀ ਹੈ, ਤੁਸੀਂ ਇਕੱਠੇ

ਆਪਣੇ ਰਸਤੇ 'ਤੇ ਜਾਓਗੇ ਤੇ ਮੈਂ ਆਪਣਾ ਰਸਤਾ ਲਵਾਂਗਾ। ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਆਪਣੇ ਰਸਤੇ ਪਈਏ, ਮੈਂ ਤੁਹਾਨੂੰ ਜ਼ਿੰਦਗੀ ਦਾ ਸਾਰ ਦੱਸਣਾ ਚਾਹਾਂਗਾ।

ਤੁਸੀਂ ਆਪਣੇ ਰਸਤੇ ਗਾਉਂਦੇ ਗਾਉਂਦੇ ਜਾਓ ਲੇਕਿਨ ਹਰ ਗੀਤ ਛੋਟਾ ਚਾਹੀਦਾ ਹੈ, ਕਿਉਂਕਿ ਉਹੋ ਗੀਤ ਦਿਲ ਵਿਚ ਜਿਊਂਦਾ-ਜਾਗਦਾ ਰਹਿੰਦਾ ਹੈ ਜੋ ਗੀਤ ਆਪਣੇ ਜੋਬਨ ਵਿਚ ਹੀ ਤੁਹਾਡੇ ਬੁੱਲ੍ਹਾਂ 'ਤੇ ਨੱਚਦਾ ਨੱਚਦਾ ਅੰਦਰ ਲੀਨ ਹੋ ਗਿਆ ਹੋਵੇ।

ਇਕ ਹੁਸੀਨ ਸੱਚਾਈ ਥੋੜ੍ਹੇ ਸ਼ਬਦਾਂ ਵਿਚ ਆਖੋ, ਲੇਕਿਨ ਬੇਹੁਸੀਨ ਸੱਚਾਈ ਥੋੜ੍ਹੇ ਸ਼ਬਦਾਂ ਵਿਚ ਵੀ ਨਾ ਆਖੋ। ਜਿਸ ਸੁੰਦਰੀ ਦੀਆਂ ਜ਼ੁਲਫ਼ਾਂ ਸੂਰਜ-ਪ੍ਰਕਾਸ਼ ਵਿਚ ਝਿਲਮਿਲਾ ਰਹੀਆਂ ਹੋਣ, ਉਸਨੂੰ ਕਹੋ ਕਿ ਤੂੰ ਪ੍ਰਭਾਤ ਦੀ ਪੁਤ੍ਰੀ ਹੈਂ, ਲੇਕਿਨ ਜੇ ਕਿਤੇ ਕੋਈ ਅੰਨ੍ਹਾ ਦਿਖਾਈ ਦੇਵੇ ਤਾਂ ਉਸਨੂੰ ਇਹ ਨਹੀਂ ਕਹਿਣਾ ਕਿ ਤੂੰ ਘੁੱਪ ਅੰਨ੍ਹੇਰਾ ਹੈਂ।

ਵੰਝਲੀ ਵਾਲੇ ਨੂੰ ਧਿਆਨ ਨਾਲ ਸੁਣੋ ਜਿਵੇਂ ਕਿ ਉਹ ਬਹਾਰ ਨੂੰ ਸੁਣਦਾ ਹੈ। ਜੇ ਕਿਸੇ ਨੁਕਤਾਚੀਨ ਨੂੰ ਸੁਣੋ ਤਾਂ ਬੋਲੇ ਹੋ ਜਾਓ ਤੇ ਇਤਨਾ ਦੂਰ ਨਿਕਲ ਜਾਓ, ਜਿੰਨੀ ਕਿ ਤੁਹਾਡੀ ਕਲਪਨਾ।

ਮੇਰੇ ਸੰਗੀ ਸਾਥੀਓ! ਰਸਤੇ ਵਿਚ ਤੁਹਾਨੂੰ ਲੰਮੇ ਲੰਮੇ ਨਹੁੰਦਰਾਂ ਵਾਲੇ ਆਦਮੀ ਮਿਲਣਗੇ, ਉਨ੍ਹਾਂ ਨੂੰ ਆਪਣੇ ਖੰਭ ਦੇਣਾ; ਲੰਮੇ ਸਿੰਗਾਂ ਵਾਲੇ ਮਨੁੱਖ ਮਿਲਣਗੇ, ਉਨ੍ਹਾਂ ਨੂੰ ਚੰਬੇਲੀ ਦੇ ਹਾਰ ਪਹਿਨਾਉਣਾ; ਲੰਮਿਆਂ ਪੰਜਿਆਂ ਵਾਲਿਆਂ ਨੂੰ ਮਿਲੋਗੇ ਤਾਂ ਉਨ੍ਹਾਂ ਦੀਆਂ ਉਂਗਲੀਆਂ ਵਿਚ ਪੱਖੜੀਆਂ ਸਜਾ ਦੇਣਾ; ਤਿੱਖੀ ਲੰਮੀ ਜ਼ਬਾਨ ਵਾਲੇ ਆਦਮੀ ਵੀ ਮਿਲਣਗੇ, ਉਨ੍ਹਾਂ ਨੂੰ ਸ਼ਹਿਦ-ਭਿੰਨੇ ਬੋਲ ਦੇਣਾ। ਹੋਰ ਵੀ ਤੁਹਾਨੂੰ ਬਹੁਤ ਮਿਲਣਗੇ—ਲੰਗੜੇ, ਜੋ ਵਿਸਾਖੀਆਂ ਵੇਚ ਰਹੇ ਹੋਣਗੇ; ਅੰਨ੍ਹੇ, ਜੋ ਐਨਕਾਂ ਵਿਕਰੀ ਕਰ ਰਹੇ ਹੋਣਗੇ ਤੇ ਅਮੀਰ ਆਦਮੀ, ਜੋ ਮੰਦਰ ਦੇ ਦਰਵਾਜ਼ੇ 'ਤੇ ਭੀਖ ਮੰਗ ਰਹੇ ਹੋਣਗੇ।

ਲੰਗੜਿਆਂ ਨੂੰ ਆਸਰਾ ਦੇਣਾ, ਅੰਨ੍ਹੇ ਨੂੰ ਦ੍ਰਿਸ਼ਟੀ ਦੇਣਾ ਤੇ ਆਪਣਾ ਆਪ ਅਮੀਰ ਭਿਖਾਰੀਆਂ ਦੇ ਹਵਾਲੇ ਕਰ ਦੇਣਾ ਕਿਉਂਕਿ ਉਹ ਸਭ ਤੋਂ ਵੱਧ ਜ਼ਰੂਰਤਮੰਦ ਹਨ। ਕੋਈ ਵੀ ਆਦਮੀ ਮੰਗਣ ਲਈ ਹੱਥ ਨਹੀਂ ਫੈਲਾਉਂਦਾ, ਜਿਤਨਾ ਚਿਰ ਉਹ ਸੱਚੀਂ ਮੁਚੀਂ ਗ਼ਰੀਬ ਨਾ ਹੋਵੇ।

110. ਅਗਲੀ ਫੇਰੀ

ਓ ਚਿੱਟੇ ਗੋੜ੍ਹੇ ਵਰਗੀ ਧੁੰਦ!

ਮੈਂ ਤੇਰੇ ਪਾਸ ਆ ਗਿਆ ਹਾਂ, ਇਕ ਉੱਜਲ ਸੁਆਸ ਬਣ ਕੇ ਤੇ ਬੇਆਵਾਜ਼ ਬਣ ਕੇ, ਇਕ ਬੋਲ ਵੀ ਮੈਂ ਮੂੰਹੋਂ ਨਹੀਂ ਕੱਢਿਆ।

ਓ ਖੰਭਾਂ ਵਾਲੀ ਧੁੰਦ! ਅਸੀਂ ਸਭ ਇੱਕੋ ਹਾਂ ਤੇ ਜ਼ਿੰਦਗੀ ਦੇ ਅਗਲੇ ਦਿਨ ਤਕ ਇਕੱਠੇ ਹੀ ਰਹਾਂਗੇ। ਉਹ ਕਿਹੜੀ ਸਵੇਰ ਹੋਵੇਗੀ ਜੋ ਤੈਨੂੰ ਤ੍ਰੇਲ-ਤੁਪਕਾ ਬਣਾ ਕੇ ਮੁੜ ਬਗ਼ੀਚੇ ਵਿਚ ਲਿਟਾਏਗੀ! ਤੇ ਮੈਨੂੰ ਇਕ ਨਿੱਕਾ ਬਾਲ ਬਣਾ ਕੇ ਇਕ ਇਸਤ੍ਰੀ ਦੀ ਗੋਦ ਖਿਡਾਏਗੀ। ਅਸੀਂ ਇਕ ਦੂਜੇ ਨੂੰ ਯਾਦ ਰੱਖਾਂਗੇ।

ਓ ਮੇਰੀ ਸਾਥਣ ਧੁੰਦ! ਮੈਂ ਵਾਪਸ ਆ ਗਿਆ ਹਾਂ, ਧੜਕਦੀ ਤਾਂਘ ਲੈ ਕੇ ਤੇ ਉੱਡਦਾ ਉੱਡਦਾ ਵਿਚਾਰ ਲੈ ਕੇ। ਓ ਮੇਰੇ ਭਾਈ! ਮੇਰੀ ਮਾਂ ਦੇ ਪਲੇਠੇ ਪੁੱਤਰ, ਮੇਰੇ ਹੱਥ ਵਿਚ ਅਜੇ

ਵੀ ਉਹ ਚੀਜ਼ਾਂ ਫੜੀਆਂ ਹੋਈਆਂ ਹਨ ਜੋ ਤੂੰ ਮੈਨੂੰ ਖਿਲਾਰਨ ਲਈ ਦਿੱਤੀਆਂ ਸਨ। ਇਹ ਮੇਰੇ ਬੁਲ੍ਹ ਸੀਤੇ ਹੋਏ ਹਨ ਜੋ ਤੁਸਾਂ ਮੈਨੂੰ ਗਾਉਣ ਲਈ ਦਿੱਤੇ ਸਨ। ਮੈਂ ਤੁਹਾਡੇ ਲਈ ਕੋਈ ਫਲ ਲੈ ਕੇ ਨਹੀਂ ਆਇਆ ਤੇ ਨਾ ਹੀ ਕੋਈ ਗੂੰਜਵੀਂ ਸੁਰ, ਕਿਉਂਕਿ ਮੇਰੇ ਹੱਥ ਬੱਧੇ ਹੋਏ ਤੇ ਬੁੱਲ੍ਹ ਖ਼ਾਮੋਸ਼ ਸਨ।

ਮੈਂ ਦੁਨੀਆਂ ਨੂੰ ਬੜਾ ਪਿਆਰ ਕੀਤਾ ਤੇ ਦੁਨੀਆਂ ਨੇ ਵੀ ਮੈਨੂੰ ਬਹੁਤ ਪਿਆਰ ਦਿੱਤਾ, ਮੇਰੀਆਂ ਸਭ ਮੁਸਕਾਨਾਂ ਦੁਨੀਆਂ ਦੇ ਬੁੱਲ੍ਹਾਂ 'ਤੇ ਸਨ ਤੇ ਸਭ ਹੰਝੂ ਮੇਰੀਆਂ ਅੱਖੀਆਂ ਵਿਚ। ਫਿਰ ਵੀ ਸਾਡੇ ਦਰਮਿਆਨ ਇਕ ਖ਼ਾਮੋਸ਼ੀ ਛਾਈ ਹੋਈ ਸੀ, ਜਿਸਨੂੰ ਦੁਨੀਆਂ ਭਰਨਾ ਨਹੀਂ ਸੀ ਚਾਹੁੰਦੀ ਤੇ ਮੈਂ ਵੀ ਉਸ ਖਾਈ ਨੂੰ ਪਾਰ ਨਹੀਂ ਸਾਂ ਕਰ ਸਕਦਾ।

ਮੈਂ ਆਪਣੇ ਪੁਰਾਣੇ ਗੀਤ ਬੱਚਿਆਂ ਨੂੰ ਸੁਣਾਏ, ਉਨ੍ਹਾਂ ਸੁਣੇ—ਉਹ ਅਚੰਭਿਤ ਸਨ, ਕੱਲ੍ਹ ਨੂੰ ਇਕ ਦਮ ਉਹ ਇਹ ਗੀਤ ਭੁੱਲ ਵੀ ਜਾਣਗੇ। ਮੈਨੂੰ ਪਤਾ ਨਹੀਂ ਲਗਦਾ ਕਿ ਪੌਣ ਕਿਸ ਦੇ ਪਾਸ ਇਹ ਗੀਤ ਨਹੀਂ ਲੈ ਕੇ ਜਾਵੇਗੀ। ਹਾਲਾਂਕਿ ਇਹ ਗੀਤ ਮੇਰਾ ਆਪਣਾ ਨਹੀਂ, ਪਰ ਇਹ ਮੇਰੇ ਦਿਲ ਵਿਚ ਖੁਭ ਗਿਐ ਤੇ ਮੇਰੇ ਹੋਠਾਂ ਉਤੇ ਕਾਫ਼ੀ ਅਰਸਾ ਖੇਡਦਾ ਰਿਹਾ ਹੈ।

ਇਹ ਸਭ ਕੁਝ ਬੀਤ ਗਿਆ, ਮੈਂ ਸ਼ਾਂਤੀ ਵਿਚ ਹਾਂ, ਮੇਰੇ ਲਈ ਇਹੋ ਕਾਫ਼ੀ ਸੀ ਕਿ ਉਨ੍ਹਾਂ ਲਈ ਗਾਵਾਂ ਜੋ ਕਿ ਜਨਮ ਲੈ ਚੁੱਕੇ ਹਨ, ਭਾਵੇਂ ਇਹ ਗੀਤ ਮੇਰਾ ਆਪਣਾ ਨਹੀਂ ਲੇਕਿਨ ਇਹ ਮੇਰੇ ਦਿਲ ਦੀ ਡੂੰਘੀ ਸੱਧਰ ਹੈ।

ਓ ਧੁੰਦ! ਮੈਂ ਤੇਰੇ ਨਾਲ ਇੱਕ-ਮਿੱਕ ਹਾਂ, ਹੁਣ ਮੈਂ ਖ਼ੁਦ 'ਮੈਂ' ਨਹੀਂ ਰਿਹਾ। ਪੜਦੇ ਲਹਿ ਚੁੱਕੇ ਹਨ, ਜ਼ੰਜੀਰਾਂ ਟੁੱਟ ਚੁੱਕੀਆਂ ਹਨ, ਮੈਂ ਤੇਰੇ ਕੋਲ ਆਉਣ ਲਈ ਉਪਰ ਉੱਡ ਰਿਹਾ ਹਾਂ, ਇਕ ਧੁੰਦ ਬਣ ਕੇ। ਅਸੀਂ ਨਾਲੋ ਨਾਲ ਸਾਗਰ ਉਤੇ ਤਰਾਂਗੇ, ਜੀਵਨ ਦੇ ਦੂਜੇ ਦਿਨ ਤੱਕ। ਪ੍ਰਭਾਤ ਤੈਨੂੰ ਤ੍ਰੇਲ-ਤੁਪਕਾ ਬਣਾ ਕੇ ਬਗ਼ੀਚੇ ਵਿਚ ਲਿਟਾ ਲਵੇਗੀ ਤੇ ਮੈਨੂੰ ਇਕ ਬਾਲਕ ਬਣਾ ਕੇ ਇਸਤ੍ਰੀ ਦੀ ਗੋਦ ਵਿਚ ਲਿਟਾ ਦੇਵੇਗੀ।

111. ਸੰਪੂਰਨਤਾ

ਤੁਸੀਂ ਮੈਨੂੰ ਪੁੱਛੋਗੇ ਕਿ ਮਨੁੱਖ ਸੰਪੂਰਨਤਾ ਨੂੰ ਕਦੋਂ ਪਹੁੰਚਦਾ ਹੈ ? ਮੇਰਾ ਜਵਾਬ ਇਹ ਹੈ—ਇਹ ਉਦੋਂ ਸੰਪੂਰਨਤਾ ਦੀ ਸਿਖ਼ਰ ਉਤੇ ਪੁੱਜਦਾ ਹੈ ਜਦੋਂ ਕਿ ਇਹ ਇਉਂ ਅਨੁਭਵ ਕਰਨ ਲੱਗ ਜਾਵੇ ਕਿ ਉਹ ਅਨੰਤ ਅਥਾਹ ਪੁਲਾੜ ਹੈ, ਬੇਕਿਨਾਰਾ ਸਾਗਰ ਹੈ, ਜਗਮਗਾਉਂਦੀ ਜਵਾਲਾ ਹੈ; ਅਬੁਝ ਰੌਸ਼ਨੀ, ਸ਼ਾਂਤ ਪੌਣ ਤੇ ਕ੍ਰੋਧਿਤ ਤੂਫ਼ਾਨ, ਬਿਜਲਈ ਕੜਕਾਂ ਵਾਲਾ ਅਸਮਾਨ, ਮੀਂਹਾਂ ਝੱਖੜਾਂ ਵਾਲਾ ਗਗਨ, ਗਾਉਂਦਾ ਝਰਨਾ, ਵੈਣ ਪਾਉਂਦਾ ਵਾਹੜਾ, ਬਹਾਰ ਦਾ ਪ੍ਰਫੁਲਤ ਬਿਰਛ, ਪੱਤਝੜ ਦਾ ਰੁੰਡ-ਮੁੰਡ ਬੂਟਾ, ਚੜ੍ਹਦਾ ਪਰਬਤ, ਢਲਦੀ ਵਾਦੀ, ਜ਼ਰਖ਼ੇਜ਼ ਮੈਦਾਨ ਜਾਂ ਇਕ ਮਾਰੂਥਲ। ਜਦੋਂ ਮਨੁੱਖ ਇਨ੍ਹਾਂ ਨੂੰ ਆਪਣੇ ਅਹਿਸਾਸ ਵਿਚ ਲਿਆਉਂਦਾ ਹੈ ਤਾਂ ਉਹ ਸੰਪੂਰਨਤਾ ਦਾ ਅੱਧਾ ਰਸਤਾ ਤੈਅ ਕਰ ਲੈਂਦਾ ਹੈ। ਨਿਸ਼ਾਨੇ 'ਤੇ ਪੁੱਜਣ ਲਈ ਉਹ ਫਿਰ ਖ਼ਿਆਲ ਕਰਦਾ ਹੈ ਕਿ ਉਹ ਤਾਂ ਇਕ ਅਜੇਹਾ ਬਾਲਕ ਹੈ, ਜੋ ਆਪਣੀ ਮਾਂ 'ਤੇ ਨਿਰਭਰ ਹੈ, ਉਹ ਪਿਤਾ ਵੀ ਹੈ ਜੋ ਕਿ ਆਪਣੇ ਪਰਿਵਾਰ ਦਾ ਪਾਲਣਹਾਰਾ ਹੈ, ਉਹ ਨੌਜੁਆਨ ਹੈ ਜੋ ਪ੍ਰੇਮ ਵਿਚ ਗ਼ਲਤਾਨ ਹੈ, ਉਹ ਇਕ ਪ੍ਰਾਚੀਨ ਕਾਲ ਹੈ ਜੋ ਆਪਣੇ ਭੂਤ ਨਾਲ ਟੱਕਰ ਲੈ ਰਿਹਾ ਹੈ—ਇਕ ਮੰਦਰ ਦਾ ਪੁਜਾਰੀ, ਕੈਦ ਵਿਚ ਬੈਠਾ ਅਪਰਾਧੀ, ਖੋਜ ਦੇ

ਕਾਗ਼ਜ਼ਾਂ ਵਿਚ ਰੁੱਝਾ ਇਕ ਵਿਦਵਾਨ, ਰਾਤ ਦੇ ਅੰਨ੍ਹੇਰੇ ਤੇ ਦਿਨ ਦੇ ਧੁੰਦੂਕਾਰ ਵਿਚ ਠੇਡੇ ਖਾਂਦਾ ਅਗਿਆਨੀ, ਆਪਣੇ ਈਮਾਨ ਦੇ ਫੁੱਲਾਂ ਤੇ ਇਕੱਲ ਦੇ ਕੰਡਿਆਲੇ ਭੱਖੜੇ ਵਿਚ ਦਿਨ ਕੱਟਦੀ ਸਾਧਣੀ, ਆਪਣੀਆਂ ਕਮਜ਼ੋਰੀਆਂ ਦੇ ਤਿੱਖੇ ਮਾਰੂ ਦੰਦਾਂ ਤੇ ਆਪਣੀਆਂ ਲੋੜਾਂ ਦੇ ਪੰਜੇ ਵਿਚ ਫਾਥੀ ਵੇਸਵਾ, ਜੀਵਨ ਦੀਆਂ ਤਲਖ਼ੀਆਂ ਵਿਚ ਘਿਰਿਆ ਹੋਇਆ ਇਕ ਗ਼ਰੀਬ, ਆਪਣੀ ਹਿਰਸ ਤੇ ਜ਼ਮੀਰ ਵਿਚਕਾਰ ਲਟਕ ਰਿਹਾ ਅਮੀਰ, ਘੁਸਮੁਸ ਦੀ ਧੁੰਦ ਤੇ ਪ੍ਰਭਾਤ ਦੇ ਉਜਾਲੇ ਵਿਚ ਮਸਤ ਕਵੀ।

ਜੋ ਕੋਈ ਇਨ੍ਹਾਂ ਵਰਤਾਰਿਆਂ ਨੂੰ ਦੇਖਦਾ, ਅਨੁਭਵ ਕਰਦਾ ਤੇ ਸਮਝਦਾ ਹੈ, ਉਹ ਸੰਪੂਰਨਤਾ ਨੂੰ ਪਹੁੰਚ ਸਕਦਾ ਹੈ ਤੇ ਉਹ ਰੱਬ ਦੇ ਪ੍ਰਤਿਬਿੰਬ ਦਾ ਪ੍ਰਤਿਬਿੰਬ ਵੀ ਬਣ ਸਕਦਾ ਹੈ।

112. ਸੁਖ ਦੁਖ

ਇਨਸਾਨੀ ਜੀਵਨ ਵਿਚ ਸੁਖ ਦੁਖ ਦੋਵੇਂ ਹੀ ਹਨ। ਸੁਖ ਆਉਣ 'ਤੇ ਮਨੁੱਖ ਦੁਖ ਨੂੰ ਭੁੱਲ ਜਾਂਦਾ ਹੈ ਤੇ ਦੁਖ ਆਉਣ 'ਤੇ ਸੁਖ ਦੀ ਲਾਲਸਾ ਕਰਨ ਲੱਗ ਜਾਂਦਾ ਹੈ, ਲੇਕਿਨ ਮੈਂ ਸੁਖ ਵਿਚ ਰਹਿ ਕੇ ਦੁਖ ਨੂੰ ਭੁੱਲਣਾ ਨਹੀਂ ਚਾਹਾਂਗਾ ਕਿਉਂਕਿ ਉਸੇ ਕਰਕੇ ਮੈਨੂੰ ਸੰਕਟ ਸਹਾਰਨ ਦੀ ਸ਼ਕਤੀ ਹਾਸਲ ਹੋਈ ਹੈ।

ਦੁਖ ਜਿਸਨੇ ਮੈਨੂੰ ਸੁਖ ਦੀ ਪ੍ਰਤੀਤੀ ਕਰਵਾਈ ਤੇ ਸੁਖ ਜਿਸਨੇ ਮੈਨੂੰ ਮੁਸਕ੍ਰਾਹਟ ਬਖ਼ਸ਼ੀ।

ਦੁਖ ਨੇ ਮੈਨੂੰ ਉਨ੍ਹਾਂ ਵਿਆਕੁਲ ਤੇ ਨਿਰਾਸ਼ ਵਿਅਕਤੀਆਂ ਦੇ ਨੇੜੇ ਲਿਆਂਦਾ ਜੋ ਮੇਰੇ ਵਾਂਙ ਹੀ ਦੁਖੀ ਤੇ ਪੀੜਿਤ ਸਨ।

ਮੈਂ ਜੀਵਨ ਤੋਂ ਅੱਕੇ-ਥੱਕੇ ਨਿਰਾਸ਼ ਮਨੁੱਖ ਦੀ ਤਰ੍ਹਾਂ ਮਰਨਾ ਨਹੀਂ ਚਾਹੁੰਦਾ, ਮੈਂ ਤਾਂ ਆਸ਼ਾਵਾਦੀ ਰਹਿ ਕੇ ਮਰਨਾ ਚਾਹਾਂਗਾ। ਮੈਂ ਆਸ਼ਾਵਾਦੀ ਬਣੇ ਰਹਿਣ ਲਈ ਪ੍ਰੇਮ ਤੇ ਹੁਸਨ ਦੀ ਲੋਚਾ ਰਖਦਾ ਹਾਂ ਤੇ ਮੈਂ ਇਸ ਭੁੱਖ ਦੀ ਪੂਰਤੀ ਕਰ ਕੇ ਸੰਤੁਸ਼ਟਤਾ ਵੀ ਨਹੀਂ ਚਾਹੁੰਦਾ ਕਿਉਂਕਿ ਮੈਂ ਸੰਤੁਸ਼ਟ ਲੋਕਾਂ ਨੂੰ ਹਮੇਸ਼ਾ ਨਿਰਾਸ਼ ਹੁੰਦੇ ਦੇਖਿਆ ਹੈ ਤੇ ਆਸ਼ਾਵਾਦੀ ਲੋਕਾਂ ਨੂੰ ਪ੍ਰਸੰਨਤਾ ਨਾਲ ਜਿਊਂਦੇ-ਜਾਗਦੇ ਅੱਗੇ ਵਧਦੇ ਤੱਕਿਆ ਹੈ।

ਜਿਵੇਂ ਹਨੇਰਾ ਪੈਣ 'ਤੇ ਫੁੱਲ ਆਪਣੀਆਂ ਪੰਖੜੀਆਂ ਸਮੇਟ ਕੇ ਇਸ ਲਾਲਸਾ ਨਾਲ ਸੌਂ ਜਾਂਦੇ ਹਨ ਕਿ ਪ੍ਰਭਾਤ ਦੇ ਸੂਰਜ ਦੀਆਂ ਕਿਰਨਾਂ ਦਾ ਚੁੰਮਣ ਉਨ੍ਹਾਂ ਨੂੰ ਫਿਰ ਮਿਲੇ ਤੇ ਉਹ ਆਪਣੀਆਂ ਪੰਖੜੀਆਂ ਨੂੰ ਫਿਰ ਖਿੜਾ ਸਕਣ।

ਫੁੱਲ ਇਸੇ ਆਸ਼ਾ ਅੰਦਰ ਆਪਣਾ ਜੀਵਨ ਬਸਰ ਕਰਦਾ ਹੈ, ਮੈਂ ਵੀ ਅਜੇਹੀ ਆਸ਼ਾ ਵਿਚ ਜਿਊਣਾ ਲੋਚਦਾ ਹਾਂ ਜੋ ਕਿ ਦਿਨ ਢਲਦੇ ਹੀ ਫਿਰ ਜਾਗ੍ਰਤ ਹੋ ਜਾਂਦੀ ਹੈ। ਐਸੀ ਆਸ਼ਾ ਕਸ਼ਟਮਈ ਹੁੰਦੇ ਹੋਏ ਵੀ ਅਨੰਦ-ਦਾਇਕ ਹੈ।

113. ਸਰੀਰ ਤੇ ਆਤਮਾ

ਇਕ ਆਦਮੀ ਤੇ ਔਰਤ ਝਰੋਖੇ ਵਿਚ ਬੈਠੇ ਬਹਾਰ ਦੀ ਮੌਜ ਮਾਣ ਰਹੇ ਸਨ; ਉਹ ਬਿਲਕੁਲ ਇਕ ਦੂਜੇ ਦੇ ਅਤਿ ਨੇੜੇ ਨੇੜੇ ਸਨ। ਔਰਤ ਕਹਿਣ ਲੱਗੀ, "ਮੈਂ ਤੁਹਾਨੂੰ ਪਿਆਰ

ਕਰਦੀ ਹਾਂ, ਤੂੰ ਰੂਪਵਾਨ, ਧਨਵਾਨ ਹੈਂ ਤੇ ਸੁੰਦਰ ਪੁਸ਼ਾਕਾਂ ਨਾਲ ਸੱਜਿਆ ਰਹਿੰਦਾ ਹੈਂ।" ਆਦਮੀ ਕਹਿਣ ਲੱਗਾ, "ਮੈਂ ਤੈਨੂੰ ਪਿਆਰ ਕਰਦਾ ਹਾਂ, ਤੂੰ ਇਕ ਸੁੰਦਰ ਕਲਪਨਾ ਹੈਂ, ਇਕ ਐਸੀ ਸੂਖਮ ਸ਼ੈ ਜੋ ਫੜੀ ਨਹੀਂ ਜਾ ਸਕਦੀ, ਤੂੰ ਮੇਰੇ ਸੁਪਨਿਆਂ ਵਿਚ ਗੂੰਜਣ ਵਾਲਾ ਸੰਗੀਤ ਹੈਂ।"

ਇਹ ਸੁਣ ਕੇ ਉਸ ਔਰਤ ਨੇ ਖਿਝ ਕੇ ਮੂੰਹ ਦੂਜੇ ਪਾਸੇ ਕਰ ਲਿਆ, ਕਹਿਣ ਲੱਗੀ, "ਤੁਸੀਂ ਰਹਿਣ ਦਿਉ ਮਹਾਰਾਜ! ਮੈਂ ਕਲਪਨਾ ਨਹੀਂ ਹਾਂ, ਮੈਂ ਚਾਹੁੰਦੀ ਹਾਂ ਕਿ ਤੁਸੀਂ ਮੈਨੂੰ ਆਪਣੀ ਪਤਨੀ ਤੇ ਆਪਣੇ ਹੋਣ ਵਾਲੇ ਬੱਚੇ ਦੀ ਮਾਂ ਦੇ ਰੂਪ ਵਿਚ ਅਪਣਾਓ।"

ਉਹ ਦੋਵੇਂ ਨਿਖੜ ਗਏ। ਆਦਮੀ ਮਨ ਹੀ ਮਨ ਵਿਚ ਕਹਿਣ ਲੱਗਾ, "ਓਹ ਹੋ, ਫਿਰ ਇਕ ਸੁਪਨਾ ਅੰਨ੍ਹੇਰੇ ਵਿਚ ਬਦਲ ਗਿਆ।" ਦੂਜੇ ਪਾਸੇ ਔਰਤ ਬੋਲੀ, "ਚੰਗਾ ਹੋਇਆ, ਅਜੇਹੇ ਆਦਮੀ ਦਾ ਕੀ ਹੈ ਜੋ ਮੈਨੂੰ ਅੰਨ੍ਹੇਰਾ ਤੇ ਸੁਪਨਾ ਬਣਾ ਦੇਣਾ ਚਾਹੁੰਦਾ ਸੀ।"

114. ਵਟਾਂਦਰਾ

ਇਕ ਵਾਰ ਇਕ ਚੁਰਾਹੇ ਵਿਚ ਇਕ ਗ਼ਰੀਬ ਕਵੀ ਤੇ ਇਕ ਅਮੀਰ ਮੂਰਖ ਦਾ ਮੇਲ ਹੋ ਗਿਆ। ਦੋਹਾਂ ਵਿਚਕਾਰ ਜੋ ਗੱਲਾਂ-ਬਾਤਾਂ ਹੋਈਆਂ, ਉਨ੍ਹਾਂ ਵਿਚ ਵਧੇਰੇ ਕਰਕੇ ਅਸੰਤੁਸ਼ਟਤਾ ਦੀ ਸੁਰ ਪ੍ਰਧਾਨ ਸੀ। ਉਸੇ ਵਕਤ ਇਕ ਫ਼ਰਿਸ਼ਤਾ ਆਇਆ, ਉਸਨੇ ਦੋਹਾਂ ਦੇ ਮੋਢਿਆਂ ਉਤੇ ਹੱਥ ਰਖਿਆ। ਇਹ ਹੱਥ ਰੱਖਣ ਦੀ ਦੇਰ ਸੀ ਕਿ ਦੋਹਾਂ ਦੇ ਗੁਣਾਂ ਔਗੁਣਾਂ ਦਾ ਵਟਾਂਦਰਾ ਹੋ ਗਿਆ।

ਦੋਵੇਂ ਵਿਦਾ ਹੋ ਗਏ, ਲੇਕਿਨ ਹੈਰਾਨੀ ਵਾਲੀ ਗੱਲ ਇਹ ਸੀ ਕਿ ਜਦੋਂ ਕਵੀ ਨੇ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਉਸਨੂੰ ਆਪਣੇ ਹੱਥਾਂ ਵਿਚੋਂ ਕਿਰ ਰਹੇ ਰੇਤੇ ਤੋਂ ਸਿਵਾ ਕੁਝ ਨਾ ਮਿਲਿਆ ਅਤੇ ਜਦ ਮੂਰਖ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਤਾਂ ਉਸਨੂੰ ਆਪਣੇ ਦਿਲ ਦੇ ਆਕਾਸ਼ ਵਿਚ ਘੁੰਮਦੇ ਬੱਦਲਾਂ ਤੋਂ ਸਿਵਾ ਕੁਝ ਨਾ ਦਿਸਿਆ।

115. ਪਰਛਾਵਾਂ

ਗਰਮੀ ਦਾ ਮਹੀਨਾ ਸੀ, ਇਕ ਦਿਨ ਘਾਹ ਨੇ ਫਰਵਾਂਹ ਦੀ ਛਾਂ ਨੂੰ ਕਿਹਾ, "ਤੂੰ ਮੇਰੇ ਸੱਜੇ ਖੱਬੇ ਆ ਆ ਕੇ ਹਮੇਸ਼ਾ ਮੈਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈਂ।"

ਛਾਂ ਨੇ ਜਵਾਬ ਦਿੱਤਾ, "ਮੇਰਾ ਇਸ ਵਿਚ ਕੀ ਕਸੂਰ ਹੈ, ਜ਼ਰਾ ਉਪਰ ਦੇਖ, ਇਹ ਰੁੱਖ ਪੂਰਬ ਤੋਂ ਪੱਛਮ ਤੇ ਪੱਛਮ ਤੋਂ ਪੂਰਬ ਵੱਲ ਨੂੰ ਝੂਲਦਾ ਹੀ ਰਹਿੰਦਾ ਹੈ, ਟਿਕਦਾ ਨਹੀਂ।"

ਘਾਹ ਉਪਰ ਵੱਲ ਨੂੰ ਝਾਕਿਆ, ਉਸਦੇ ਜੀਵਨ ਵਿਚ ਇਹ ਪਹਿਲਾ ਹੀ ਮੌਕਾ ਸੀ। ਉਹ ਆਪਣੇ ਮਨ ਹੀ ਮਨ ਵਿਚ ਕਹਿਣ ਲੱਗਾ, "ਕੀ ਗੱਲ ਹੈ, ਇਹ ਵੀ ਤਾਂ ਇਕ ਘਾਹ ਹੀ ਹੈ, ਜ਼ਰਾ ਵੱਡਾ ਹੋ ਗਿਆ ਤਾਂ ਕੀ।"

116. ਚੂਹਾ ਤੇ ਬਿੱਲੀ

ਇਕ ਦਿਨ ਸ਼ਾਮ ਵੇਲੇ ਇਕ ਕਵੀ ਦੀ ਮੁਲਾਕਾਤ ਇਕ ਕਿਸਾਨ ਨਾਲ ਹੋ ਗਈ। ਕਵੀ ਇਕਾਂਤ-ਪਸੰਦ ਸੀ ਤੇ ਕਿਸਾਨ ਵੀ ਕੁਝ ਸੰਗਾਊ ਸੁਭਾਅ ਦਾ ਸੀ ਪਰ ਫਿਰ ਵੀ ਗੱਲਬਾਤ ਛਿੜ ਪਈ। ਕਿਸਾਨ ਨੇ ਕਿਹਾ, "ਮੈਂ ਤੁਹਾਨੂੰ ਇਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਹਾਂ, ਜੋ ਮੈਂ ਹੁਣੇ ਹੁਣੇ ਸੁਣੀ ਹੈ। ਇਕ ਵਾਰ ਇਕ ਚੂਹਾ ਜਾਲ ਵਿਚ ਫਸ ਗਿਆ, ਜਦੋਂ ਉਹ ਅੰਦਰ ਬੈਠਾ ਖ਼ੁਸ਼ੀ ਖ਼ੁਸ਼ੀ ਮਿਠਿਆਈ ਖਾ ਰਿਹਾ ਸੀ ਤਾਂ ਇਕ ਬਿੱਲੀ ਆ ਗਈ, ਪਹਿਲਾਂ ਤਾਂ ਚੂਹਾ ਡਰ ਗਿਆ ਪਰ ਫਿਰ ਉਸਨੂੰ ਵਿਸ਼ਵਾਸ ਹੋ ਗਿਆ ਕਿ ਉਹ ਤਾਂ ਜਾਲ ਵਿਚ ਹੋਣ ਕਾਰਣ ਬਿਲਕੁਲ ਸੁਰੱਖਿਅਤ ਹੈ।"

ਬਿੱਲੀ ਕਹਿਣ ਲੱਗੀ, "ਮੇਰੇ ਮਿੱਤਰ! ਇਹ ਤੇਰੀ ਆਖ਼ਰੀ ਗ੍ਰਾਹੀ ਹੈ।" ਚੂਹੇ ਨੇ ਕਿਹਾ, "ਠੀਕ ਹੈ, ਮੈਨੂੰ ਤਾਂ ਇੱਕੋ ਜੀਵਨ ਮਿਲਿਆ ਹੈ, ਇਸ ਲਈ ਮੈਨੂੰ ਮਰਨਾ ਵੀ ਇਕ ਵਾਰ ਹੀ ਪਵੇਗਾ ਪਰ ਤੂੰ ਆਪਣੀ ਸੋਚ। ਲੋਕ ਕਹਿੰਦੇ ਹਨ, ਤੈਨੂੰ ਨੌਂ ਜੀਵਨ ਹਾਸਲ ਹਨ, ਕੀ ਇਸਦਾ ਭਾਵ ਇਹ ਨਹੀਂ ਕਿ ਤੈਨੂੰ ਨੌਂ ਵਾਰ ਹੀ ਮਰਨਾ ਪਵੇਗਾ?"

ਇਤਨਾ ਕਹਿ ਕੇ ਕਿਸਾਨ ਨੇ ਕਵੀ ਵੱਲ ਤੱਕ ਕੇ ਪੁੱਛਿਆ, "ਕੀ ਤੁਹਾਨੂੰ ਇਹ ਕਹਾਣੀ ਦਿਲਚਸਪ ਨਹੀਂ ਲਗਦੀ?" ਕਵੀ ਨੇ ਉਸਦਾ ਜਵਾਬ ਤਾਂ ਕੋਈ ਨਾ ਦਿੱਤਾ ਲੇਕਿਨ ਆਪਣੇ ਮਨ ਹੀ ਮਨ ਵਿਚ ਇਹ ਕਹਿੰਦਾ ਅੱਗੇ ਤੁਰ ਗਿਆ—"ਇਹ ਤਾਂ ਠੀਕ ਹੈ ਕਿ ਸਾਨੂੰ ਨੌਂ ਜੀਵਨ ਪ੍ਰਾਪਤ ਹਨ ਤੇ ਨੌਂ ਵਾਰ ਹੀ ਸਾਨੂੰ ਮਰਨਾ ਪਵੇਗਾ, ਪੂਰੇ ਨੌਂ ਵਾਰ। ਕੀ ਇਸ ਤੋਂ ਅੱਛਾ ਨਹੀਂ ਸੀ ਕਿ ਸਾਨੂੰ ਇਕੋ ਜੀਵਨ ਮਿਲਿਆ ਹੁੰਦਾ—ਜਾਲ ਵਿਚ ਫਸੇ ਹੋਏ ਕਿਸਾਨ ਦਾ ਜੀਵਨ, ਜਿਸਨੇ ਹੱਥ ਵਿਚ ਆਖ਼ਰੀ ਬੁਰਕੀ ਫੜੀ ਹੋਈ ਹੋਵੇ। ਕੀ ਅਸੀਂ ਜੰਗਲਾਂ ਬੀਆਬਾਨਾਂ ਵਿਚ ਰਹਿਣ ਵਾਲੇ ਹਿਰਨਾਂ ਤੇ ਸ਼ੇਰਾਂ ਦੇ ਹੀ ਭਾਈਬੰਦ ਨਹੀਂ?

117. ਮੋਹਰਾਂ ਦੀ ਪੇਟੀ

ਇਕ ਦਿਨ ਦੋ ਰਾਹੀ ਜਾਂਦੇ ਜਾਂਦੇ ਦਰਿਆ ਲਾਗੇ ਪੁੱਜ ਗਏ। ਉਸ ਉਤੇ ਨਾ ਕੋਈ ਪੁਲ ਸੀ ਤੇ ਨਾ ਹੀ ਬੇੜੀ। ਉਨ੍ਹਾਂ ਸਲਾਹ ਕੀਤੀ ਕਿ ਚਲੋ ਤਰ ਹੀ ਚਲੀਏ, ਦਰਿਆ ਬਹੁਤਾ ਚੌੜਾ ਨਹੀਂ। ਦੋਵੇਂ ਪਾਣੀ ਵਿਚ ਕੁਦ ਪਏ। ਇਨ੍ਹਾਂ ਵਿਚੋਂ ਇਕ ਰਾਹੀ ਜੋ ਦਰਿਆ ਦੇ ਵਹਿਣ ਤੋਂ ਵਾਕਫ਼ ਵੀ ਸੀ, ਤਰਦਿਆਂ ਤਰਦਿਆਂ ਹੌਸਲਾ ਗੁਆ ਬੈਠਾ ਤੇ ਦਰਿਆ ਦੀ ਧਾਰ ਵਿਚ ਵਹਿ ਗਿਆ।

ਦੂਸਰਾ ਰਾਹੀ ਜੋ ਤਰਨਾ ਵੀ ਨਹੀਂ ਜਾਣਦਾ ਸੀ, ਸਹਿਜੇ ਸਹਿਜੇ ਦਰਿਆ ਪਾਰ ਕਰ ਗਿਆ, ਜਦ ਉਸਨੇ ਆਪਣੇ ਸਾਥੀ ਨੂੰ ਧਾਰਾ ਵਿਚ ਵਹਿੰਦਿਆਂ ਦੇਖਿਆ, ਉਹ ਉਸਨੂੰ ਹਿੰਮਤ ਕਰ ਕੇ ਖਿੱਚ ਖਿਚਾ ਕੇ ਸਹੀ ਸਲਾਮਤ ਕਿਨਾਰੇ ਉਤੇ ਲੈ ਆਇਆ ਤਾਂ ਉਹ ਕਹਿਣ ਲੱਗਾ ਕਿ ਤੂੰ ਤਾਂ ਕਹਿੰਦਾ ਸੀ ਕਿ ਤੈਨੂੰ ਤਰਨ ਦੀ ਜਾਚ ਨਹੀਂ, ਫਿਰ ਤੂੰ ਕਿਵੇਂ ਦਰਿਆ ਪਾਰ ਕਰ ਲਿਆ!

ਦੂਜੇ ਰਾਹੀ ਨੇ ਜਵਾਬ ਦਿੱਤਾ, "ਮੇਰੇ ਦੋਸਤ! ਮੇਰੇ ਲੱਕ ਨਾਲ ਬੰਨ੍ਹੀ ਤੂੰ ਪੇਟੀ ਨਹੀਂ ਦੇਖਦਾ, ਜਿਸ ਵਿਚ ਕਿ ਮੈਂ ਮੋਹਰਾਂ ਭਰੀਆਂ ਹੋਈਆਂ ਹਨ, ਇਹ ਮੈਂ ਆਪਣੀ ਸੁਪਤਨੀ

ਤੇ ਬੱਚਿਆਂ ਲਈ ਸਾਲ-ਭਰ ਮਿਹਨਤ ਕਰ ਕੇ ਇਕੱਠੀਆਂ ਕੀਤੀਆਂ ਸਨ। ਇਸੇ ਬਾਂਸਲੀ ਦੀ ਕਰਾਮਾਤ ਹੈ ਕਿ ਮੈਂ ਦਰਿਆ ਪਾਰ ਕਰ ਸਕਿਆ। ਜਦ ਮੈਂ ਤਰ ਰਿਹਾ ਸਾਂ ਤਾਂ ਮੇਰੀ ਪਤਨੀ ਤੇ ਬੱਚੇ ਮੇਰੇ ਕੰਨ੍ਹੇੜਿਆਂ ਉਤੇ ਨਾਲ ਨਾਲ ਸਨ।"

118. ਪੁਰਾਣੀ ਸ਼ਰਾਬ

ਇਕ ਅਮੀਰ ਆਦਮੀ ਨੇ ਪੁਰਾਣੀ ਸ਼ਰਾਬ ਦੀ ਭਰੀ ਸੁਰਾਹੀ ਚਿਰ ਤੋਂ ਸਾਂਭ ਕੇ ਰੱਖੀ ਹੋਈ ਸੀ। ਉਸਨੂੰ ਮਾਣ ਸੀ ਕਿ ਮੇਰੇ ਪਾਸ ਇਤਨੀ ਪੁਰਾਣੀ ਮਦਰਾ ਹੈ।

ਇਕ ਵਾਰ ਇਲਾਕੇ ਦਾ ਹਾਕਮ ਦੌਰੇ ਉਤੇ ਆਇਆ ਤਾਂ ਉਸਨੇ ਸੋਚਿਆ ਕਿ ਇਹ ਭਰੀ-ਭਰਾਈ ਸੁਰਾਹੀ ਉਸਦੇ ਪੇਸ਼ ਕਰਾਂ, ਪਰ ਐਸਾ ਨਾ ਹੋ ਸਕਿਆ। ਫਿਰ ਇਕ ਵਾਰ ਵੱਡਾ ਪਾਦਰੀ ਆਇਆ, ਲੇਕਿਨ ਉਹ ਸੋਚਦਾ ਰਿਹਾ, ਮਨ ਹੀ ਮਨ ਵਿਚ ਕਹਿਣ ਲੱਗਾ—'ਅਜੇ ਮੈਂ ਇਹ ਸੁਰਾਹੀ ਨਹੀਂ ਖੋਲ੍ਹਣੀ, ਭਲਾ ਇਹ ਕੀ ਇਸਦੀ ਕਦਰ ਜਾਣਦਾ ਹੈ, ਉਸਦੇ ਨੱਕ ਨੂੰ ਇਸਦੀ ਸੁਗੰਧ ਦੀ ਵੀ ਪਛਾਣ ਨਹੀਂ।' ਫਿਰ ਇਕ ਦਫ਼ਾ ਉਸ ਦੇਸ਼ ਦਾ ਬਾਦਸ਼ਾਹ ਆਇਆ, ਉਸਨੇ ਉਸਦੇ ਘਰ ਪ੍ਰੀਤੀ-ਭੋਜਨ ਵੀ ਕੀਤਾ, ਲੇਕਿਨ ਉਸਨੇ ਉਸ ਸਮੇਂ ਵੀ ਇਹੋ ਸੋਚਿਆ ਕਿ ਇਹ ਚੀਜ਼ ਵਧੇਰੇ ਮਾਣ ਤੇ ਫ਼ਖ਼ਰ ਵਾਲੀ ਹੈ, ਫਿਰ ਕਦੀ ਸਹੀ। ਫਿਰ ਉਸਦੇ ਭਤੀਜੇ ਦਾ ਵਿਆਹ ਹੋਇਆ, ਉਸ ਵੇਲੇ ਉਹ ਕਹਿਣ ਲੱਗਾ ਕਿ ਇਹ ਪ੍ਰਾਹੁਣੇ ਤਾਂ ਇਸ ਦੇ ਲਾਇਕ ਨਹੀਂ। ਇਸ ਤਰ੍ਹਾਂ ਵਰ੍ਹਿਆਂ ਬੱਧੀ ਸੋਚਦਿਆਂ ਸੋਚਦਿਆਂ ਉਸਦੀ ਮੌਤ ਹੋ ਗਈ, ਬੁੱਢੇ ਦੀ ਲਾਸ਼ ਨੂੰ ਕਬਰ ਵਿਚ ਦਬਾ ਦਿੱਤਾ ਗਿਆ, ਜਿਵੇਂ ਕਿ ਧਰਤੀ ਵਿਚ ਬੀ ਬੀਜ ਦਿੱਤਾ ਜਾਂਦਾ ਹੈ।

ਜਦੋਂ ਗੁਆਂਢੀ ਉਸਨੂੰ ਦੱਬ ਕੇ ਵਾਪਸ ਮੁੜੇ ਤਾਂ ਉਨ੍ਹਾਂ ਹੋਰ ਸਾਮਾਨ ਦੇ ਨਾਲ ਉਸ ਸੁਰਾਹੀ ਨੂੰ ਵੀ ਬਾਹਰ ਕੱਢਿਆ ਤੇ ਲਾਗੇ-ਚਾਗੇ ਦੇ ਕੰਮੀਆਂ-ਕਿਸਾਨਾਂ ਨੇ ਇਕੱਠੇ ਹੋ ਕੇ ਖ਼ੂਬ ਸ਼ਰਾਬ ਪੀਤੀ, ਪਰ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਇਹ ਕਿਤਨੀ ਪੁਰਾਣੀ ਸ਼ਰਾਬ ਹੈ ਤੇ ਕਿਤਨੀ ਕੀਮਤੀ ਹੈ।

119. ਮਗਰਮੱਛ ਦੇ ਹੰਝੂ

ਨੀਲ ਦਰਿਆ ਦੇ ਕੰਢੇ, ਸ਼ਾਮ ਦੀ ਗਹਿਰੀ ਧੁੰਦ ਵੇਲੇ, ਇਕ ਮਗਰਮੱਛ ਤੇ ਬਿੱਜੂ ਦੀ ਮੁਲਾਕਾਤ ਹੋ ਗਈ। ਬਿੱਜੂ ਨੇ ਪੁਛਿਆ, "ਸੁਣਾਓ ਕੀ ਹਾਲ ਹੈ?" ਜਵਾਬ ਵਿਚ ਮਗਰਮੱਛ ਬੋਲਿਆ, "ਕੀ ਪੁਛਦੇ ਹੋ, ਬੁਰਾ ਹਾਲ ਹੈ। ਜੇਕਰ ਕਦੀ ਕਿਸੇ ਦੁਖ ਦਰਦ ਕਾਰਣ ਅੱਖਾਂ ਵਿਚ ਰਤਾ ਮਾਸਾ ਪਾਣੀ ਆ ਜਾਵੇ ਤਾਂ ਇਹ ਲੋਕ ਠੱਠਾ ਕਰਦੇ ਕਹਿੰਦੇ ਹਨ ਕਿ ਇਹ ਤਾਂ ਮਗਰਮੱਛ ਦੇ ਹੰਝੂ ਹਨ।"

ਅੱਗੋਂ ਬਿੱਜੂ ਨੇ ਵੀ ਆਪਣੀ ਵਿਥਿਆ ਸੁਣਾਉਣੀ ਸ਼ੁਰੂ ਕੀਤੀ, "ਤੂੰ ਆਪਣਾ ਰੋਣਾ ਰੋਂਦਾ ਹੈਂ, ਮੇਰਾ ਹਾਲ ਵੀ ਦੇਖ। ਮੈਂ ਦੁਨੀਆਂ ਦੇ ਸਾਰੇ ਹੁਸਨ ਤੱਕਦਾ, ਤੱਕ ਤੱਕ ਖਿੜਦਾ ਤੇ ਬਾਛਾਂ ਖੋਲ੍ਹ ਖੋਲ੍ਹ ਖਿੜਖਿੜਾ ਕੇ ਹੱਸਦਾ ਹਾਂ। ਇਹ ਜਾਂਗਲੀ ਲੋਕ ਮੇਰੀ ਮਸਤਾਨੀ ਅਵਸਥਾ 'ਤੇ ਉੱਚਾ ਠਹਾਕਾ ਲਗਾਉਂਦੇ ਕਹਿੰਦੇ ਹਨ ਕਿ ਇਹ ਤਾਂ ਬਉਲੇ ਬਿੱਜੂ ਦਾ ਰਾਮ-ਰੌਲਾ ਹੈ।"

120. ਬਿਰਛ ਤੇ ਆਦਮੀ

ਇਕ ਬਿਰਛ ਨੇ ਆਦਮੀ ਨੂੰ ਕਿਹਾ ਕਿ ਦੇਖ ਮੇਰੀਆਂ ਜੜ੍ਹਾਂ, ਦੂਰ ਲਾਲ ਲਾਲ ਮਿੱਟੀ ਵਿਚ ਡੂੰਘੀਆਂ ਲੱਗੀਆਂ ਹੋਈਆਂ ਹਨ। ਉਸਨੇ ਜਵਾਬ ਦਿੱਤਾ ਕਿ ਇਹ ਕੇਹੋ ਜੇਹੀ ਇਕਸਾਰਤਾ ਹੈ ਕਿ ਸਾਡੀਆਂ ਜੜ੍ਹਾਂ ਵੀ ਦੂਰ ਡੂੰਘੀ ਜ਼ਮੀਨ ਵਿਚ ਲੱਗੀਆਂ ਹੋਈਆਂ ਹਨ ਤੇ ਇਹ ਲਾਲ ਮਿੱਟੀ ਤੁਹਾਨੂੰ ਸ਼ਕਤੀ ਵੀ ਪ੍ਰਦਾਨ ਕਰਦੀ ਹੈ ਕਿ ਤੁਸੀਂ ਸਾਡੇ ਉਤੇ ਫਲਾਂ ਦੀ ਬਰਖਾ ਕਰੋ ਤੇ ਅਸਾਨੂੰ ਇਹ ਮਿੱਟੀ ਇਹ ਸਿਖਾਉਂਦੀ ਹੈ ਕਿ ਅਸੀਂ ਕ੍ਰਿਤੱਗਤਾ ਦੀ ਭਾਵਨਾ ਨਾਲ ਇਸਨੂੰ ਪਰਵਾਨ ਕਰੀਏ।

121. ਜਾਣਕਾਰ ਤੇ ਅਣਜਾਣ

ਦੂਰ ਪਹਾੜੀਆਂ ਵਿਚ ਇਕ ਆਦਮੀ ਰਹਿੰਦਾ ਸੀ, ਜਿਸ ਪਾਸ ਕਿਸੇ ਉਸਤਾਦ ਕਲਾਕਾਰ ਦਾ ਬਣਾਇਆ ਵੱਡਾ ਬੁੱਤ ਸੀ ਪਰ ਉਸਨੂੰ ਉਸਦੀ ਸੋਝੀ ਨਹੀਂ ਸੀ, ਉਸਨੇ ਉਸਨੂੰ ਇਕ ਫਾਲਤੂ ਪੱਥਰ ਵਾਂਙ ਮੂਧਾ ਸੁਟਿਆ ਹੋਇਆ ਸੀ। ਇਕ ਦਿਨ ਇਕ ਸ਼ਹਿਰ-ਨਿਵਾਸੀ ਇਧਰ ਆਇਆ ਜੋ ਕਿ ਕਲਾ ਦਾ ਪਾਰਖੂ ਤੇ ਚੰਗਾ ਸੂਝਵਾਨ ਸੀ। ਉਸਨੇ ਕਿਹਾ, "ਕੀ ਤੁਸੀਂ ਇਸ ਬੁੱਤ ਨੂੰ ਵੇਚਣਾ ਚਾਹੁੰਦੇ ਹੋ?"

ਇਹ ਸੁਣ ਕੇ ਉਹ ਹੱਸ ਪਿਆ ਤੇ ਕਹਿਣ ਲੱਗਾ, "ਕੀ ਇਹ ਪੱਥਰ ਖ਼ਰੀਦਣ ਯੋਗ ਹੈ, ਇਹ ਤਾਂ ਐਂਵੇ ਹੈ, ਕੌਣ ਇਸਨੂੰ ਲਏਗਾ?"

ਉਸਨੇ ਕਿਹਾ, "ਇਕ ਦਿਰਮ ਤਾਂ ਮੈਂ ਦੇਣ ਨੂੰ ਤਿਆਰ ਹਾਂ।" ਪੇਂਡੂ ਨੇ ਇਕ ਦਿਰਮ ਲੈ ਕੇ ਉਹ ਬੁੱਤ ਚੁਕਾ ਦਿੱਤਾ। ਸ਼ਹਿਰੀ ਆਦਮੀ ਉਸ ਵੱਡੇ ਬੁੱਤ ਨੂੰ ਹਾਥੀ ਉਤੇ ਲੱਦ ਕੇ ਘਰ ਲੈ ਆਇਆ। ਕਈ ਮਹੀਨਿਆਂ ਬਾਦ ਉਹ ਪੇਂਡੂ ਸ਼ਹਿਰ ਗਿਆ ਤੇ ਇਕ ਥਾਂ ਬੜੀ ਭੀੜ ਦੇਖ ਕੇ ਰੁਕ ਗਿਆ, ਅੱਗੇ ਇਕ ਆਦਮੀ ਉੱਚੀ ਉੱਚੀ ਕਹਿ ਰਿਹਾ ਸੀ, "ਆਓ, ਇਕ ਕੀਮਤੀ ਬੁੱਤ ਦੇ ਦਰਸ਼ਨ ਕਰੋ ਜਿਸਦਾ ਕੋਈ ਮੁਕਾਬਲਾ ਨਹੀਂ, ਲਾਜਵਾਬ ਚੀਜ਼ ਹੈ, ਫ਼ੀਸ ਸਿਰਫ਼ ਦੋ ਦਿਰਮ ਹੈ।"

ਪੇਂਡੂ ਵੀ ਦੋ ਦਿਰਮ ਦੇ ਕੇ ਅੰਦਰ ਦਾਖ਼ਲ ਹੋ ਗਿਆ, ਜਿਸਨੂੰ ਉਸ ਖ਼ੁਦ ਕਦੀ ਇਕ ਦਿਰਮ ਵਿਚ ਵੇਚਿਆ ਸੀ।

122. ਦੋ ਵਾਹੜੇ

ਕਦੀਸ਼ਾ ਦੀ ਵਾਦੀ ਵਿਚ ਇਕ ਦਰਿਆ ਵਗਦਾ ਹੈ, ਜਿਥੇ ਕਿ ਦੋ ਵਾਹੜੇ (ਨਾਲੇ) ਆ ਕੇ ਮਿਲਦੇ ਹਨ। ਇਕ ਦਿਨ ਇਹ ਦੋਵੇਂ ਗੱਲਾਂ ਕਰਨ ਲੱਗੇ, ਇਕ ਨੇ ਕਿਹਾ, "ਸੁਣਾ ਯਾਰ! ਤੇਰਾ ਕੀ ਹਾਲ ਹੈ? ਤੇਰਾ ਰਾਹ ਤਾਂ ਠੀਕ ਹੈ?" ਦੂਜਾ ਬੋਲਿਆ, "ਕੀ ਪੁੱਛਦਾ ਹੈਂ! ਬੜਾ ਹੀ ਖ਼ਰਾਬ ਰਾਹ ਹੈ। ਘਰਾਟ ਦੀ ਚੱਕੀ ਦਾ ਪਹੀਆ ਟੁੱਟ ਗਿਐ ਤੇ ਉਸਦਾ ਮਾਲਕ ਵੀ ਮਰ ਗਿਆ ਹੈ ਜੋ ਕਿ ਮੈਨੂੰ ਆਪਣੀ ਬਗ਼ੀਚੀ ਦੇ ਬੂਟਿਆਂ ਨੂੰ ਸਿੰਜਣ ਲਈ ਅੰਦਰ

ਲੈ ਜਾਂਦਾ ਸੀ। ਹੁਣ ਇਹ ਧੁੱਪ-ਇਸ਼ਨਾਨ ਕਰਨ ਵਾਲੇ ਆਪਣੀ ਮੈਲ, ਆਪਣੀ ਗੰਦਗੀ ਇਧਰ ਲਿਆ ਸਿੱਟਦੇ ਹਨ, ਮੈਂ ਮਸਾਂ ਬਚ-ਬਚਾ ਕਰ ਕੇ ਆਇਆ ਹਾਂ।"

"ਤੂੰ ਸੁਣਾ ਤੇਰਾ ਕੀ ਹਾਲ ਹੈ?" ਦੂਜਾ ਬੋਲਿਆ।

"ਮੇਰਾ ਰਾਹ ਤਾਂ ਬੜਾ ਹੀ ਸੁਹਾਵਣਾ ਹੈ। ਪਹਾੜੀ ਤੋਂ ਉਤਰਦਿਆਂ ਹੀ ਮੇਰਾ ਵਾਹ ਸੁਗੰਧਤ ਵੇਲਾਂ ਬੂਟਿਆਂ ਨਾਲ ਪੈਂਦਾ ਹੈ, ਮੇਰਾ ਪਾਣੀ, ਚਾਂਦੀ ਦੇ ਗਲਾਸਾਂ ਵਿਚ ਲੋਕ ਭਰ ਭਰ ਪੀਂਦੇ ਹਨ, ਨਿੱਕੇ ਨਿੱਕੇ ਬੱਚੇ ਆਪਣੇ ਗੁਲਾਬੀ ਪੈਰਾਂ ਨਾਲ ਮੇਰੇ ਵਿਚ ਖੇਡਦੇ ਹਨ, ਮੇਰੇ ਚੌਹੀਂ ਪਾਸੀਂ ਮੌਜ ਮੇਲੇ ਦੀ ਛਹਿਬਰ ਲੱਗੀ ਰਹਿੰਦੀ ਹੈ, ਤੇਰੇ 'ਤੇ ਮੈਨੂੰ ਜ਼ਰਾ ਤਰਸ ਆਉਂਦਾ ਹੈ ਕਿ ਤੇਰਾ ਰਾਹ ਕਿਉਂ ਇਤਨਾ ਬਿਖੜਾ ਹੋ ਗਿਐ।"

ਉਸ ਸਮੇਂ ਦਰਿਆ ਨੇ ਉੱਚੀ ਆਵਾਜ਼ ਨਾਲ ਕਿਹਾ, "ਚਲੇ ਆਓ, ਚਲੇ ਆਓ, ਅਸੀਂ ਸਭ ਸਾਗਰ ਵੱਲ ਜਾ ਰਹੇ ਹਾਂ। ਗੱਲਾਂ-ਬਾਤਾਂ ਵਿਚ ਨਾ ਪਵੋ, ਤੁਰਦੇ ਆਓ, ਮੇਰੀ ਉਂਗਲ ਫੜ ਲਓ, ਮੈਨੂੰ ਮਿਲਣ ਸਾਰ ਤੁਹਾਨੂੰ ਇਹ ਦੁਖ ਸੁਖ ਸਭ ਭੁੱਲ ਜਾਣਗੇ। ਚਲੇ ਆਓ, ਬਸ ਚਲੇ ਆਓ। ਅਸੀਂ ਸਾਗਰ ਦੀ ਛੁਹ ਪਾ ਕੇ ਰਾਹ ਦੀਆਂ ਤਮਾਮ ਔਖਾਂ ਸੌਖਾਂ ਭੁਲਾ ਦਿਆਂਗੇ।"

123. ਘੁਮੱਕੜ

ਇਕ ਵਾਰ ਮੇਰੀ ਮੁਲਾਕਾਤ ਇਕ ਘੁਮੱਕੜ ਨਾਲ ਹੋ ਗਈ, ਉਹ ਵੀ ਕੋਈ ਰਮਤਾ ਪਾਂਧੀ ਕੁਝ ਸਨਕੀ ਜੇਹਾ ਸੀ। ਉਸਨੇ ਮੈਨੂੰ ਇਉਂ ਦੱਸਣਾ ਸ਼ੁਰੂ ਕੀਤਾ, "ਮੈਂ ਇਕ ਘੁਮੱਕੜ ਹਾਂ, ਮੈਨੂੰ ਇਉਂ ਲੱਗਦਾ ਹੈ ਕਿ ਮੈਂ ਬੌਣਿਆਂ ਨਾਲ ਇਸ ਧਰਤੀ ਦੀ ਪਰਕਰਮਾ ਪਿਆ ਕਰਦਾ ਹੋਵਾਂ। ਕਿਉਂਕਿ ਮੇਰਾ ਸਿਰ ਉਨ੍ਹਾਂ ਨਾਲੋਂ ਧਰਤੀ ਤੋਂ ਸੱਤਰ ਹੱਥ ਦੀ ਉਚਾਈ 'ਤੇ ਹੈ, ਇਸ ਕਰਕੇ ਕੁਦਰਤੀ ਹੈ ਕਿ ਮੇਰੇ ਉੱਚੇ ਉੱਚੇ ਮੌਲਿਕ ਵਿਚਾਰ ਨਿਰਾਲੇ ਹੋਣ। ਸੱਚ ਪੁੱਛੋ ਤਾਂ ਮੈਂ ਇਨ੍ਹਾਂ ਮਨੁੱਖਾਂ ਨਾਲ ਨਹੀਂ ਰਲਦਾ ਬਲਕਿ ਉਨ੍ਹਾਂ ਦੇ ਉਪਰ ਉਪਰ ਪਿਆ ਚਲ ਰਿਹਾ ਹਾਂ ਤੇ ਖੁੱਲ੍ਹੇ ਮੈਦਾਨਾਂ ਵਿਚ ਉਹ ਕੇਵਲ ਮੇਰੀਆਂ ਪੈੜਾਂ ਹੀ ਦੇਖਦੇ ਹਨ। ਇਨ੍ਹਾਂ ਪੈੜਾਂ ਬਾਰੇ ਮੈਂ ਉਨ੍ਹਾਂ ਨੂੰ ਚਰਚਾ ਕਰਦਿਆਂ ਵੀ ਸੁਣਿਆ ਹੈ। ਕੋਈ ਕਹਿੰਦਾ ਹੈ ਕਿ ਇਹ ਦੈਂਤ ਦੇ ਪੈਰਾਂ ਦੇ ਨਿਸ਼ਾਨ ਹਨ, ਜਿਸਨੇ ਧਰਤੀ ਦੀ ਪਰਕਰਮਾ ਕੀਤੀ ਸੀ। ਦੂਜਾ ਆਖਦਾ ਹੈ ਕਿ ਇਹ ਨਿਸ਼ਾਨ ਤਾਂ ਉਸਦਾ ਹੈ ਜੋ ਉਤੋਂ ਤਾਰਾ ਟੁੱਟ ਕੇ ਡਿਗਿਆ ਸੀ। ਲੇਕਿਨ ਮੇਰੇ ਦੋਸਤ! ਤੈਨੂੰ ਤਾਂ ਪਤਾ ਹੀ ਹੈ ਕਿ ਇਹ ਇਕ ਘੁਮੱਕੜ ਦੀ ਪੈੜ ਤੋਂ ਸਿਵਾ ਕੁਝ ਵੀ ਨਹੀਂ।"

124. ਖੋਜੀ ਵਿਦਵਾਨ

ਇਕ ਹਜ਼ਾਰ ਵਰ੍ਹਾ ਪਹਿਲਾਂ ਦੀ ਗੱਲ ਹੈ ਕਿ ਲਿਬਨਾਨ ਦੀ ਪਹਾੜੀ ਢਾਲ ਉਤੇ ਦੋ ਵਿਦਵਾਨ ਮਿਲੇ। ਇਕ ਦੂਜੇ ਨੂੰ ਪੁੱਛਣ ਲੱਗਾ, "ਤੁਸੀਂ ਕਿਧਰ ਜਾ ਰਹੇ ਹੋ?" ਦੂਜੇ ਨੇ ਕਿਹਾ, "ਮੈਂ ਤਾਂ ਜੀਵਨ ਦੇ ਝਰਨੇ ਦੀ ਤਲਾਸ਼ ਵਿਚ ਹਾਂ। ਮੇਰਾ ਖ਼ਿਆਲ ਹੈ ਕਿ ਇਨ੍ਹਾਂ ਪਹਾੜੀਆਂ ਵਿਚ ਹੀ ਕਿਧਰੇ ਉਸਦਾ ਮੰਬਾ ਹੈ। ਮੈਨੂੰ ਕੁਝ ਲਿਖਤੀ ਸਬੂਤ ਵੀ ਮਿਲੇ ਹਨ

ਕਿ ਇਸ ਸੋਮ ਦਾ ਮੁੱਢ ਕਿਤੇ ਪੂਰਬ ਵੱਲ ਹੀ ਹੈ। ਤੁਸੀਂ ਕਿਧਰ ਚਲੇ ਹੋ ਤੇ ਕੀ ਖੋਜ ਕਰ ਰਹੇ ਹੋ?"

ਪਹਿਲੇ ਨੇ ਜਵਾਬ ਦਿੱਤਾ, "ਮੈਂ ਤਾਂ ਮੌਤ ਦਾ ਰਹੱਸ ਲੱਭਣ ਚਲਿਆ ਹਾਂ, ਉਸਦੀ ਤਲਾਸ਼ ਵਿਚ ਹਾਂ।" ਇਸ ਗੱਲ-ਬਾਤ ਉਪਰੰਤ ਦੋਹਾਂ ਨੇ ਇਹ ਧਾਰਨਾ ਬਣਾ ਲਈ ਕਿ ਇਕ ਦੂਜਾ ਉਸਦੇ ਖੇਤਰ ਤੋਂ ਅਣਜਾਣ ਹੀ ਹੈ। ਉਹ ਆਪਸ ਵਿਚ ਲੰਮੀ ਬਹਿਸ ਕਰਨ ਲੱਗੇ ਤੇ ਇਕ ਦੂਜੇ ਦੀਆਂ ਜੁਗਤੀਆਂ ਦਾ ਖੰਡਨ ਮੰਡਨ ਕਰਦੇ ਗਏ। ਜਦ ਨੂੰ ਉਥੇ ਇਕ ਹੋਰ ਅਜਨਬੀ ਮੁਸਾਫ਼ਰ ਆ ਨਿਕਲਿਆ, ਜੋ ਕਿ ਇਕ ਪੇਂਡੂ ਅਨਪੜ੍ਹ ਸੀ। ਉਹ ਕੁਝ ਚਿਰ ਦੋਹਾਂ ਦੀ ਦਲੀਲਬਾਜ਼ੀ ਸੁਣਦਾ ਰਿਹਾ। ਫਿਰ ਉਹ ਨੇੜੇ ਆ ਕੇ ਕਹਿਣ ਲੱਗਾ, "ਭਲਿਓ ਮਾਣਸੋ! ਇਓਂ ਮਾਲੂਮ ਹੁੰਦਾ ਹੈ ਕਿ ਜਿਵੇਂ ਤੁਸੀਂ ਇੱਕੋ ਸਿਧਾਂਤ ਦੇ ਹਾਮੀ ਹੋ ਤੇ ਗੱਲ ਵੀ ਇੱਕੋ ਕਹਿ ਰਹੇ ਹੋ, ਕੇਵਲ ਸ਼ਬਦਾ ਦਾ ਭਿੰਨ-ਭੇਦ ਹੈ। ਇਕ ਜੀਵਨ ਦਾ ਰਹੱਸ ਲੱਭ ਰਿਹਾ ਹੈ ਤੇ ਦੂਜਾ ਮੌਤ ਦਾ ਰਹੱਸ ਖੋਜ ਰਿਹਾ ਹੈ, ਪਰ ਇਹ ਹਨ ਤਾਂ ਦੋਵੇਂ ਇੱਕੋ ਹੀ ਤੇ ਇਕ ਰੂਪ ਹੋ ਕੇ ਹੀ ਤੁਹਾਡੇ ਦੋਹਾਂ ਵਿਚ ਵੱਸਦੇ ਹਨ।" ਇਹ ਕਹਿੰਦਾ ਉਹ ਅੱਗੇ ਨਿਕਲ ਗਿਆ ਤੇ ਖਿੜ-ਖਿੜਾ ਦੇ ਹੱਸਦਾ ਗਿਆ। ਦੋਵੇਂ ਵਿਦਵਾਨਾਂ ਇਕ ਦੂਜੇ ਵੱਲ ਦੇਖਿਆ ਤੇ ਹੱਸ ਪਏ। ਇਕ ਕਹਿਣ ਲੱਗਾ, "ਹੁਣ ਤਾਂ ਅਸੀਂ ਦੋਵੇਂ ਰਲ ਕੇ ਹੀ ਖੋਜ ਕਰਾਂਗੇ।"

125. ਸ੍ਵੈ-ਪਛਾਣ

ਸਲੀਮ ਅਫੰਦੀ, ਸੁਕਰਾਤ ਦੀ ਆਪਣੇ ਚੇਲੇ ਅਫ਼ਲਾਤੂਨ ਲਈ ਲਿਖੀ ਕਿਤਾਬ *ਆਤਮ-ਬੋਧ* ਦਾ ਅਧਿਐਨ ਕਰ ਰਿਹਾ ਸੀ ਤੇ ਪੁਰਾਣੇ ਫ਼ਿਲਾਸਫ਼ਰਾਂ ਨੇ ਜੋ ਇਸ ਬਾਰੇ ਬਚਨ ਆਖੇ ਸਨ, ਉਨ੍ਹਾਂ ਨੂੰ ਯਾਦ ਵੀ ਕਰ ਰਿਹਾ ਸੀ। ਪੂਰਬੀ ਤੇ ਪੱਛਮੀ ਚਿੰਤਕਾਂ ਦੇ ਸਭ ਦ੍ਰਿਸ਼ਟੀਕੋਣ ਉਸਦੇ ਦਿਮਾਗ਼ ਵਿਚ ਤਾਜ਼ੇ ਹੋ ਗਏ ਤੇ ਉਹ ਸ੍ਵੈ-ਪਛਾਣ ਦੀਆਂ ਡੂੰਘਿਆਈਆਂ ਵਿਚ ਡੁਬ ਗਿਆ। ਉਸਨੇ ਸੋਚਿਆ ਕਿ ਪਹਿਲੇ ਮੈਂ ਹੀ ਆਪਣੇ ਆਪ ਨੂੰ ਪਛਾਣਾਂ ਤੇ ਇਸਦੀ ਅਸਲੀਅਤ ਜਾਣਾਂ, ਮੇਰੇ ਲਈ ਜ਼ਰੂਰੀ ਹੈ ਕਿ ਮੈਂ ਆਪਣੇ ਅੰਦਰਲੇ ਦੀ ਹੋਂਦ ਦੀਆਂ ਗੱਲਾਂ ਆਪਣੀ ਬਾਹਰਲੀ ਹਸਤੀ ਨੂੰ ਦੱਸਾਂ ਤੇ ਬਾਹਰਲੇ ਦੀਆਂ ਆਪਣੀ ਆਤਮਾ ਦੇ ਸਨਮੁਖ ਰੱਖਾਂ।

ਇਹ ਗੱਲਾਂ ਉਸਨੇ ਬੜੇ ਜੋਸ਼ ਨਾਲ ਕਹੀਆਂ, ਤੇ ਫਿਰ ਉਹ ਸ਼ੀਸ਼ੇ ਦੇ ਸਾਮ੍ਹਣੇ ਜਾ ਖੜਾ ਹੋਇਆ ਤੇ ਉਸਨੇ ਆਪਣੇ ਸਰੀਰ, ਕੱਦ, ਸਿਰ ਤੇ ਅੰਗ ਅੰਗ ਨੂੰ ਡੂੰਘੀ ਨਜ਼ਰ ਨਾਲ ਦੇਖਿਆ। ਉਹ ਆਪਣੀ ਆਤਮਾ ਨੂੰ ਸੰਬੋਧਨ ਕਰ ਕੇ ਕਹਿਣ ਲੱਗਾ, "ਮੈਂ ਛੋਟੇ ਕੱਦ ਦਾ ਹਾਂ ਤੇ ਇਸੇ ਤਰ੍ਹਾਂ ਦਾ ਕੱਦ ਨਿਪੋਲੀਅਨ ਤੇ ਵਿਕਟਰ ਹਿਊਗੋ ਦਾ ਸੀ। ਮੇਰਾ ਮੱਥਾ ਛੋਟਾ ਹੈ, ਸੁਕਰਾਤ ਤੇ ਸਿਪਨੋਜ਼ਾ ਦੇ ਮਸਤਕ ਵੀ ਛੋਟੇ ਛੋਟੇ ਸਨ। ਮੇਰੇ ਸਿਰ ਦੇ ਅਗਲੇ ਹਿੱਸੇ ਦੇ ਵਾਲ ਝੜੇ ਹੋਏ ਹਨ ਤੇ ਇਹੋ ਹਾਲ ਸ਼ੈਕਸਪੀਅਰ ਦਾ ਸੀ। ਮੇਰੀ ਨੱਕ ਲੰਮੀ ਤੇ ਇਕ ਪਾਸੇ ਝੁਕੀ ਹੋਈ ਹੈ, ਵਾਲਟੇਅਰ ਤੇ ਜਾਰਜ ਵਾਸ਼ਿੰਗਟਨ ਦਾ ਵੀ ਨੱਕ ਇਸੇ ਤਰ੍ਹਾਂ ਸੀ। ਮੇਰੀ ਅੱਖ ਵਿਚ ਕੁਝ ਕਸਰ ਹੈ, ਸੇਂਟਪਾਲ ਤੇ ਨਿਟਸ਼ੇ ਦੀ ਅੱਖ ਵਿਚ ਵੀ ਕੁਝ ਨੁਕਸ ਸੀ। ਮੇਰੇ ਬੁੱਲ੍ਹ ਮੋਟੇ ਤੇ ਹੇਠਲਾ ਕੁਝ ਅੱਗੇ ਵਧਿਆ ਹੋਇਆ ਹੈ, ਸਸੀਰਨ ਤੇ ਲੂਈ ਚੌਧਵੇਂ ਦੇ ਬੁੱਲ੍ਹ ਵੀ ਐਸੇ ਹੀ ਮੋਟੇ ਸਨ। ਮੇਰੀ ਗਰਦਨ ਮੋਟੀ ਹੈ, ਹਨੀਬਾਲ ਤੇ ਮਾਰਕਸ ਦੀ ਗਰਦਨ ਵੀ ਕੁਝ ਮੋਟੀ ਸੀ। ਮੇਰੇ ਕੰਨ ਹਬਸ਼ੀਆਂ ਵਰਗੇ ਲੰਮੇ ਤੇ ਲਟਕਵੇਂ ਹਨ, ਬ੍ਰੂਨੋ ਤੇ ਸਰਵਾਨਤੇਜ

ਦੇ ਵੀ ਕੰਨ ਲੰਮੇ ਸਨ। ਮੇਰੀ ਮੂੰਹ ਦੀ ਹੱਡੀ ਉਭਰੀ ਹੋਈ ਤੇ ਗੱਲ੍ਹਾਂ ਪਿਚਕੀਆਂ ਹੋਈਆਂ ਹਨ, ਇਹੋ ਹਾਲ ਲਿੰਕਨ ਦਾ ਸੀ। ਮੇਰੀ ਠੋਡੀ ਵਿਚ ਵੜੀ ਹੋਈ ਹੈ, ਗੋਲਡ ਸਮਿਥ ਤੇ ਵਿਲੀਅਮ ਬਾਟ ਦੀ ਠੋਡੀ ਵੀ ਇਹੋ ਜਿਹੀ ਸੀ। ਮੇਰੇ ਮੋਢੇ ਉੱਚੇ ਨੀਵੇਂ ਹਨ, ਇਸੇ ਤਰ੍ਹਾਂ ਗੈਟੇ ਤੇ ਇਸਹਾਕ ਦੇ ਕੰਨ੍ਹੇ ਵੀ ਉੱਚੇ ਨੀਵੇਂ ਸਨ। ਮੇਰੀਆਂ ਹਥੇਲੀਆਂ ਭੱਦੀਆਂ ਤੇ ਉਂਗਲੀਆਂ ਛੋਟੀਆਂ ਹਨ ਤੇ ਇਹੋ ਹਾਲ ਬਲੇਵ ਤੇ ਡਾਂਟੇ ਦਾ ਸੀ। ਮੁਕਦੀ ਗੱਲ, ਮੇਰਾ ਸਰੀਰ ਦੁਬਲਾ ਪਤਲਾ ਹੈ, ਇਹ ਵੀ ਮਹਾਨ ਚਿੰਤਕਾਂ ਵਾਲੀ ਵਿਸ਼ੇਸ਼ਤਾ ਹੈ ਜੋ ਕਿ ਆਪਣੀ ਸਰੀਰਕ ਸ਼ਕਤੀ ਨੂੰ ਬੌਧਿਕ ਵਿਕਾਸ ਲਈ ਲਾ ਛੱਡਦੇ ਹਨ। ਬਲਜ਼ਾਕ ਵਾਂਙ ਜਿਤਨਾ ਚਿਰ ਮੇਰੇ ਪਾਸ ਕੌਫ਼ੀ ਦੀ ਕੇਤਲੀ ਨਾ ਹੋਵੇ, ਮੈਂ ਪੜ੍ਹ ਨਹੀਂ ਸਕਦਾ। ਗੋਰਕੀ ਤੇ ਟਾਲਸਟਾਇ ਵਾਂਙ ਮੈਂ ਝੱਲੇ ਦੀਵਾਨਿਆਂ ਨੂੰ ਮਿਲਣ ਦਾ ਸ਼ੌਕੀਨ ਹਾਂ; ਬੀਥੋਬਨ ਤੇ ਵਾਲ੍ਟ ਵਿਟਮੈਨ ਵਾਂਙ ਮੈਂ ਦੋ ਦੋ ਚਾਰ ਚਾਰ ਦਿਨ ਮੂੰਹ ਹੱਥ ਧੋਣੋਂ ਵੀ ਰਹਿ ਜਾਂਦਾ ਹਾਂ। ਇਹ ਹਾਂ ਮੈਂ ਤੇ ਇਹ ਹੈ ਮੇਰੀ ਅਸਲੀਅਤ। ਮੇਰੇ ਵਿਚ ਉਹ ਸਭ ਗੁਣ ਹਨ ਜੋ ਇਤਿਹਾਸ ਦੇ ਆਰੰਭ ਤੋਂ ਲੈ ਕੇ ਅੱਜ ਦੇ ਸਮੇਂ ਤਕ ਬੜੇ ਬੜੇ ਆਦਮੀਆਂ ਵਿਚ ਰਹੇ ਹਨ। ਮੈਂ ਆਪਣੇ ਆਪ ਨੂੰ ਪਛਾਣ ਲਿਆ ਹੈ, ਮੈਂ ਹੁਣ ਜ਼ਰੂਰ ਕੋਈ ਵੱਡਾ ਕੰਮ ਕਰਾਂਗਾ, ਜੋ ਪਹਿਲੇ ਲੋਕ ਨਹੀਂ ਕਰ ਸਕੇ।

126. ਭੂਤ ਦੀ ਬਸਤੀ

ਜ਼ਿੰਦਗੀ ਨੇ ਮੈਨੂੰ ਜਵਾਨੀ ਦੀ ਉੱਚੀ ਪਹਾੜੀ 'ਤੇ ਖੜ੍ਹਾ ਕਰ ਕੇ ਇਸ਼ਾਰਾ ਕੀਤਾ ਕਿ ਆਪਣੇ ਭੂਤ (ਬੀਤੇ) ਵੱਲ ਨਜ਼ਰ ਮਾਰਾਂ। ਜਦ ਮੈਂ ਨਿਗਾਹ ਕੀਤੀ ਤਾਂ ਮੇਰੇ ਪਿੱਛੇ ਇਕ ਅਜੀਬ ਕਿਸਮ ਦੀ ਬਸਤੀ ਨਜ਼ਰ ਆਈ, ਜੋ ਮੈਦਾਨ ਦੇ ਉਸ ਪਾਰ ਚੌਰਸ ਜਿਹੀ ਲੱਗਦੀ ਸੀ। ਵੱਖੋ ਵੱਖਰੇ ਖ਼ਿਆਲ ਤੇ ਰੰਗੀਨ ਕਲਪਨਾਵਾਂ ਇਸਦੇ ਦੁਆਲੇ ਚੱਕਰ ਕੱਟ ਰਹੀਆਂ ਸਨ ਤੇ ਮੱਧਮ ਜਿਹੀ ਧੁੰਦ ਇਸਨੂੰ ਲੁਕਾ ਛਿਪਾ ਰਹੀ ਸੀ।

ਮੈਂ ਜ਼ਿੰਦਗੀ ਨੂੰ ਪੁੱਛਿਆ, "ਇਹ ਕੀ ਹੈ ?" ਉਸਨੇ ਕਿਹਾ, "ਇਹ ਭੂਤ ਦੀ ਬਸਤੀ ਹੈ, ਗਹੁ ਨਾਲ ਦੇਖ ਲੈ।" ਮੈਂ ਤੱਕਿਆ ਤਾਂ ਪਤਾ ਲੱਗਾ ਕਿ ਅਮਾਲਨਾਮੇ, ਨੀਂਦ ਦੇ ਕਲਾਵੇ ਵਿਚ ਜਾਬਰਾਂ ਵਾਂਙ ਬੈਠੇ ਹਨ; ਬੋਲ-ਬਾਣੀ ਦੀਆਂ ਮਸੀਤਾਂ ਤੱਕੀਆਂ, ਜਿਨ੍ਹਾਂ ਦੁਆਲੇ ਰੂਹਾਂ, ਮਾਯੂਸੀਆਂ ਦਾ ਚੀਕ-ਚਿਹਾੜਾ ਪਾ ਰਹੀਆਂ ਸਨ ਤੇ ਕੁਝ ਕੁ ਆਸ਼ਾ ਦੇ ਗੀਤ ਗਾਉਣ ਵਿਚ ਮਗਨ ਸਨ। ਮਜ਼ਬ ਦੇ ਬੁੱਤ ਵੀ ਦੇਖੇ ਜੋ ਇਤਕਾਦ ਦੀ ਬੁਨਿਆਦ ਉਤੇ ਖੜ੍ਹੇ ਕੀਤੇ ਹੋਏ ਸਨ, ਪਰ ਸ਼ੰਕਿਆਂ ਤੇ ਸੰਦੇਹਾਂ ਨੇ ਉਨ੍ਹਾਂ ਨੂੰ ਭੰਨ-ਤੋੜ ਛੱਡਿਆ ਸੀ। ਚਿਤਵਣੀਆਂ ਤੇ ਸੰਕਲਪਾਂ ਦੇ ਉੱਚੇ ਉੱਚੇ ਮੀਨਾਰ ਸਵਾਲੀ ਹੱਥਾਂ ਵਾਂਙ ਫੈਲੇ ਦਿਖਾਈ ਦੇ ਰਹੇ ਸਨ, ਮਾਨਸਿਕ ਰੁਝਾਨਾਂ ਦੇ ਰਸਤੇ ਐਸੇ ਖੁਲ੍ਹੇ ਨਜ਼ਰ ਆਉਂਦੇ ਸਨ ਜਿਵੇਂ ਟਿੱਲਿਆਂ ਉਤੋਂ ਦੀ ਦਰਿਆ ਲੰਘ ਰਿਹਾ ਹੋਵੇ। ਰਹੱਸਾਂ, ਭੇਦਾਂ ਦੇ ਖ਼ਜ਼ਾਨੇ ਵੀ ਦੇਖੇ ਜਿਨ੍ਹਾਂ ਦੀ ਰਾਖੀ ਤਾਂ ਹੁੰਦੀ ਰਹੀ, ਪਰ ਜਾਸੂਸਾਂ ਨੇ ਉਂਜ ਉਨ੍ਹਾਂ ਉਤੇ ਹੱਥ ਸਾਫ਼ ਕਰ ਛੱਡਿਆ ਸੀ। ਆਸ਼ਾਵਾਂ ਦੇ ਉੱਚੇ ਬੁਰਜ ਨਜ਼ਰ ਆਏ ਜੋ ਬਹਾਦਰੀ ਦੀ ਨੀਂਹ ਉਤੇ ਉਸਾਰੇ ਗਏ ਸਨ, ਪਰ ਡਰ ਭੈ ਨੇ ਇਨ੍ਹਾਂ ਵਿਚ ਦਰਾੜਾਂ ਵੀ ਪਾ ਛੱਡੀਆਂ ਸਨ।

ਮਿੱਠੇ ਮਿੱਠੇ ਮਧੁਰ ਸੁਪਨ-ਮਹੱਲ ਵੀ ਤੱਕੇ, ਜੋ ਅੰਨ੍ਹੇਰੀਆਂ ਰਾਤਾਂ ਵਿਚ ਤਾਂ ਬੜੇ ਸੁਹਾਵਣੇ ਲੱਗਦੇ ਸਨ, ਪਰ ਜਾਗ੍ਰਤੀ ਨੇ ਇਨ੍ਹਾਂ ਦਾ ਸਾਰਾ ਹੁਸਨ ਇਕ ਤਰ੍ਹਾਂ ਮਿੱਟੀ ਵਿਚ

ਮਿਲਾ ਛੱਡਿਆ ਸੀ। ਕਮਜ਼ੋਰੀ ਦੀਆਂ ਛੋਟੀਆਂ ਛੋਟੀਆਂ ਝੌਂਪੜੀਆਂ ਵੀ ਦੇਖੀਆਂ, ਹਕੀਕਤ ਤੇ ਮਾਰਫ਼ਤ ਦੀਆਂ ਮਹਿਫ਼ਲਾਂ ਵੀ ਤੱਕੀਆਂ, ਜੋ ਅਕਲ ਦੇ ਨੂਰੀ ਚਾਨਣ ਨਾਲ ਜਗਮਗਾ ਰਹੀਆਂ ਸਨ, ਲੇਕਿਨ ਜਹਾਲਤ ਦੇ ਅੰਨ੍ਹੇਰੇ ਨੇ ਇਥੇ ਅੰਧਕਾਰ ਪਾ ਛੱਡਿਆ ਸੀ। ਮੁਹੱਬਤ ਦੇ ਮੈਖ਼ਾਨੇ ਵੀ ਦੇਖੇ ਜਿਨ੍ਹਾਂ ਵਿਚ ਆਸ਼ਕ ਲੋਕ ਮਸਤ ਪਏ ਸਨ, ਲੇਕਿਨ ਚਤੁਰਾਈ ਦੀਆਂ ਤਰਕਾਂ ਨੇ ਇਨ੍ਹਾਂ ਦੀ ਮਸਤੀ ਨੂੰ ਖੰਡਿਤ ਕਰ ਦਿੱਤਾ ਸੀ।

ਇਹ ਸੀ ਭੂਤ ਦੀ ਬਸਤੀ, ਜੋ ਦੂਰ ਵੀ ਸੀ ਤੇ ਨੇੜੇ ਵੀ ਪਰ ਹੁਣ ਨਜ਼ਰ ਤੋਂ ਜ਼ਰਾ ਉਹਲੇ ਉਹਲੇ ਹੋ ਰਹੀ ਸੀ।

ਇਸ ਤੋਂ ਪਿੱਛੋਂ ਜ਼ਿੰਦਗੀ ਮੇਰੇ ਮੂਹਰੇ ਮੂਹਰੇ ਤੁਰਦੀ ਗਈ ਤੇ ਕਹਿਣ ਲੱਗੀ, "ਸਾਨੂੰ ਖੜ੍ਹਿਆਂ ਖੜ੍ਹਿਆਂ ਬਹੁਤ ਦੇਰ ਹੋ ਗਈ ਹੈ, ਆਓ! ਹੁਣ ਵਾਪਸ ਮੁੜੀਏ।" ਮੈਂ ਪੁੱਛਿਆ, "ਮੇਰੀ ਜਾਨ ਦੀ ਜਾਨ! ਅਸੀਂ ਅੱਗੇ ਕਿਥੇ ਕੁ ਜਾਣਾ ਹੈ?" ਉਸਨੇ ਜਵਾਬ ਦਿੱਤਾ, "ਹੁਣ ਅਸੀਂ ਭਵਿੱਸ਼ ਦੀ ਬਸਤੀ ਵੱਲ ਕਦਮ ਵਧਾਵਾਂਗੇ।" ਮੈਂ ਕਿਹਾ, "ਜ਼ਰਾ ਠਹਿਰ ਤਾਂ ਜਾਓ, ਮੈਂ ਤਾਂ ਤੁਰਦਾ ਤੁਰਦਾ ਥੱਕ ਗਿਆ ਹਾਂ, ਮੇਰੇ ਪੈਰਾਂ ਦੀਆਂ ਤਲੀਆਂ ਹੰਭ ਗਈਆਂ ਤੇ ਲੱਤਾਂ ਵੀ ਜਵਾਬ ਦੇ ਰਹੀਆਂ ਹਨ।" ਉਸਨੇ ਕਿਹਾ, "ਚਲਦੇ ਰਹੋ, ਠਹਿਰਨਾ ਬੁਜ਼ਦਿਲੀ ਹੈ ਤੇ ਭੂਤ ਦੀ ਬਸਤੀ ਨੂੰ ਐਵੇਂ ਦੇਖਦੇ ਰਹਿਣਾ ਜਹਾਲਤ ਹੈ, ਬੇਸਮਝੀ ਹੈ।"

127. ਭਵਿੱਸ਼ 'ਤੇ ਝਾਤ

ਮੈਂ ਵਰਤਮਾਨ ਦੀ ਦੀਵਾਰ ਦੇ ਪਿਛਲੇ ਪਾਸਿਓਂ ਮਨੁੱਖਤਾ ਦੇ ਗੀਤ ਸੁਣ ਰਿਹਾ ਹਾਂ। ਮੈਂ ਉਨ੍ਹਾਂ ਘੰਟੀਆਂ ਦੀਆਂ ਆਵਾਜ਼ਾਂ ਵੀ ਸੁਣਦਾ ਹਾਂ, ਜੋ ਹੁਸਨ ਦੇ ਮੰਦਰ ਅੰਦਰ ਪ੍ਰਾਰਥਨਾ ਸ਼ੁਰੂ ਹੋਣ ਦਾ ਪਤਾ ਦਿੰਦੀਆਂ ਹਨ। ਇਹ ਘੰਟੀਆਂ ਜਜ਼ਬਾਤ ਦੀ ਧਾਤ ਦੀਆਂ ਬਣੀਆਂ ਹੋਈਆਂ ਤੇ ਮਨੁੱਖੀ ਸ਼ਕਤੀ ਅਤੇ ਅਧਿਕਾਰ ਦੀ ਪਵਿੱਤਰ ਬੇਦੀ ਉਤੇ ਟਿਕਾਈਆਂ ਹੋਈਆਂ ਹਨ।

ਭਵਿੱਸ਼ ਦੇ ਪਿਛਵਾੜੇ ਤੋਂ ਮੈਂ ਉਹ ਝੁਰਮਟ ਤੱਕਿਆ ਜੋ ਕੁਦਰਤ ਦੇ ਸੀਨੇ ਉਤੇ ਪੂਜਾ ਅਰਚਾ ਕਰ ਰਿਹਾ ਸੀ। ਉਨ੍ਹਾਂ ਦੇ ਮੂੰਹ ਪੂਰਬ ਵੱਲ ਸਨ ਤੇ ਉਹ ਉਸ਼ਾ ਦੇ ਪ੍ਰਕਾਸ਼ਮਈ ਹੜ੍ਹ ਦੀ ਇੰਤਜ਼ਾਰ ਵਿਚ ਸਨ, ਸੱਚਾਈ ਦੀ ਉਸ਼ਾ ਦੇ।

ਮੈਂ ਇਕ ਢਹਿਆ-ਢੱਠਾ ਸ਼ਹਿਰ ਵੀ ਤੱਕਿਆ, ਜਿਸ ਵਿਚ ਕੁਝ ਵੀ ਦੱਸਣ ਯੋਗ ਨਹੀਂ ਰਹਿ ਗਿਆ ਸੀ, ਅੰਨ੍ਹੇਰੇ ਦੀ ਹਾਰ ਤੇ ਪ੍ਰਕਾਸ਼ ਦੀ ਵਿਜੈ ਤੋਂ ਸਿਵਾ।

ਮੈਂ ਬਜ਼ੁਰਗਾਂ ਨੂੰ ਵੱਡੇ ਅਖਰੋਟ-ਬਿਰਛ ਦੀ ਛਾਂ ਹੇਠ ਬੈਠੇ ਵੇਖਿਆ, ਜਿਥੇ ਕਿ ਉਨ੍ਹਾਂ ਦੁਆਲੇ ਪਿਛਲੇ ਜ਼ਮਾਨੇ ਦੀਆਂ ਗੱਲਾਂ-ਬਾਤਾਂ ਸੁਣਨ ਲਈ ਕੁੜੀਆਂ ਮੁੰਡਿਆਂ ਨੇ ਝੁਰਮਟ ਪਾਇਆ ਹੋਇਆ ਸੀ। ਮੈਂ ਚੰਬੇਲੀ ਲਾਗੇ ਨੌਂਜੁਆਨਾਂ ਨੂੰ ਆਪਣੀ ਸਿਤਾਰ ਤੇ ਵੰਝਲੀ ਵਜਾਉਂਦੇ ਵੇਖਿਆ ਤੇ ਉਨ੍ਹਾਂ ਦੁਆਲੇ ਖੁਲ੍ਹੀਆਂ ਜ਼ੁਲਫ਼ਾਂ ਵਾਲੀਆਂ ਮੁਟਿਆਰਾਂ ਨੂੰ ਨ੍ਰਿਤਕਾਰੀ ਕਰਦਿਆਂ ਤੱਕਿਆ।

ਮੈਂ ਕਿਸਾਨਾਂ ਨੂੰ ਤੱਕਿਆ ਜੋ ਕਣਕਾਂ ਵੱਢ ਰਹੇ ਸਨ ਤੇ ਉਨ੍ਹਾਂ ਦੀਆਂ ਸੁਆਣੀਆਂ ਖ਼ੁਸ਼ੀ ਦੇ ਨਗਮੇ ਗਾਉਂਦੀਆਂ ਗਾਉਂਦੀਆਂ ਭਰੀਆਂ ਚੁੱਕ ਰਹੀਆਂ ਸਨ। ਇਕ ਸੁੰਦਰੀ ਨੇ ਭੜਕੀਲੇ ਲਿਬਾਸ ਦੀ ਥਾਂ ਫੁੱਲਾਂ ਦਾ ਚੋਲਾ ਤੇ ਸਿਰ 'ਤੇ ਤਾਜ ਸਜਾਇਆ ਹੋਇਆ ਸੀ।

ਮੈਂ ਵੇਖਿਆ ਕਿ ਮਨੁੱਖ ਤੇ ਸਾਰੇ ਪ੍ਰਾਣੀਆਂ ਵਿਚਕਾਰ ਮਿੱਤਰਤਾ ਦੀ ਗੰਢ ਪੱਕੀ ਹੋ ਰਹੀ ਹੈ; ਪੰਛੀ ਤੇ ਤਿੱਤਲੀਆਂ ਨਿਸਚਿੰਤ ਹੋ ਕੇ ਪੂਰੇ ਵਿਸ਼ਵਾਸ ਨਾਲ ਫੁੱਲਾਂ ਦੁਆਲੇ ਘੁੰਮਰ ਪਾ ਰਹੇ ਹਨ।

ਮੈਨੂੰ ਕਿਤੇ ਗ਼ਰੀਬੀ ਨਜ਼ਰ ਨਾ ਆਈ ਤੇ ਨਾ ਹੀ ਧਨ ਦੀ ਬਹੁਤਾਤ। ਮੈਂ ਦੇਖਿਆ ਕਿ ਬਰਾਬਰੀ ਤੇ ਭ੍ਰਾਤ੍ਰੀਭਾਵ ਦਾ ਬੋਲਬਾਲਾ ਹੈ, ਕੋਈ ਡਾਕਟਰ ਵੈਦ ਨਹੀਂ, ਸਭ ਨੂੰ ਆਪਣੀ ਸਿਹਤ ਦੀ ਸੁਰੱਖਿਆ ਦੀ ਸੂਝ-ਬੂਝ ਹੈ। ਮੈਨੂੰ ਕਿਧਰੇ ਕੋਈ ਮੁੱਲਾਂ ਪਾਦਰੀ ਵੀ ਨਜ਼ਰ ਨਾ ਆਇਆ, ਕਿਉਂਕਿ ਜਾਗੀ ਜ਼ਮੀਰ ਹੀ ਸਭ ਦੀ ਪਰੋਹਤ ਬਣ ਗਈ ਸੀ। ਵਕੀਲ ਕੋਈ ਨਹੀਂ ਸੀ, ਕੁਦਰਤ ਨੇ ਅਦਾਲਤਾਂ ਦਾ ਕੰਮ ਸੰਭਾਲ ਲਿਆ ਸੀ ਤੇ ਹਰ ਥਾਂ ਰਾਜ਼ੀਨਾਮੇ ਤੇ ਸੁਲਹ ਸਫ਼ਾਈ ਦੀ ਗੱਲ ਸੀ। ਮੈਂ ਦੇਖਿਆ, ਹੁਣ ਆਦਮੀ ਨੂੰ ਪਤਾ ਲੱਗ ਗਿਐ ਕਿ ਉਹ ਤਮਾਮ ਕਾਇਨਾਤ ਦਾ ਕੇਂਦਰ-ਬਿੰਦੂ ਹੈ, ਇਸ ਕਰਕੇ ਉਸ ਨੇ ਆਪਣੇ ਆਪ ਨੂੰ ਛੋਟੀਆਂ ਛੋਟੀਆਂ ਗੱਲਾਂ ਤੋਂ ਉਪਰ ਉਠਾ ਲਿਐ ਤੇ ਰੂਹ ਤੋਂ ਭਰਮਾਂ ਵਹਿਮਾਂ ਦਾ ਪੜਦਾ ਵੀ ਲਾਹ ਸੁਟਿਆ ਹੈ। ਹੁਣ ਉਸਦੀ ਆਤਮਾ ਇਹ ਪੜ੍ਹ ਲੈਂਦੀ ਹੈ ਕਿ ਬੱਦਲਾਂ ਨੇ ਗਗਨਾਂ ਉਤੇ ਕੀ ਲਿਖਿਐ ਤੇ ਪ੍ਰਭਾਤ ਦੀ ਪੌਣ ਨੇ ਵਗਦੇ ਪਾਣੀਆਂ ਉਤੇ ਕਿਹੋ ਜਿਹੀਆਂ ਲੀਕਾਂ ਮਾਰੀਆਂ ਹਨ। ਉਹ ਸਮਝਣ ਲੱਗ ਪਿਐ ਕਿ ਫੁੱਲਾਂ ਦੇ ਸੁਆਸ ਲੈਣ ਦਾ ਕੀ ਅਰਥ ਹੈ ਤੇ ਬੁਲਬੁਲ ਦੇ ਗੀਤਾਂ ਦਾ ਕੀ।

ਵਰਤਮਾਨ ਦੀ ਦੀਵਾਰ ਦੇ ਪਿਛਲੇ ਪਾਸਿਓਂ ਮੈਂ ਆਉਣ ਵਾਲੇ ਯੁਗ ਦਾ ਦ੍ਰਿਸ਼ ਤੱਕ ਰਿਹਾਂ ਹਾਂ, ਜਿਸ ਵਿਚ ਹੁਸਨ ਲਾੜਾ ਤੇ ਰੂਹ ਲਾੜੀ ਅਤੇ ਇਹ ਜ਼ਿੰਦਗੀ ਇਕ ਤਰ੍ਹਾਂ ਸ਼ਗਨਾਂ-ਭਰੀ ਲਾਵਾਂ ਫੇਰਿਆਂ ਵਾਲੀ ਸੁਭਾਗੀ ਰਾਤ ਹੈ।

128. ਜ਼ਮਾਨਾ ਬਦਲ ਗਿਆ

ਸਮਾਂ ਕਿਤਨਾ ਅਜੀਬ ਹੈ ਤੇ ਅਸੀਂ ਵੀ ਕੇਹੋ ਜੇਹੇ ਅਨੋਖੇ ਖਬਤੀ ਹਾਂ। ਜ਼ਮਾਨਾ ਸੱਚਮੁੱਚ ਬਦਲ ਗਿਆ ਹੈ ਤੇ ਇਸਨੇ ਸਾਨੂੰ ਵੀ ਬਦਲ ਦਿੱਤਾ ਹੈ। ਇਹ ਘੁੰਡ ਲਾਹ ਲਾਹ ਕੇ ਇਕ ਕਦਮ ਅੱਗੇ ਤੁਰਦਾ, ਸਾਨੂੰ ਸਾਵਧਾਨ ਕਰਦਾ ਤੇ ਥਾਪੀ ਵੀ ਦਿੰਦਾ ਰਹਿੰਦਾ ਹੈ।

ਕੱਲ੍ਹ ਅਸੀਂ ਜ਼ਮਾਨੇ ਬਾਰੇ ਸ਼ਿਕਾਇਤਾਂ ਕਰਦੇ ਤੇ ਇਸ ਦੇ ਭੈ ਨਾਲ ਥਰ ਥਰ ਕੰਬਦੇ ਸਾਂ, ਪਰ ਅੱਜ ਇਹ ਸਮਝਿਐ ਕਿ ਇਸਨੂੰ ਪਿਆਰਨਾ-ਦੁਲਾਰਨਾ ਹੀ ਠੀਕ ਹੈ। ਹੁਣ ਅਸੀਂ ਇਸਦੀ ਮਨਸ਼ਾ ਸਮਝਦੇ ਤੇ ਕੁਦਰਤੀ ਵਿਧੀ ਨੂੰ ਪਛਾਣਦੇ ਹਾਂ ਤੇ ਇਸਦਾ ਰਹੱਸ ਵੀ ਜਾਣਦੇ ਹਾਂ। ਕੱਲ੍ਹ ਅਸੀਂ ਦਿਨ ਰਾਤ ਦੇ ਡਰਾਵਿਆਂ ਵਿਚਕਾਰ ਸਹਿਮੇ ਸਹਿਮੇ, ਗੋਡਿਆਂ ਭਾਰ ਰਿੜ੍ਹਦੇ ਸਾਂ ਤੇ ਅੱਜ ਅਸੀਂ ਬਿਦ ਬਿਦ ਕੇ ਉਸ ਉੱਚੀ ਪਹਾੜੀ ਚੋਟੀ ਵੱਲ ਵਧ ਰਹੇ ਹਾਂ ਜੋ ਕਿ ਤੂਫ਼ਾਨਾਂ ਦਾ ਗੜ੍ਹ ਹੈ। ਕੱਲ੍ਹ ਅਸਾਂ ਜੋ ਰੋਟੀ ਖਾਧੀ ਸੀ ਉਹ ਪਾਣੀ ਨਾਲ ਨਹੀਂ, ਲਹੂ ਨਾਲ ਗੁੰਨ੍ਹੀ ਹੋਈ ਸੀ; ਜੋ ਪਾਣੀ ਪੀਤਾ ਉਹ ਹੰਝੂਆਂ ਨਾਲ ਰਲਗੱਡ ਸੀ, ਲੇਕਿਨ ਅੱਜ ਅਸੀਂ ਪਰਭਾਤ ਦੀਆਂ ਦੁਲਹਨਾਂ ਪਾਸੋਂ ਛਾਹ ਵੇਲਾ ਲੈ ਰਹੇ ਹਾਂ ਤੇ ਬਸੰਤ ਦੇ ਮਧੁਰ ਹੁਲਾਰਿਆਂ ਨਾਲ ਵਧੀਆ ਸ਼ਰਾਬ-ਪਾਨ ਕਰ ਰਹੇ ਹਾਂ।

ਕੱਲ੍ਹ ਅਸੀਂ ਹੋਣੀ ਦੇ ਖਿਡੌਣੇ ਸਾਂ ਤੇ ਅੱਜ ਹੋਣੀ ਗੂੜ੍ਹੀ ਨੀਂਦ ਤੋਂ ਜਾਗ ਪਈ ਹੈ ਤੇ ਸਾਡੇ ਨਾਲ ਖ਼ੁਦ ਹੱਸ ਖੇਡ ਰਹੀ ਹੈ। ਹੁਣ ਅਸੀਂ ਉਸਦੇ ਪਿਛਲੱਗ ਨਹੀਂ, ਉਹ ਸਾਡੇ ਪਿੱਛੇ

ਪਿੱਛੇ ਆ ਰਹੀ ਹੈ। ਕੱਲ੍ਹ ਅਸੀਂ ਬੁੱਤਾਂ ਦੇ ਸਨਮੁਖ ਦੀਵੇ ਬਾਲਦੇ ਤੇ ਰੁੱਸੇ ਦੇਵਤਿਆਂ ਨੂੰ ਮਨਾਉਣ ਲਈ ਕੁਰਬਾਨੀਆਂ ਦਿੰਦੇ ਸਾਂ, ਅੱਜ ਅਸੀਂ ਆਪਣੀ ਹੀ ਹਸਤੀ ਦੀ ਪੂਜਾ ਉਪਾਸ਼ਨਾ ਕਰਦੇ ਹਾਂ ਕਿਉਂਕਿ ਸਭ ਤੋਂ ਵੱਧ ਮਹਾਨ ਤੇ ਅਤਿ ਸੁੰਦਰ ਦੇਵਤੇ ਨੇ ਸਾਡੇ ਮਨ ਮੰਦਰ ਵਿਚ ਆਸਣ ਲਾਇਆ ਹੋਇਆ ਹੈ।

ਕੱਲ੍ਹ ਅਸੀਂ ਬਾਦਸ਼ਾਹਾਂ ਨੂੰ ਸਲਾਮ ਕਰਦੇ ਤੇ ਸੁਲਤਾਨਾਂ ਨੂੰ ਸਿਰ ਨਿਵਾਉਂਦੇ ਸਾਂ ਪਰ ਹੁਣ ਅਸੀਂ ਆਪਣੇ ਬਚਾਉ ਖ਼ਾਤਰ ਇਨ੍ਹਾਂ ਨੂੰ ਨਹੀਂ ਮੰਨਦੇ; ਸਿਵਾਇ ਸੁੰਦਰਤਾ ਤੇ ਪ੍ਰੇਮ ਦੇ ਅਸੀਂ ਕਿਸੇ ਦੇ ਪੁਜਾਰੀ ਨਹੀਂ। ਕੱਲ੍ਹ ਅਸੀਂ ਕਲਪਿਤ ਅਵਤਾਰਾਂ ਤੇ ਪੈਗ਼ੰਬਰਾਂ ਦਾ ਸਨਮਾਨ ਕਰਦੇ ਸਾਂ, ਲੇਕਿਨ ਅੱਜ ਜ਼ਮਾਨਾ ਬਦਲ ਗਿਆ ਹੈ, ਜਿਸ ਸਾਨੂੰ ਵੀ ਬਦਲ ਦਿੱਤਾ ਹੈ। ਹੁਣ ਅਸੀਂ ਸੂਰਜ ਨੂੰ ਪੌੜੀ ਲਾ ਸਕਦੇ ਹਾਂ ਤੇ ਸਾਗਰ ਦੇ ਗੀਤ ਸੁਣ ਸਕਦੇ ਹਾਂ, ਸਿਵਾਇ ਸਮੁੰਦਰੀ ਤੂਫ਼ਾਨਾਂ ਦੇ ਸਾਨੂੰ ਕੋਈ ਰੋਕਣ ਵਾਲਾ ਨਹੀਂ। ਕੱਲ੍ਹ ਅਸੀਂ ਆਪਣੇ ਦਿਲ ਦੇ ਮੰਦਰ ਢਾਹ ਛੱਡੇ ਤੇ ਉਸ ਮਲਬੇ ਨਾਲ ਪਿੱਤਰਾਂ ਦੀਆਂ ਸਮਾਧਾਂ ਖੜ੍ਹੀਆਂ ਕੀਤੀਆਂ, ਲੇਕਿਨ ਅੱਜ ਫਿਰ ਸਾਡੀਆਂ ਆਤਮਾਵਾਂ ਪਵਿੱਤਰ ਬੇਦੀ ਦਾ ਰੂਪ ਧਾਰ ਗਈਆਂ ਹਨ ਤੇ ਹੁਣ ਬੀਤੇ ਭੂਤ ਪ੍ਰੇਤ ਸਾਡੇ ਉਤੇ ਹਾਵੀ ਨਹੀਂ ਹੋ ਸਕਦੇ ਤੇ ਨਿਰਾਕਾਰ ਮੁਰਦਾ ਰੂਹਾਂ ਸਾਨੂੰ ਨਹੀਂ ਛੂਹ ਸਕਦੀਆਂ। ਅਸੀਂ ਤਾਂ ਉਹ ਖ਼ਾਮੋਸ਼ ਵਿਚਾਰ ਹਾਂ ਜੋ ਭੁੱਲੇ-ਵਿਸਰੇ ਇਕ ਕੋਣੇ ਵਿਚ ਛਿਪੇ ਪਏ ਸਾਂ। ਅੱਜ ਸਾਡੀ ਬੁਲੰਦ ਆਵਾਜ਼ ਇਤਨੀ ਬਲਵਾਨ ਹੈ, ਜੋ ਆਸਮਾਨ ਨੂੰ ਵੀ ਗੁੰਜਾਇਮਾਨ ਕਰ ਸਕਦੀ ਹੈ। ਅਸੀਂ ਕਿਸੇ ਸਮੇਂ ਸੁਆਹ ਵਿਚ ਦੱਬੀ ਨਿੱਕੀ ਚੰਗਿਆੜੀ ਸਮਾਨ ਸਾਂ, ਲੇਕਿਨ ਅੱਜ ਵਾਦੀ ਦੀ ਸਿਖ਼ਰਲੀ ਚੋਟੀ ਉਤੇ ਬਲਦੇ ਭਾਂਬੜ ਵਾਂਙ ਹਾਂ।

ਅਸੀਂ ਕਈ ਰਾਤਾਂ ਸੱਥਰਾਂ 'ਤੇ ਪੈ ਪੈ ਜਾਗ ਕੇ ਕੱਟੀਆਂ, ਬਰਫ਼ ਹੀ ਸਾਡੀ ਕੰਬਲੀ ਸੀ। ਜਿਵੇਂ ਚਰਵਾਹੇ ਤੋਂ ਬਿਨਾਂ ਇੱਜੜ ਹੁੰਦਾ ਹੈ, ਤਿਵੇਂ ਹੀ ਅਸੀਂ ਆਪਣੇ ਵਿਚਾਰਾਂ ਦੀ ਚਰਾਗਾਹ ਵਿਚ ਉਦਗਾਰਾਂ ਦੀ ਉਗਾਲੀ ਕਰਦਿਆਂ, ਕਈ ਰਾਤਾਂ ਇਧਰ-ਉਧਰ ਟੱਕਰਾਂ ਮਾਰ ਕੇ ਬਿਤਾਈਆਂ, ਪਰ ਫਿਰ ਵੀ ਅਸੀਂ ਭੁੱਖੇ ਤਿਹਾਏ ਪਏ ਰਹੇ। ਕਿਸੇ ਅਗਿਆਤ ਦੀ ਉਡੀਕ ਵਿਚ, ਅਸੀਂ ਦਿਨ ਰਾਤ ਖੜ੍ਹੇ ਖੜੋਤੇ ਸਮਾ ਲੰਘਾਉਂਦੇ ਗਏ, ਅੰਧਕਾਰ-ਭਰੇ ਅਸਮਾਨ ਵੱਲ ਤਕਦੇ ਰਹੇ, ਖ਼ਾਮੋਸ਼ ਪ੍ਰਭਾਤ ਨੂੰ ਸੁਣਦੇ ਰਹੇ ਤੇ ਕਿਸੇ ਅਣਹੋਏ ਤੋਂ ਝਿਜਕਦੇ ਸੰਗਦੇ ਰਹੇ।

ਆਖ਼ਰ ਉਹ ਜ਼ਮਾਨੇ ਲਦ ਗਏ, ਜਿਵੇਂ ਕਿ ਬਘਿਆੜ, ਸ਼ਮਸ਼ਾਨ-ਭੂਮੀ ਵਿੱਚੀਂ ਲੰਘ ਜਾਂਦੇ ਸਨ; ਲੇਕਿਨ ਅੱਜ ਅਸਮਾਨ ਬਿਲਕੁਲ ਸਾਫ਼ ਹੈ, ਅਸੀਂ ਦੈਵੀ ਬਿਸਤਰੇ ਉਤੇ ਅਮਨ ਚੈਨ ਨਾਲ ਬਿਸਰਾਮ ਕਰਦੇ, ਆਪਣੇ ਖ਼ਿਆਲਾਂ ਤੇ ਸੁਪਨਿਆਂ ਨੂੰ ਸੱਦਾ ਦੇ ਸਕਦੇ ਹਾਂ ਤੇ ਮਨਸ਼ਾ ਪੂਰੀ ਕਰ ਸਕਦੇ ਹਾਂ, ਬਿਨਾਂ ਕਿਸੇ ਝਿਜਕ ਦੇ ਤੇ ਮਿਸਾਲਾਂ ਜਗਾ ਜਗਾ ਕੇ।

ਹੁਣ ਅਸੀਂ ਸਾਫ਼ ਸਾਫ਼ ਸ਼ਬਦਾਂ ਵਿਚ ਉਸ ਨਾਲ ਗੱਲਾਂ ਕਰ ਸਕਦੇ ਹਾਂ। ਜਦੋਂ ਫ਼ਰਿਸ਼ਤਿਆਂ ਦੀ ਮੰਡਲੀ ਲੰਘਦੀ, ਉਹ ਵੀ ਸਾਡੇ ਦਿਲੀ ਵਲਵਲਿਆਂ ਨਾਲ ਭਰਪੂਰ ਹੋ ਕੇ ਸਾਡੀਆਂ ਰੂਹਾਂ ਦੇ ਗੀਤ ਸੁਣ ਸੁਣ ਸਰਸ਼ਾਰ ਹੋ ਜਾਂਦੀ ਹੈ।

ਕੱਲ੍ਹ ਅਸੀਂ ਸਾਂ, ਅੱਜ ਵੀ ਅਸੀਂ ਹਾਂ; ਦੇਵਬੰਸੀਆਂ ਦੇ ਵਿਚ ਵਿਚਕਾਰ, ਇਹ ਬਿਧਨਾਂ ਦੀ ਮਰਜ਼ੀ ਹੈ।

ਬਾਨਰ ਬੰਸੀਓ! ਤੁਸੀਂ ਦੱਸੋ ਤੁਹਾਡੀ ਕੀ ਮਰਜ਼ੀ ਹੈ? ਤੁਸੀਂ ਜਦ ਦੇ ਇਸ ਧਰਤੀ 'ਤੇ ਆਏ ਹੋ, ਕੀ ਕੋਈ ਕਦਮ ਅੱਗੇ ਵਧਾਇਆ ਹੈ? ਜਦੋਂ ਸ਼ੈਤਾਨ ਨੇ ਤੁਹਾਡੀ ਅੱਖ ਖੋਲ੍ਹੀ, ਕੀ ਤੁਸੀਂ ਧੁਰ ਅਸਮਾਨ ਵੱਲ ਨਜ਼ਰ ਮਾਰੀ? ਜਦੋਂ ਤੁਹਾਡੇ ਬੁੱਲ੍ਹ ਖੋਲ੍ਹੇ ਗਏ, ਕੀ ਤੁਸੀਂ

ਧਰਮ-ਪੋਥੀ ਦਾ ਕੋਈ ਸ਼ਬਦ ਉਚਾਰਿਆ ? ਕੀ ਤੁਸੀਂ ਇਕ ਪਲ ਭਰ ਲਈ ਵੀ ਜ਼ਿੰਦਗੀ ਦਾ ਗੀਤ ਸੁਣਿਆ, ਜਦ ਤਕ ਮੌਤ ਨੇ ਤੁਹਾਡੇ ਕੰਨ ਮੁੰਦ ਨਾ ਦਿੱਤੇ ? ਸੱਤਰ ਹਜ਼ਾਰ ਵਰ੍ਹੇ ਬੀਤ ਗਏ, ਮੈਂ ਆ ਕੇ ਵੇਖਿਆ ਕਿ ਤੁਸੀਂ ਅੰਨ੍ਹੇਰੀਆਂ ਗੁਫ਼ਾਵਾਂ ਵਿਚ ਕੀੜਿਆਂ ਵਾਂਙ ਕੁਰਬਲ ਕੁਰਬਲ ਕਰਦੇ ਫਿਰਦੇ ਸੀ। ਸੱਤ ਮਿੰਟ ਪਹਿਲਾਂ ਮੈਂ ਤੱਕਿਆ, ਆਪਣੀ ਬਾਰੀ ਦੇ ਲਿਸ਼ਕਦੇ ਸ਼ੀਸ਼ੇ ਥਾਣੀਂ, ਤਾਂ ਤੁਸੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਨਾਲ ਬੱਧੇ ਗਲੀਆਂ ਵਿਚੀਂ ਲੰਗੜਾਉਂਦੇ ਜਾ ਰਹੇ ਸੀ ਤੇ ਮੌਤ ਤੁਹਾਡੇ ਦੁਆਲੇ ਫੇਰੇ ਮਾਰ ਰਹੀ ਸੀ।

ਅੱਜ ਤੁਸੀਂ ਉਜੇਹੇ ਹੀ ਲਗਦੇ ਹੋ, ਜਿਹੋ ਜਿਹੇ ਕੱਲ੍ਹ ਲਗਦੇ ਸੀ ਅਤੇ ਆਉਣ ਵਾਲੇ ਕੱਲ੍ਹ ਤੇ ਪਰਸੋਂ ਨੂੰ ਵੀ ਐਸੇ ਹੀ ਪ੍ਰਤੀਤ ਹੋਵੋਗੇ ਜਿਹਾ ਕਿ ਮੈਂ ਤੁਹਾਨੂੰ ਸ਼ੁਰੂ ਵਿਚ ਤੱਕਿਆ ਸੀ। ਕੱਲ੍ਹ ਅਸੀਂ ਸਾਂ, ਅੱਜ ਵੀ ਅਸੀਂ ਹਾਂ। ਇਹ ਬਿਧਨਾਂ ਦੀ ਮਰਜ਼ੀ ਹੈ। ਬਾਨਰ ਬੰਸੀਓ ! ਤੁਸੀਂ ਦੱਸੋ, ਤੁਹਾਡੀ ਕੀ ਮਰਜ਼ੀ ਹੈ ?

129. ਬੇਜ਼ਬਾਨ

ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ, ਮੈਂ ਇਕ ਢਹੇ-ਢੱਠੇ ਘਰ ਵੱਲ ਗਿਆ, ਜਿਥੇ ਕਿ ਸਿਵਾਇ ਇੱਟਾਂ ਰੋੜਿਆਂ ਦੇ ਕੁਝ ਨਹੀਂ ਸੀ। ਖੋਲਿਆਂ ਦੇ ਮਲਬੇ ਵਿਚ ਗੰਦਗੀ ਤੇ ਸੁਆਹ ਦੀ ਢੇਰੀ ਉਤੇ ਇਕ ਕੁੱਤਾ ਸੁੱਤਾ ਪਿਆ ਸੀ, ਜਿਸਦਾ ਪਿੰਡਾ ਖ਼ਾਰਸ਼ ਨੇ ਖਾਧਾ ਹੋਇਆ ਸੀ। ਉਸਦੀਆਂ ਅੱਖਾਂ ਵਿਚ ਉਦਾਸੀ ਤੇ ਪੀੜਾ ਝਲਕ ਰਹੀ ਸੀ। ਮੈਂ ਹੌਲੀ ਹੌਲੀ ਉਸ ਵੱਲ ਵਧਿਆ ਤਾਂਕਿ ਉਸ ਦੁਖੀ ਪ੍ਰਾਣੀ ਨੂੰ ਕੁਝ ਧੀਰਜ ਦੇ ਸਕਾਂ,ਲੇਕਿਨ ਮੇਰੀ ਇਸ ਕੋਸ਼ਿਸ਼ ਨੇ ਉਸਨੂੰ ਡਰਾ ਕੇ ਘਬਰਾਹਟ ਵਿਚ ਪਾ ਦਿੱਤਾ। ਉਸ ਆਪਣੀਆਂ ਕਮਜ਼ੋਰ ਲੱਤਾਂ ਉਤੇ ਖੜ੍ਹਨ ਦੀ ਕੋਸ਼ਿਸ਼ ਕੀਤੀ ਤੇ ਮੇਰ ਵੱਲ ਨਿਗਾਹ ਫੇਰੀ। ਉਸਦੇ ਗੁੰਗੇ ਬੋਲ ਆਦਮੀ ਦੇ ਬੋਲਾਂ ਨਾਲੋਂ ਵਧੇਰੇ ਸਪੱਸ਼ਟ ਸਨ ਤੇ ਤ੍ਰੀਮਤ ਦੇ ਹੰਝੂਆਂ ਨਾਲੋਂ ਕਿਤੇ ਵਧੇਰੇ ਦਰਦਨਾਕ ਸਨ। ਜਿਵੇਂ ਮੈਨੂੰ ਸਮਝ ਆਈ, ਉਹ ਕਹਿ ਰਿਹਾ ਸੀ :

"ਓ ਭਲੇ ਮਾਣਸ ! ਮੈਂ ਤੇਰੇ ਜ਼ੁਲਮ ਜਬਰ ਕਾਰਣ ਬੀਮਾਰ ਹੋਇਆਂ ਤੇ ਇਸ ਦੁਰਦਸ਼ਾ ਨੂੰ ਪੁੱਜਾਂ; ਮੈਂ ਤੇਰੇ ਕੁਚਲ ਰਹੇ ਤੇ ਝਰੀਟਾਂ ਪਾ ਰਹੇ ਪੈਰਾਂ ਦੀ ਮਾਰ ਤੋਂ ਭੱਜ ਕੇ ਇਥੇ ਆਇਆ ਹਾਂ; ਇਸ ਮਨੁੱਖੀ ਕਠੋਰ ਹਿਰਦੇ ਨਾਲੋਂ ਮੈਨੂੰ ਇਹ ਸੁਆਹ ਵੀ ਵਧੇਰੇ ਨਰਮ ਤੇ ਹਮਦਰਦ ਜਾਪੀ ਹੈ।

"ਮੈਂ ਇਕ ਪੀੜਿਤ ਪ੍ਰਾਣੀ ਹਾਂ ਜਿਸਨੇ ਆਦਮ ਦੇ ਪੁੱਤਰ ਦੀ ਲਗਾਤਾਰ ਵਫ਼ਾਦਾਰੀ ਨਾਲ ਸੇਵਾ ਕੀਤੀ, ਉਸਦਾ ਵਿਸ਼ਵਾਸ-ਪਾਤਰ ਸਾਥੀ ਰਿਹਾ, ਰਾਤ ਦਿਨ ਰਾਖੀ ਕੀਤੀ। ਉਸਦੀ ਗ਼ੈਰ-ਹਾਜ਼ਰੀ ਵਿਚ ਉਦਾਸ ਵੀ ਰਿਹਾ ਪਰ ਜਦ ਉਹ ਪਰਤਿਆ ਤਾਂ ਮੈਂ ਬਹੁਤ ਪ੍ਰਸੰਨ ਹੋਇਆ। ਮੈਂ ਉਸਦੇ ਖਾਣੇ ਦੇ ਭੋਰੇ-ਚੋਰੇ ਨਾਲ ਗੁਜ਼ਾਰਾ ਕੀਤਾ, ਹੱਡੀਆਂ ਢੂੰਡ ਢੂੰਡ ਕੇ ਔਖੇ ਵਕਤ ਲੰਘਾਏ ਪਰ ਹੁਣ ਜਦ ਮੈਂ ਬੁੱਢਾ ਹੋ ਗਿਆ ਹਾਂ ਤਾਂ ਉਸਨੇ ਮੈਨੂੰ ਬਾਹਰ ਕੱਢ ਦਿੱਤਾ ਹੈ। ਹੁਣ ਮੈਂ ਬੇਰਹਿਮ ਮੂੜ੍ਹ ਬਾਲਕਿਆਂ ਦੇ ਤਰਸ ਉਤੇ ਹਾਂ।

"ਮੈਂ ਉਨ੍ਹਾਂ ਲੋਕਾਂ ਨਾਲ ਵੀ ਆਪਣੇ ਆਪ ਨੂੰ ਰਲਾ ਕੇ ਦੇਖਿਆ ਜੋ ਬੁੱਢੇ ਹੋ ਚੁੱਕੇ ਹਨ। ਅਜੇਹੇ ਬੀਰ ਜੋਧੇ ਜੋ ਜੁਆਨੀ ਵਿਚ ਦੇਸ਼ ਲਈ ਲੜਦੇ ਰਹੇ, ਫਿਰ ਆ ਕੇ ਉਨ੍ਹਾਂ ਖੇਤੀਬਾੜੀ ਕੀਤੀ, ਫਿਰ ਜਦ ਜੀਵਨ ਦੀ ਪੱਤਝੜ ਆ ਗਈ ਤਾਂ ਉਹ ਕੰਮ ਆਉਣ-ਜੋਗੇ

ਨਾ ਰਹੇ। ਮੈਂ ਉਨ੍ਹਾਂ ਬੁੱਢੀਆਂ ਤ੍ਰੀਮਤਾਂ ਨੂੰ ਵੀ ਦੇਖਿਆ ਜੋ ਜੋਬਨ ਸਮੇਂ ਗੱਭਰੂਆਂ ਦਾ ਮਨ ਲੁਭਾਉਂਦੀਆਂ ਸਨ, ਮਾਵਾਂ ਬਣ ਕੇ ਬੱਚੇ ਪਾਲਦੀਆਂ ਤੇ ਪਰਿਵਾਰ ਦਾ ਸਾਰਾ ਭਾਰ ਉਠਾਉਂਦੀਆਂ ਸਨ, ਹੁਣ ਉਹ ਵੀ ਬਿਰਧ ਹੋ ਗਈਆਂ ਤੇ ਵਿਚਾਰੀਆਂ ਕਿਸੇ ਕੰਮ-ਜੋਗੀਆਂ ਨਹੀਂ ਰਹੀਆਂ।

"ਹੇ ਮਨੁੱਖ ! ਤੂੰ ਕੈਸਾ ਜ਼ਾਲਮ ਹੈਂ, ਕੈਸਾ ਢੀਠ ਹੈਂ।" ਇਉਂ ਉਸ ਬੇਜ਼ਬਾਨ ਨੇ ਮੈਨੂੰ ਸਾਰੀ ਆਪ-ਬੀਤੀ ਤੇ ਜੱਗਬੀਤੀ ਸੁਣਾਈ, ਜਿਸਨੂੰ ਮੇਰਾ ਦਿਲ ਪੂਰੀ ਤਰ੍ਹਾਂ ਸਮਝ ਰਿਹਾ ਸੀ।

130. ਟਾਪੂ

ਜ਼ਿੰਦਗੀ, ਇਕੱਲ ਦੇ ਸੁੰਨਸਾਨ ਸਾਗਰ ਵਿਚਕਾਰ ਇਕ ਟਾਪੂ ਹੈ ਜਿਥੇ ਉਮੀਦਾਂ ਦੀਆਂ ਚੱਟਾਨਾਂ, ਸੁਪਨਿਆਂ ਦੇ ਬਿਰਛ ਬੂਟੇ, ਏਕਾਂਤ ਦੇ ਖਿੜੇ ਪੁਸ਼ਪ ਤੇ ਪਿਆਸਾ ਦੇ ਚਸ਼ਮੇ ਵਗਦੇ ਹਨ। ਮੇਰੇ ਮਿੱਤਰ ! ਇਹ ਐਸਾ ਟਾਪੂ ਹੈ ਜੋ ਹੋਰਾਂ ਬਸਤੀਆਂ ਤੋਂ ਬਿਲਕੁਲ ਅਲੱਗ-ਥਲੱਗ ਹੈ। ਭਾਵੇਂ ਕਿਤਨੇ ਹੀ ਜਹਾਜ਼ ਤੁਹਾਡੇ ਕੰਢਿਆਂ ਤੋਂ ਹੋਰ ਪੌਣ ਪਾਣੀਆਂ ਵੱਲ ਤੁਰਦੇ ਤੇ ਕਿਤਨੇ ਹੀ ਬਾਹਰੋਂ ਤੁਹਾਡੇ ਸਾਹਿਲ ਨਾਲ ਆ ਕੇ ਲਗਦੇ ਹਨ ਪਰ ਤੁਸੀਂ ਇਸ ਸੁੰਞੇ ਟਾਪੂ ਵਿਚ ਕੱਲਮ ਕੱਲ੍ਹੇ ਹੋ ਤੇ ਇਸ ਇਕੱਲ ਦੀਆਂ ਪੀੜਾਂ ਝਲਦੇ ਸੰਜੋਗੀ ਮੇਲਿਆਂ ਨੂੰ ਤਰਸਦੇ ਰਹਿੰਦੇ ਹੋ। ਤੁਹਾਡੀਆਂ ਆਵਾਜ਼ਾਂ ਉਨ੍ਹਾਂ ਆਉਣ ਜਾਣ ਵਾਲਿਆਂ ਦੇ ਕੰਨੀਂ ਨਹੀਂ ਪੈਂਦੀਆਂ, ਇਸ ਕਰਕੇ ਉਹ ਤੁਹਾਡੇ ਭੇਦਾਂ ਦੇ ਹਾਲਾਤ ਤੋਂ ਬੇਖ਼ਬਰ ਹਨ।

ਮੈਂ ਤੁਹਾਨੂੰ ਸੋਨੇ ਦੇ ਅੰਬਾਰਾਂ ਉਤੇ ਬੈਠਿਆਂ, ਅਮੀਰੀ ਦਾ ਚੰਗਾ ਸੁਆਦ ਲੈਂਦਿਆਂ ਵੇਖਿਆ ਹੈ, ਕੁਝ ਖ਼ਜ਼ਾਨਿਆਂ ਦਾ ਘੁਮੰਡ, ਕੁਝ ਉਨ੍ਹਾਂ ਦੀ ਰਖਵਾਲੀ ਦੀ ਚਿੰਤਾ ਤੇ ਕੁਝ ਇਹ ਗੁਮਾਨ ਕਿ ਤੁਸੀਂ ਸੋਨੇ ਦੀ ਤਾਰ ਨਾਲ, ਲੋਕਾਂ ਦੇ ਦਿਲ ਦੀ ਤਾਰ ਨਾਲ ਮੇਲ ਪੈਦਾ ਕਰ ਸਕਦੇ ਹੋ ਤੇ ਉਨ੍ਹਾਂ ਨੂੰ ਆਪਣੇ ਵੱਲ ਝੁਕਾ ਸਕਦੇ ਹੋ। ਮੈਂ ਤੁਹਾਨੂੰ ਆਪਣੇ ਮਨ ਦੀ ਦ੍ਰਿਸ਼ਟੀ ਨਾਲ ਬਤੌਰ ਇਕ ਮਹਾਨ ਵਿਜਈ ਦੇ ਵੀ ਤੱਕਿਆ ਹੈ, ਆਪਣੇ ਜ਼ੋਰਾਵਰ ਲਸ਼ਕਰਾਂ ਨਾਲ ਵੈਰੀਆਂ ਦੇ ਕਿਲ੍ਹੇ ਢਾਹੁੰਦਿਆਂ। ਪਰ ਜਦ ਮੈਂ ਫਿਰ ਗਹੁ ਨਾਲ ਵੇਖਿਆ ਤਾਂ ਇਉਂ ਲੱਗਾ ਜਿਵੇਂ ਕਿ ਖ਼ਜ਼ਾਨੇ ਦੀ ਭਾਰੀ ਸੰਦੂਕੜੀ ਨਾਲ ਚਿੰਬੜਿਆ ਤੁਹਾਡਾ ਮਨ ਸੁਨਹਿਰੀ ਪਿੰਜਰੇ ਵਿਚ ਫਾਥਾ ਪੰਛੀ ਹੋਵੇ ਤੇ ਜਿਸਦੀ ਟੁੱਟੀ ਪਿਆਲੀ ਪਾਨੀ ਤੋਂ ਖ਼ਾਲੀ ਪਈ ਹੋਵੇ।

ਮੈਂ ਤੁਹਾਨੂੰ ਵਡਿਆਈ ਦੇ ਤਖ਼ਤ ਉਤੇ ਬੜੀ ਆਨ ਸ਼ਾਨ ਨਾਲ ਬਿਰਾਜਮਾਨ ਹੁੰਦਿਆਂ ਵੀ ਵੇਖਿਆ ਹੈ, ਤੁਹਾਡੇ ਆਲੇ-ਦੁਆਲੇ ਅਮੀਰ ਵਜ਼ੀਰ ਤੁਹਾਡੇ ਕਾਰਨਾਮਿਆਂ ਦੇ ਗੀਤ ਗਾਉਂਦੇ, ਤੁਹਾਡੀ ਸਿਆਣਪ ਦੀ ਦਾਦ ਦਿੰਦੇ ਹੋਏ ਇਉਂ ਦੇਖਦੇ ਸਨ ਜਿਵੇਂ ਕਿ ਤੁਸੀਂ ਕੋਈ ਪੀਰ ਅਵਤਾਰ ਹੁੰਦੇ ਹੋ ਤੇ ਉਹ ਕਿਸੇ ਬਹਿਸ਼ਤੀ ਸ਼ਾਮਿਆਨੇ ਹੇਠ ਬੈਠ ਰੰਗਰਲੀਆਂ ਮਨਾ ਰਹੇ ਹੁੰਦੇ ਹਨ। ਜਦ ਤੁਸੀਂ ਕਦੀ ਆਪਣੀ ਰਿਆਇਆ ਵੱਲ ਨਜ਼ਰ ਮਾਰਦੇ ਤਾਂ ਤੁਹਾਡੇ ਚਿਹਰੇ ਉਤੇ ਰੋਅਬ-ਦਾਬ ਤੇ ਖ਼ੁਸ਼ੀ ਦੇ ਚਿੰਨ੍ਹ ਦਿਖਾਈ ਦਿੰਦੇ, ਜਿਵੇਂ ਕਿ ਤੁਸੀਂ ਹੀ ਉਨ੍ਹਾਂ ਦੀ ਜਿੰਦ-ਜਾਨ ਹੁੰਦੇ ਹੋ। ਮੈ ਜ਼ਰਾ ਹੋਰ ਨੇੜੇ ਹੋ ਕੇ ਤੱਕਿਆ ਤਾਂ ਤਖ਼ਤ ਲਾਗੇ ਹੀ ਤੁਹਾਡੀ ਰੂਹ ਵੱਖਰੀ ਖੜ੍ਹੀ ਸਿਸਕੀਆਂ ਲੈ ਰਹੀ ਸੀ ਤੇ ਰਹਿਮ ਦੀ ਭੀਖ ਮੰਗ ਰਹੀ ਸੀ ਪਰ ਉਸਦੀ ਟਕ ਕਿਤੇ ਦੂਰ ਲੱਗੀ ਹੋਈ ਸੀ।

ਮੈਂ ਤੁਹਾਨੂੰ ਇਕ ਸੁੰਦਰੀ ਉਤੇ ਮੋਹਿਤ ਹੁੰਦਿਆਂ ਵੀ ਵੇਖਿਆ, ਉਹ ਬੜੀ ਹੀ ਨਜ਼ਾਕਤ ਤੇ ਅਪਣੱਤ ਭਾਵ ਨਾਲ ਤੱਕ ਰਹੀ ਸੀ, ਉਸਦੇ ਨੈਣਾਂ ਦੀ ਚਮਕ ਤੁਹਾਡੇ ਚਿਹਰੇ ਉਤੇ ਝਿਲਮਿਲਾ ਰਹੀ ਸੀ। ਇਹ ਦੇਖ ਕੇ ਮੈਂ ਦਿਲ ਹੀ ਦਿਲ ਵਿਚ ਕਿਹਾ ਕਿ ਇਸ ਪ੍ਰੇਮਿਕਾ ਨੇ ਇਸਦੀ ਇਕੱਲ ਨੂੰ ਖ਼ਤਮ ਕਰ ਦਿੱਤਾ ਹੈ ਤੇ ਨਿਰਾਸਤਾ ਦਾ ਅੰਨ੍ਹੇਰਾ ਮਿਟਾ ਕੇ ਰੂਹਾਂ ਦਾ ਸੰਜੋਗੀ ਮੇਲਾ ਰਚਾ ਦਿਤਾ ਹੈ। ਪਰ ਮੈਂ ਫਿਰ ਤੁਹਾਡੇ ਵੱਲ ਨਿਗਾਹ ਮਾਰੀ ਤਾਂ ਮੈਨੂੰ ਇਉਂ ਜਾਪਿਆ ਜਿਵੇਂ ਤੁਹਾਡੇ ਦਿਲ ਅੰਦਰ ਲਿਪਟਿਆ ਹੋਇਆ ਇਕ ਹੋਰ ਬੇਚੈਨ ਦਿਲ ਆਪਣੇ ਭੇਦ, ਹੰਝੂ ਬਣਾ ਕੇ ਉਸ ਸੁੰਦਰੀ ਦੇ ਮਸਤਕ ਉਤੇ ਵਹਾਉਣਾ ਚਾਹੁੰਦਾ ਹੈ, ਲੇਕਿਨ ਬੇਬੱਸ ਹੈ।

ਪ੍ਰੇਮ ਨਾਲ ਦ੍ਰਵੀ-ਭੂਤ ਹੋਏ ਦਿਲ ਦੇ ਉਸ ਪਾਰ ਮੈਨੂੰ ਇਕ ਹੋਰ ਦਿਲ ਨਜ਼ਰੀਂ ਪਿਆ ਜੋ ਅਸਮਾਨ ਉਤੇ ਛਾਈ ਧੁੰਦ ਵਾਂਙ ਕੱਲਮ ਕੱਲਾ ਨਜ਼ਰ ਆ ਰਿਹਾ ਸੀ ਤੇ ਉਹ ਇਸ ਕੋਸ਼ਿਸ਼ ਵਿਚ ਸੀ ਕਿ ਉਹ ਪ੍ਰੇਮਿਕਾ ਦੀਆਂ ਹਥੇਲੀਆਂ ਉਤੇ ਹੰਝੂ ਬਣ ਕੇ ਟਪਕੇ, ਪਰ ਉਹ ਅਜੇਹਾ ਕਰ ਨਾ ਸਕਿਆ।

ਇਹ ਹਕੀਕਤ ਹੈ ਕਿ ਤੁਹਾਡੀ ਜ਼ਿੰਦਗੀ ਤਮਾਮ ਹੋਰਾਂ ਦੀਆਂ ਮੰਜ਼ਲਾਂ ਨਾਲੋਂ ਇਕ ਵੱਖਰੀ ਮੰਜ਼ਲ ਰਖਦੀ ਹੈ ਤੇ ਇਹ ਮੰਜ਼ਲ ਦਿਸਣ ਵਾਲੇ ਰਸਤਿਆਂ ਤੋਂ ਦੂਰ ਵੀ ਬਹੁਤ ਹੈ, ਭਾਵੇਂ ਇਹ ਅਸਲੀ ਮੰਜ਼ਲ ਧੁੰਦੂਕਾਰੇ ਵਿਚ ਹੈ ਪਰ ਤੁਸੀਂ ਆਲੇ-ਦੁਆਲੇ ਤੋਂ ਚਾਨਣ ਲੈ ਕੇ ਵੀ ਇਸਨੂੰ ਰੌਸ਼ਨ ਨਹੀਂ ਕਰ ਸਕਦੇ। ਜੇਕਰ ਇਹ ਬੂਟਾ ਬੀਆਬਾਨ ਵਿਚ ਕੱਲਮ ਕੱਲਾ ਲੱਗਾ ਹੋਇਆ ਹੈ ਤਾਂ ਤੁਸੀਂ ਇਸਨੂੰ ਹੋਰਾਂ ਦੇ ਬਣਾਏ ਸਵਾਰੇ ਬਾਗ਼ ਵਿਚ ਨਹੀਂ ਲਾ ਸਕਦੇ ਤੇ ਜੇ ਇਹ ਕਿਸੇ ਉੱਚੀ ਪਹਾੜੀ ਚੋਟੀ 'ਤੇ ਹੈ ਤਾਂ ਗ਼ੈਰਾਂ ਦੇ ਪੈਰਾਂ ਨਾਲ ਦਲੀ-ਮਲੀ ਨਿਚਲੀ ਵਾਦੀ ਵਿਚ ਵੀ ਇਸਨੂੰ ਨਹੀਂ ਲਿਆਂਦਾ ਜਾ ਸਕਦਾ।

ਤੁਹਾਡੀ ਜ਼ਿੰਦਗੀ ਇਕੱਲ ਤੇ ਨਿੱਜੀ ਹੋਂਦ ਨਾਲ ਘਿਰੀ ਹੋਈ ਹੈ। ਜੇਕਰ ਇਹ ਗੱਲ ਨਾ ਹੁੰਦੀ ਤਾਂ ਮੈਂ ਤੇ ਤੁਸੀਂ ਵੱਖ ਵੱਖ ਨਾ ਹੁੰਦੇ। ਤੁਸੀਂ ਆਪਣੀ ਆਵਾਜ਼ ਸੁਣ ਕੇ ਇਹ ਸਮਝਦੇ ਕਿ ਮੈਂ ਬੋਲ ਰਿਹਾ ਹਾਂ। ਜੇਕਰ ਮੈਂ ਤੁਹਾਡਾ ਚਿਹਰਾ ਦੇਖਦਾ ਤਾਂ ਮੈਨੂੰ ਖ਼ਿਆਲ ਆਉਂਦਾ ਕਿ ਮੈਂ ਹੀ ਆਪਣਾ ਚਿਹਰਾ ਸ਼ੀਸ਼ੇ ਵਿੱਚੀਂ ਦੇਖ ਰਿਹਾ ਹਾਂ।

131. ਗੁੱਝਾ ਰਹੱਸ

ਜਦੋਂ ਰਾਤ ਕਾਫ਼ੀ ਲੰਘ ਚੁੱਕੀ ਤੇ ਨੀਂਦ ਨੇ ਆਪਣਾ ਪੜਦਾ ਦੁਨੀਆਂ ਉਤੇ ਪਾ ਦਿੱਤਾ ਤਾਂ ਮੈਂ ਆਪਣੇ ਬਿਸਤਰੇ ਤੋਂ ਇਹ ਕਹਿੰਦਾ ਕਹਿੰਦਾ ਉਠਿਆ ਕਿ ਸਾਗਰ ਕਦੀ ਸੌਂਦਾ ਨਹੀਂ ਤੇ ਇਸਦੀ ਜਾਗ ਬੇਚੈਨ ਰੂਹਾਂ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਜਦ ਮੈਂ ਕੰਢੇ 'ਤੇ ਪਹੁੰਚਿਆ ਤਾਂ ਧੁੰਦ ਪਹਿਲਾਂ ਹੀ ਪਹਾੜ ਦੀ ਚੋਟੀ ਤੋਂ ਉਤਰ ਰਹੀ ਸੀ ਤੇ ਦੁਨੀਆਂ ਨੂੰ ਆਪਣੇ ਆਪ ਵਿਚ ਇਉਂ ਲਪੇਟ ਰਹੀ ਸੀ ਜਿਵੇਂ ਬੁਰਕਾ ਕਿਸੇ ਸੁੰਦਰੀ ਨੂੰ ਲੁਕਾ ਰਿਹਾ ਹੋਵੇ। ਮੈਂ ਉਥੇ ਖੜ ਕੇ ਲਹਿਰਾਂ ਦਾ ਅਨੰਦ ਮਾਣਦਾ ਰਿਹਾ, ਉਨ੍ਹਾਂ ਦੇ ਗੀਤ ਸੁਣਦਾ ਰਿਹਾ ਤੇ ਉਸ ਸੱਤਾ ਦਾ ਧਿਆਨ ਧਰਦਾ ਰਿਹਾ ਜੋ ਉਸਦੇ ਪਿੱਛੇ ਕੰਮ ਕਰਦੀ ਤੇ ਤੂਫ਼ਾਨਾਂ ਨੂੰ ਹਰਕਤ ਵਿਚ ਲਿਆਉਂਦੀ ਅਤੇ ਜੁਆਲਾਮੁਖੀਆਂ ਅੰਦਰ ਕਹਿਰਾਂ-ਭਰੇ ਭਾਂਬੜ ਬਾਲਦੀ ਹੈ ਤੇ ਉਹੋ ਸੱਤਾ ਗੁਲਾਬ ਦੇ ਫੁੱਲਾਂ ਨਾਲ ਅਠਖੇਲੀਆਂ ਕਰਦੀ, ਗੁਣਗਣਾਉਂਦੀ ਹੋਈ ਨਦੀਆਂ ਨਾਲ ਰਾਗ

ਅਲਾਉਂਦੀ ਫਿਰਦੀ ਹੈ।

ਕੁਝ ਅਰਸੇ ਬਾਦ ਮੈਂ ਮੁੜ ਕੇ ਦੇਖਿਆ ਤਾਂ ਚੱਟਾਨ ਉਤੇ ਤਿੰਨ ਸੂਰਤਾਂ ਦਿਖਾਈ ਦਿੱਤੀਆਂ। ਮੈਂ ਉਨ੍ਹਾਂ ਵੱਲ ਵਧਿਆ, ਜਦੋਂ ਕਿ ਕੋਈ ਤਾਕਤ ਮੈਨੂੰ ਰੋਕ ਵੀ ਰਹੀ ਸੀ। ਮੈਨੂੰ ਇਉਂ ਲਗਿਆ ਜਿਵੇਂ ਧੁੰਦ ਨੇ ਉਨ੍ਹਾਂ ਨੂੰ ਲੁਕਾ ਰਖਿਆ ਸੀ, ਪਰ ਫਿਰ ਵੀ ਉਹ ਮੈਥੋਂ ਪੂਰੀ ਤਰ੍ਹਾਂ ਉਹਲੇ ਨਹੀਂ ਸਨ। ਮੈਂ ਇਕ ਗੁੱਝੀ ਖਿੱਚ ਕਾਰਣ ਉਸ ਚੱਟਾਨ ਵੱਲ ਵਧਿਆ ਜਿਸ ਉਤੇ ਉਹ ਬੈਠੀਆਂ ਸਨ। ਮੈਂ ਉਨ੍ਹਾਂ ਵੱਲ ਨਿਗ੍ਹਾ ਫੇਰੀ, ਉਸ ਥਾਂ ਕੁਝ ਅਜੀਬ ਜੇਹਾ ਜਾਦੂ ਛਾਇਆ ਹੋਇਆ ਸੀ, ਜਿਸ ਵਿਚ ਮੇਰੀ ਕਲਪਨਾ ਗਵਾਚੀ ਗਵਾਚੀ ਲਗਦੀ ਸੀ ਤੇ ਉਸ ਵਿਚ ਕੁਝ ਹਲਚਲ ਜੇਹੀ ਮਚੀ ਹੋਈ ਸੀ। ਇਨ੍ਹਾਂ ਵਿਚੋਂ ਇਕ ਸੂਰਤ ਉੱਠੀ ਤੇ ਉਸਨੇ ਐਸੀ ਆਵਾਜ਼ ਨਾਲ, ਜੈਸੀ ਕਿ ਸਾਗਰ ਦੀ ਗਹਿਰਾਈ ਵਿਚੋਂ ਉਠਦੀ ਹੈ, ਕਹਿਣਾ ਸ਼ੁਰੂ ਕੀਤਾ :

"ਜ਼ਿੰਦਗੀ ਮੁਹੱਬਤ ਦੇ ਬਗੈਰ ਉਹ ਬਿਰਛ ਹੈ ਜਿਸਨੂੰ ਕੋਈ ਫੁੱਲ ਜਾਂ ਫਲ ਨਾ ਲਗਦਾ ਹੋਵੇ।

"ਮੁੱਹਬਤ, ਹੁਸਨ ਤੋਂ ਬਿਨਾਂ ਇਕ ਅਜੇਹਾ ਫੁੱਲ ਹੈ, ਜਿਸ ਵਿਚ ਕੋਈ ਸੁਗੰਧ ਨਾ ਹੋਵੇ, ਤੇ ਇਹ ਇਕ ਅਜੇਹਾ ਫਲ ਹੈ ਜਿਸ ਵਿਚ ਬੀਜ ਨਾ ਹੋਵੇ।

"ਜ਼ਿੰਦਗੀ, ਮੁਹੱਬਤ ਤੇ ਹੁਸਨ—ਇੱਕੋ ਅਮਰ ਹਸਤੀ ਦੀਆਂ ਤਿੰਨ ਵਿਸ਼ੇਸ਼ਤਾਵਾਂ ਹਨ ਜੋ ਨਾ ਬਦਲਦੀਆਂ ਤੇ ਨਾ ਹੀ ਇਕ ਦੂਜੇ ਤੋਂ ਨਿਖੜਦੀਆਂ ਹਨ।" ਇਉਂ ਕਹਿੰਦਿਆਂ ਉਹ ਬੈਠ ਗਈ।

ਫਿਰ ਦੂਜੀ ਸੂਰਤ ਉੱਠੀ, ਉਸਨੇ ਲਹਿਰਾਂ ਦੀ ਗਰਜ ਨਾਲ ਇਉਂ ਕਹਿਣਾ ਸ਼ੁਰੂ ਕੀਤਾ :

"ਜ਼ਿੰਦਗੀ ਇਨਕਲਾਬ ਤੋਂ ਬਿਨਾਂ ਉਨ੍ਹਾਂ ਮੌਸਮਾਂ ਵਰਗੀ ਹੈ ਜਿਸ ਵਿਚ ਬਹਾਰ ਨਾ ਹੋਵੇ, ਇਨਕਲਾਬ ਸੱਚਾਈ ਤੋਂ ਬਗੈਰ ਉਹ ਦਰਿਆ ਹੈ ਜੋ ਖ਼ੁਸ਼ਕ ਮਾਰੂਥਲ ਵਿਚ ਵਹਿ ਰਿਹਾ ਹੋਵੇ।

"ਜ਼ਿੰਦਗੀ, ਇਨਕਲਾਬ ਤੇ ਸੱਚਾਈ—ਇਹ ਤਿੰਨੇ ਇਕੋ ਅਮਰ ਹਸਤੀ ਦੀਆਂ ਵਿਸ਼ੇਸ਼ਤਾਵਾਂ ਹਨ ਜੋ ਨਾ ਕਦੀ ਬਦਲਦੀਆਂ ਹਨ ਤੇ ਨਾ ਹੀ ਇਕ ਦੂਜੇ ਤੋਂ ਨਿਖੜਦੀਆਂ ਹਨ।" ਇਹ ਕਹਿੰਦਿਆਂ ਉਹ ਵੀ ਆਪਣੀ ਥਾਂ ਬਹਿ ਗਈ।

ਫਿਰ ਤੀਸਰੀ ਸੂਰਤ ਉੱਠੀ, ਉਹ ਬਿਜਲੀ ਦੀ ਕੜਕਵੀਂ ਆਵਾਜ਼ ਵਿਚ ਆਖਣ ਲੱਗੀ :

"ਜ਼ਿੰਦਗੀ ਆਜ਼ਾਦੀ ਤੋਂ ਬਿਨਾਂ ਅਜੇਹਾ ਜਿਸਮ ਹੈ ਜਿਸ ਵਿਚ ਕੋਈ ਰੂਹ ਨਹੀਂ, ਆਜ਼ਾਦੀ ਵਿਚਾਰ ਤੋਂ ਬਿਨਾਂ ਐਸੀ ਰੂਹ ਹੈ ਜੋ ਭਟਕੀ ਹੋਈ ਹੈ। ਸੋ ਜ਼ਿੰਦਗੀ, ਆਜ਼ਾਦੀ ਤੇ ਵਿਚਾਰ ਉਸ ਅਮਰ ਹਸਤੀ ਦੀਆਂ ਐਸੀਆਂ ਖ਼ੂਬੀਆਂ ਹਨ ਜੋ ਨਾ ਕਦੀ ਬਦਲਦੀਆਂ ਤੇ ਨਾ ਹੀ ਇਕ ਦੂਜੇ ਤੋਂ ਨਿਖੜਦੀਆਂ ਹਨ।"

ਇਸ ਤੋਂ ਬਾਦ ਤਿੰਨੇ ਸੂਰਤਾਂ ਇਕੱਠੀਆਂ ਖੜ੍ਹੀਆਂ ਹੋ ਕੇ ਉੱਚੀ ਉੱਚੀ ਕਹਿਣ ਲੱਗੀਆਂ :

"ਮੁਹੱਬਤ ਜੋ ਕੁਝ ਪ੍ਰਾਪਤ ਕਰੇ, ਇਨਕਲਾਬ ਜੋ ਕੁਝ ਉਪਜਾਵੇ, ਆਜ਼ਾਦੀ ਜੋ ਕੁਝ ਬਣਾਵੇ, ਇਹ ਤਿੰਨੇ ਉਸ ਮਹਾਨ ਜੋਤਿ ਦਾ ਜਲਵਾ ਹਨ ਅਤੇ ਉਹ ਅਨਾਦਿ ਅਨੰਤ ਜੋਤਿ, ਗਿਆਨਵੰਤ ਬ੍ਰਹਿਮੰਡ ਦੀ ਅੰਦਰਲੀ ਜ਼ਮੀਰ ਹੈ।"

ਇਸ ਪਿੱਛੋਂ ਸੁੰਨਸਾਨ ਛਾ ਗਈ, ਮੈਂ ਵੀ ਅੱਖਾਂ ਬੰਦ ਕਰ ਲਈਆਂ ਤੇ ਇਹ ਆਵਾਜ਼ਾਂ

ਸੁਣਦਾ ਰਿਹਾ। ਫਿਰ ਜਦ ਮੈਂ ਅੱਖਾਂ ਖੋਲ੍ਹੀਆਂ ਤਾਂ ਧੁੰਦ-ਲਪੇਟੇ ਸਾਗਰ ਤੋਂ ਸਿਵਾ ਉਥੇ ਕੁਝ ਵੀ ਨਹੀਂ ਸੀ। ਜਦ ਚੱਟਾਨ ਲਾਗੇ ਗਿਆ ਤਾਂ ਉਥੇ ਵੀ ਧੁੰਦ ਦੇ ਧੂੰਏਂ ਬਿਨਾਂ ਹੋਰ ਕੁਝ ਨਜ਼ਰ ਨਾ ਆਇਆ।

132. ਕੋਮਲ ਕਲਾ

ਹੇ ਕੋਮਲ ਕਲਾ! ਤੂੰ ਆਪਣੇ ਪ੍ਰਭਾਵ ਕਾਰਣ, ਮਹਾਨ ਕਾਰਨਾਮਿਆਂ ਕਰਕੇ ਬਚਿੱਤਰ ਤੇ ਆਪਣੇ ਰੂਪ ਤੇ ਰਹੱਸਾਂ ਕਾਰਣ ਸਰਬ-ਉੱਚ ਹੈਂ। ਤੂੰ ਆਪਣੀਆਂ ਨੰਨ੍ਹੀਆਂ ਨੰਨ੍ਹੀਆਂ ਉਂਗਲੀਆਂ ਨਾਲ ਜੋ ਸਾਮੱਗਰੀ ਇਕੱਤਰ ਕਰਦੀ ਹੈਂ, ਉਨ੍ਹਾਂ ਰਾਹੀਂ ਐਸੇ ਚਿੱਤਰ ਤੇ ਮੂਰਤੀਆਂ ਸਿਰਜਦੀ ਹੈਂ, ਰਾਗ ਪੈਦਾ ਕਰਦੀ ਹੈਂ, ਜਿਨ੍ਹਾਂ ਦਾ ਸੁਹਜ ਅਨੰਤ ਕਾਲ ਤਕ ਚਿਰੰਜੀਵ ਰਹਿੰਦਾ ਹੈ।

ਤੂੰ ਜ਼ਮਾਨੇ ਦਾ ਸਪਰਸ਼ ਕਰਦੀ ਹੈਂ ਤਾਂ ਜ਼ਮਾਨਾ ਪੱਥਰ ਦਾ ਰੂਪ ਹੁੰਦਾ ਵੀ ਮੂਰਤੀਆਂ ਵਿਚ ਬਦਲ ਜਾਂਦਾ ਹੈ; ਤੂੰ ਪੌਣ ਵਿਚ ਸਾਹ ਲੈਂਦੀ ਹੈਂ ਤਾਂ ਤੇਰੇ ਗਾਉਂਦੇ ਬੁੱਲ੍ਹਾਂ 'ਤੇ ਵਿਚਾਰ-ਉਪਜਾਊ ਉਂਗਲੀਆਂ ਦੁਆਰਾ ਇਕ ਅਨੋਖੀ ਮਸਤੀ ਪੌਣ ਵਿਚ ਬਿਖਰ ਜਾਂਦੀ ਹੈ; ਤੂੰ ਪ੍ਰਕਾਸ਼ ਦੇ ਅਣੂਆਂ ਵਿਚ ਕੰਪਾਇਮਾਨ ਹੁੰਦੀ ਹੈਂ ਤਾਂ ਪੁਸਤਕਾਂ ਦੇ ਪੰਨਿਆਂ 'ਤੇ ਸਿਆਹੀ ਨਾਲ ਚਾਨਣ ਜਗਮਗਾਉਣ ਲਗ ਪੈਂਦਾ ਹੈ; ਤੂੰ ਦਿਸਹੱਦਿਆਂ ਉਤੇ ਸਤਰੰਗੀ ਪੀਂਘਾਂ ਦੇ ਰੰਗ ਜੋੜਦੀ ਹੈਂ, ਤੇ ਉਨ੍ਹਾਂ ਨਾਲ ਅਨੋਖੇ ਚਿੱਤਰ ਬਣਾਉਂਦੀ ਹੈਂ; ਤੂੰ ਚੱਟਾਨਾਂ ਨੂੰ ਆਪਣੇ ਪੈਰਾਂ ਹੇਠ ਭੰਨਦੀ-ਤੋੜਦੀ ਹੈਂ ਤਾਂ ਉਹ ਚੱਟਾਨਾਂ ਮੰਦਰਾਂ, ਮਸਜਿਦਾਂ, ਮੱਠਾਂ ਤੇ ਕਿਲ੍ਹਿਆਂ ਦਾ ਰੂਪ ਧਾਰ ਲੈਂਦੀਆਂ ਹਨ ਤੇ ਉਹ ਧਰਮ ਦੀ ਵਿਸ਼ੇਸ਼ਤਾ ਨਾਲ ਜੁੜ ਜਾਂਦੀਆਂ ਹਨ।

ਤੇਰੇ ਸਿੰਘਾਸਨ ਸਾਮ੍ਹਣੇ ਕੌਮਾਂ ਜਾਗਦੀਆਂ ਤੇ ਗਾਉਂਦੀਆਂ ਹੋਈਆਂ ਖੜ੍ਹੀਆਂ ਦਿਖਾਈ ਦੇ ਰਹੀਆਂ ਹਨ। ਉਨ੍ਹਾਂ ਵਿਚੋਂ ਜੋ ਗੁਜ਼ਰ ਚੁਕੀਆਂ, ਉਹ ਤੇਰੀ ਹੋਂਦ ਕਾਰਣ ਅਜੇ ਵੀ ਮੌਜੂਦ ਹਨ ਤੇ ਜੋ ਆਉਣ ਵਾਲੀਆਂ ਨੇ,ਉਹ ਇਸ ਸਮੇਂ ਵੀ ਤੇਰੇ ਦਾਮਨ ਦੇ ਇਰਦ-ਗਿਰਦ ਘੁੰਮ ਰਹੀਆਂ ਹਨ। ਕੌਮਾਂ ਦੀ ਮਹਾਨਤਾ ਉਸ ਸਮੇਂ ਤੱਕ ਬਾਕੀ ਰਹਿੰਦੀ ਹੈ ਜਦ ਤਕ ਤੂੰ ਬਾਕੀ ਰਹੇਂ। ਮਿਸਰ, ਈਰਾਨ, ਰੋਮ, ਕੁਸਤੁਨਤਨੀਆ ਉਦੋਂ ਤਕ ਉੱਨਤੀ ਦੇ ਆਕਾਸ਼ ਤਕ ਨਹੀਂ ਪਹੁੰਚੇ ਜਦ ਤਕ ਉਨ੍ਹਾਂ ਪਾਸ ਤੂੰ ਨਹੀਂ ਪਹੁੰਚੀ। ਇਤਿਹਾਸ ਸਮੇਂ ਦਾ ਦਰਪਣ ਹੈ, ਤੂੰ ਉਹ ਹੱਥ ਹੈਂ ਜਿਸਨੇ ਇਸ ਦਰਪਣ ਨੂੰ ਚਮਕਾਇਆ। ਵਿੱਦਿਆ ਪੌੜੀ ਹੈ, ਜੋ ਸਿਤਾਰਿਆਂ ਤੋਂ ਵੀ ਅੱਗੇ ਅਤਿ ਉੱਚੇ ਲੋਕ ਤਕ ਪਹੁੰਚਾਉਂਦੀ ਹੈ, ਤੂੰ ਉਹ ਸੰਕਲਪ ਹੈਂ ਜਿਸਨੇ ਇਹ ਪੌੜੀਆਂ ਬਣਾਈਆਂ। ਧਰਮ ਜੀਵਨ ਦੀ ਕਵਿਤਾ ਹੈ, ਤੂੰ ਉਹ ਛੰਦ ਹੈਂ ਜਿਸਨੇ ਇਸ ਕਵਿਤਾ ਨੂੰ ਛਾਤੀ ਲਈ ਰਾਗ ਤੇ ਦਿਲ ਲਈ ਗੀਤ ਬਣਾਇਆ।

133. ਧਰਤੀ

ਹੇ ਧਰਤੀ! ਤੂੰ ਕਿਤਨੀ ਹੁਸੀਨ ਹੈਂ ਤੇ ਕੈਸੀ ਖ਼ੂਬਸੂਰਤ ਹੈਂ। ਤੂੰ ਰੌਸ਼ਨੀ ਦਾ ਹੁਕਮ ਮੰਨਣ ਲਈ ਸਦਾ ਤਿਆਰ-ਬਰ-ਤਿਆਰ ਹੈਂ, ਸੂਰਜ ਸਾਮ੍ਹਣੇ ਸਿਰ ਝੁਕਾਉਣਾ ਤੇਰੇ ਲਈ

ਫ਼ਖ਼ਰ ਦੀ ਗੱਲ ਹੈ। ਪਰਛਾਵਿਆਂ ਦਾ ਲਿਬਾਸ ਪਹਿਨ ਕੇ ਤੂੰ ਕਿਤਨੀ ਅਨੋਖੀ ਲਗਦੀ ਹੈਂ ਤੇ ਅੰਨ੍ਹੇਰੇ ਦੀ ਚਾਦਰ ਲਪੇਟ ਕੇ ਤੂੰ ਕਿਤਨੀ ਪਿਆਰੀ ਪਿਆਰੀ ਭਾਸਦੀ ਹੈਂ। ਤੇਰੇ ਸਵੇਰ ਦੇ ਗੀਤ ਕਿੰਨੇ ਮਿੱਠੇ ਮਿੱਠੇ ਹਨ ਤੇ ਸ਼ਾਮ ਦੀਆਂ ਪੁਕਾਰਾਂ ਕਿੰਨੀਆਂ ਡਰਾਉਣੀਆਂ ਲਗਦੀਆਂ ਹਨ। ਹੇ ਧਰਤੀ! ਤੂੰ ਕਿੰਨੀ ਸੰਪੂਰਨ ਤੇ ਕਿਤਨੀ ਪ੍ਰਕਾਸ਼ਮਈ ਹੈਂ।

ਮੈਂ ਤੇਰੇ ਮੈਦਾਨਾਂ ਵਿਚ ਫਿਰਿਆ, ਤੇਰੇ ਪਹਾੜਾਂ ਉਤੇ ਚੜ੍ਹਿਆ, ਤੇਰੀਆਂ ਵਾਦੀਆਂ ਵਿਚ ਉਤਰਿਆ, ਤੇਰੀਆਂ ਚੱਟਾਨਾਂ ਉਤੇ ਕੁੱਦਿਆ, ਤੇਰੀਆਂ ਗੁਫ਼ਾਵਾਂ ਵਿਚ ਦਾਖ਼ਲ ਹੋਇਆ, ਮੈਦਾਨਾਂ ਵਿਚ ਤੇਰੇ ਧੀਰਜ ਨੂੰ ਜਾਣਿਆ-ਪਛਾਣਿਆ, ਪਹਾੜਾਂ ਉਤੇ ਤੇਰੀ ਗ਼ੈਰਤ ਦਾ ਅਨੁਮਾਨ ਲਾਇਆ, ਵਾਦੀਆਂ ਵਿਚ ਤੇਰੀ ਟਿਕਾਊ ਬਿਰਤੀ ਦਾ ਨਜ਼ਾਰਾ ਤੱਕਿਆ, ਚੱਟਾਨਾਂ ਉਤੇ ਤੇਰੇ ਬੋਲ ਦਾ ਤਮਾਸ਼ਾ ਦੇਖਿਆ ਤੇ ਗੁਫ਼ਾਵਾਂ ਵਿਚ ਤੇਰੇ ਭੇਦਾਂ ਦਾ ਪਤਾ ਲਾਇਆ। ਤੂੰ ਹੀ ਹੈਂ ਜੋ ਆਪਣੀ ਸੰਚਿਤ ਤਾਕਤ ਦੇ ਬਾਵਜੂਦ ਫੈਲੀ ਹੋਈ ਹੈਂ, ਸੇਵਾ-ਭਾਵ ਦੇ ਬਾਵਜੂਦ ਸਿਰ ਉੱਚਾ ਰਖਦੀ ਹੈਂ ਤੇ ਉੱਚਤਾ ਦੇ ਬਾਵਜੂਦ ਨਿਰਮਾਣ ਵੀ ਹੈਂ, ਸਖ਼ਤੀ ਦੇ ਬਾਵਜੂਦ ਨਰਮ ਵੀ ਹੈਂ ਤੇ ਆਪਣੇ ਬੇਅੰਦਾਜ਼ ਭੇਦਾਂ ਦੇ ਬਾਵਜੂਦ ਹਰ ਸਾਮ੍ਹਣੇ ਇਕ ਤਰ੍ਹਾਂ ਖੁਲ੍ਹੀ ਹੋਈ ਹੈਂ।

ਮੈਂ ਤੇਰੇ ਸਮੁੰਦਰਾਂ ਦਾ ਸਫ਼ਰ ਕੀਤਾ, ਦਰਿਆਵਾਂ ਨੂੰ ਲੰਘਿਆ, ਤੇਰੀਆਂ ਨਦੀਆਂ ਦੇ ਕੰਢੇ ਕੰਢੇ ਫਿਰਿਆ, ਹਰ ਥਾਂ ਮੈਨੂੰ ਤੇਰੇ ਅੰਗ ਅੰਗ ਵਿਚ ਅਮਰਤਾ ਦੀ ਆਵਾਜ਼ ਸੁਣਾਈ ਦਿੱਤੀ, ਜ਼ਮਾਨੇ ਨੂੰ ਤੇਰੇ ਉੱਚੇ ਟਿੱਲਿਆਂ ਅਤੇ ਰੇਤ-ਥਲਾਂ ਵਿਚ ਗੁਣਗੁਣਾਉਂਦਿਆਂ ਪਾਇਆ, ਘਾਟੀਆਂ ਤੇ ਰਾਹਾਂ ਦੇ ਮੋੜਾਂ ਉਤੇ ਜ਼ਿੰਦਗੀ ਨੂੰ ਜ਼ਿੰਦਗੀ ਨਾਲ ਚੁਪ-ਚੁਪੀਤੇ ਗੱਲਾਂ ਕਰਦੇ ਸੁਣਿਆ, ਤੂੰ ਹੀ ਅਮਰਤਾ ਦੀ ਜ਼ਬਾਨ ਤੇ ਤੂੰ ਹੀ ਉਸਦੇ ਬੁੱਲ੍ਹ ਹੈਂ, ਤੂੰ ਹੀ ਜ਼ਮਾਨੇ ਦੀ ਤਾਰ ਤੇ ਉਸ ਉਤੇ ਫਿਰਨ ਵਾਲੀਆਂ ਉਂਗਲੀਆਂ ਹੈਂ ਤੇ ਤੂੰ ਹੀ ਜ਼ਿੰਦਗੀ ਦੀ ਸੋਚ ਤੇ ਤੂੰ ਹੀ ਬੋਲ-ਬਾਣੀ ਹੈਂ। ਬਸੰਤੀ ਪੌਣ ਨੇ ਮੈਨੂੰ ਜਗਾਇਆ ਤੇ ਉਹ ਮੈਨੂੰ ਤੇਰੇ ਜੰਗਲਾਂ ਵੱਲ ਲੈ ਗਈ, ਜਿਥੇ ਤੇਰੀਆਂ ਆਹਾਂ ਧੂੰਆਂ ਬਣ ਕੇ ਉਡਦੀਆਂ ਹਨ; ਤੇਰੀ ਗਰਮੀ ਮੈਨੂੰ ਤੇਰੇ ਹੀ ਬਾਗ਼ਾਂ ਵਿਚ ਲੈ ਗਈ, ਜਿਥੇ ਤੇਰੇ ਜਤਨ, ਫਲਾਂ ਦੇ ਰੂਪ ਵਿਚ ਉਜਾਗਰ ਹੁੰਦੇ ਹਨ; ਤੇਰੀ ਪੱਤਝੜ ਨੇ ਤੇਰੀਆਂ ਹੀ ਅੰਗੂਰ ਦੀਆਂ ਵੇਲਾਂ ਪਾਸ ਲਿਜਾ ਕੇ ਮੈਨੂੰ ਖੜ੍ਹਿਆਂ ਕਰ ਦਿੱਤਾ, ਜਿਥੇ ਤੇਰਾ ਲਹੂ ਸ਼ਰਾਬ ਦੀ ਸੂਰਤ ਧਾਰਨ ਕਰਦਾ ਹੈ; ਤੇਰੀ ਸਰਦ ਰੁੱਤ ਮੈਨੂੰ ਤੇਰੇ ਆਰਾਮ-ਘਰ ਵੱਲ ਲੈ ਗਈ ਜਿਥੇ ਤੇਰਾ ਨਿਰਮਲ ਬਲੌਰੀ ਪਾਣੀ ਬਰਫ਼ ਖਿਲੇਰਦਾ ਪਿਆ ਹੈ। ਗੱਲ ਕੀ, ਤੂੰ ਹੀ ਬਹਾਰ ਵਿਚ ਮਹਿਕਦੀ, ਗਰਮੀ ਵਿਚ ਮਿਹਰਾਂ ਵਰਸਾਉਂਦੀ, ਪੱਤਝੜ ਵਿਚ ਉਦਾਰਤਾ ਦਿਖਾਉਂਦੀ ਤੇ ਸਰਦੀ ਵਿਚ ਸਾਫ਼ ਉੱਜਲ ਹੋ ਕੇ ਸਾਮ੍ਹਣੇ ਆਉਂਦੀ ਆਪਣਾ ਦਰਸ਼ਨ ਦਿਖਾਉਂਦੀ ਹੈਂ। ਧਰਤੀ! ਤੂੰ ਕਿੰਨੀ ਮਾਸੂਮ ਹੈਂ ਤੇ ਤੇਰਾ ਤੇਜ ਪ੍ਰਤਾਪ ਕਿੰਨਾ ਜ਼ਿਆਦਾ ਹੈ। ਆਪਣੇ ਬੱਚਿਆਂ ਲਈ ਤੂੰ ਕਿੰਨੀ ਮਿਹਰਬਾਨ ਹੈਂ, ਤੇਰਾ ਸਬਰ ਕਿੰਨਾ ਹੈ ਤੇ ਤੇਰੀ ਰਹਿਮਦਿਲੀ ਕਿੰਨੀ ਵੱਡੀ!

134. ਗ਼ੁਲਾਮੀ

ਮਨੁੱਖ ਜੀਵਨ ਦਾ ਗ਼ੁਲਾਮ ਹੈ, ਇਹ ਗ਼ੁਲਾਮੀ ਉਸਦੇ ਘੜੀ ਪਲ ਨੂੰ ਅਪਮਾਨ ਤੇ ਹੀਣਤਾ ਦੇ ਪੜਦੇ ਵਿਚ ਲਪੇਟ ਦਿੰਦੀ ਹੈ ਤੇ ਉਸਦੀਆਂ ਰਾਤਾਂ ਨੂੰ ਖ਼ੂਨੀ ਹੰਝੂਆਂ ਵਿਚ ਡੋਬ ਦਿੰਦੀ ਹੈ। ਤੇਰੇ ਪਹਿਲੇ ਜਨਮ ਨੂੰ ਸੱਤ ਹਜ਼ਾਰ ਵਰ੍ਹੇ ਲੰਘ ਗਏ ਪਰ ਮੈਂ ਅੱਜ ਤਕ

ਸਿਵਾਇ ਗ਼ੁਲਾਮ ਜ਼ਹਿਨੀਅਤ ਵਾਲਿਆਂ ਤੇ ਬੇੜੀਆਂ ਵਿਚ ਜਕੜੇ ਕੈਦੀਆਂ ਤੋਂ ਹੋਰ ਕਿਸੇ ਨੂੰ ਨਹੀਂ ਤੱਕਿਆ, ਸਭੇ ਗ਼ੁਲਾਮ ਦੇਖੇ ਹਨ।

ਮੈਂ ਪੂਰਬ ਪੱਛਮ ਦੀ ਯਾਤਰਾ ਵੀ ਕੀਤੀ ਹੈ, ਜੀਵਨ ਦੇ ਚਾਨਣ ਅੰਨ੍ਹੇਰੇ ਦੁਆਲੇ ਵੀ ਚੱਕਰ ਮਾਰੇ ਹਨ। ਕੌਮਾਂ ਤੇ ਖ਼ਾਨਦਾਨਾਂ ਨੂੰ ਸਮੁੱਚੇ ਰੂਪ ਵਿਚ ਨ੍ਹੇਰ ਗੁਫ਼ਾਵਾਂ ਤੋਂ ਨਿਕਲ ਕੇ ਮਹਿਲਾਂ ਵਿਚ ਜਾਂਦਿਆਂ ਦੇਖਿਆ ਹੈ ਪਰ ਹੁਣ ਤਕ ਮੈਨੂੰ ਭਾਰ ਹੇਠ ਦਬੀਆਂ ਗਰਦਨਾਂ, ਜ਼ੰਜੀਰਾਂ ਵਿਚ ਜਕੜੀਆਂ ਕਲਾਈਆਂ ਤੇ ਮੂਰਤੀਆਂ ਦੇ ਸਾਮ੍ਹਣੇ ਝੁਕੇ ਗੋਡਿਆਂ ਤੋਂ ਇਲਾਵਾ ਹੋਰ ਕੁਝ ਵੀ ਨਜ਼ਰ ਨਹੀਂ ਆਇਆ।

ਬਾਬਲ ਤੋਂ ਪੈਰਿਸ ਤਕ ਤੇ ਨੈਨਵਾ ਤੋਂ ਨਿਊਯਾਰਕ ਤਕ, ਮੈਂ ਮਨੁੱਖ ਦੇ ਨਾਲ ਨਾਲ ਰਿਹਾ ਹਾਂ। ਮੈਂ ਉਸਦੀਆਂ ਪੈੜਾਂ ਦੇ ਨਾਲ ਨਾਲ ਉਸਦੀਆਂ ਬੇੜੀਆਂ ਦੇ ਨਿਸ਼ਾਨ ਰੇਤ-ਥਲਾਂ ਉਤੇ ਪਏ ਦੇਖੇ ਤੇ ਵਾਦੀਆਂ ਅਤੇ ਜੰਗਲਾਂ ਵਿਚ ਸਮੇਂ ਸਮੇਂ ਕੌਮਾਂ ਦੇ ਐਲਾਨ ਤੇ ਦੁਖ-ਭਰੀਆਂ ਪੁਕਾਰਾਂ ਨੂੰ ਦੁਹਰਾਉਂਦੇ ਸੁਣਿਆ ਹੈ। ਮੈਂ ਰਾਜ-ਭਵਨਾਂ, ਵਿਦਿਆਲਿਆਂ ਤੇ ਪੂਜਾ-ਸਥਾਨਾਂ 'ਤੇ ਗਿਆ, ਬਲੀ-ਵੇਦੀਆਂ ਤੇ ਮੰਦਰਾਂ ਦੇ ਸਾਮ੍ਹਣੇ ਖੜਾ ਹੋਇਆ। ਮੈਂ ਵੇਖਿਆ ਕਿ ਮਜ਼ਦੂਰ ਪੂੰਜੀਪਤੀ ਦਾ ਗ਼ੁਲਾਮ ਹੈ; ਪੂੰਜੀਪਤੀ, ਸਿਪਾਹੀ ਦਾ; ਸਿਪਾਹੀ, ਸੈਨਾਪਤੀ ਦਾ ਗ਼ੁਲਾਮ ਹੈ; ਸੈਨਾਪਤੀ, ਬਾਦਸ਼ਾਹ ਦਾ ਤੇ ਬਾਦਸ਼ਾਹ, ਪਾਦਰੀ ਦਾ ਗ਼ੁਲਾਮ ਹੈ। ਮੈਂ ਇਹ ਵੀ ਦੇਖਿਆ ਕਿ ਅੱਗੇ ਪਾਦਰੀ ਮੂਰਤੀ ਦਾ ਗ਼ੁਲਾਮ ਹੈ, ਤੇ ਮੂਰਤੀ ਮਿੱਟੀ ਦੀ ਹੈ ਜਿਸਨੂੰ ਸ਼ੈਤਾਨਾਂ ਨੇ ਗੁੰਨ੍ਹ ਗੁੰਨ੍ਹ ਕੇ ਮੁਰਦਾ ਖੋਪਰੀਆਂ ਦੇ ਢੇਰ ਉਤੇ ਖੜ੍ਹਾ ਕੀਤਾ ਹੋਇਆ ਹੈ।

ਮੈਂ ਅਮੀਰਾਂ ਦੇ ਰੱਜੇ-ਪੁਜੇ ਸਰਦਾਰਾਂ ਦੀਆਂ ਕੋਠੀਆਂ ਵਿਚ ਗਿਆ, ਗ਼ਰੀਬ ਆਲਸੀਆਂ ਦੀਆਂ ਛਪਰੀਆਂ ਵਿਚ ਵੀ ਵੜਿਆ, ਮੈਂ ਹਾਥੀ-ਦੰਦ ਦੀਆਂ ਮੂਰਤੀਆਂ ਤੇ ਸੁਨਹਿਰੀ ਸਾਜ਼ੋ-ਸਾਮਾਨ ਨਾਲ ਸਜੇ ਕਮਰਿਆਂ ਵਿਚ ਵੀ ਬੈਠਾ, ਨਿਰਾਸਤਾ ਦੇ ਪਰਛਾਵੇਂ ਤੇ ਮੌਤ ਦੇ ਸਹਿਮ ਹੇਠ ਵਕਤ ਕਟ ਰਹੇ ਲੋਕਾਂ ਦੀਆਂ ਗੰਦੀਆਂ ਕੋਠੜੀਆਂ ਵਿਚ ਵੀ ਨਿਗਾਹ ਮਾਰੀ, ਦੇਖਿਆ ਕਿ ਬੱਚੇ ਦੁੱਧ ਚੁੰਘਣ ਦੇ ਨਾਲ ਨਾਲ ਗ਼ੁਲਾਮੀ ਦਾ ਜ਼ਹਿਰ ਵੀ ਪੀ ਰਹੇ ਹਨ।

ਮੈਂ ਕੌਮਾਂ ਦੇ ਨਾਲ ਨਾਲ ਬਣ-ਬੇਲਿਆਂ ਅਤੇ ਵਹਿੰਦੇ ਦਰਿਆਵਾਂ ਦੇ ਕਿਨਾਰਿਆਂ ਤੋਂ ਲੈ ਕੇ ਫਰਾਤ ਦੇ ਕੰਢੇ ਤਕ, ਨੀਲ ਦੇ ਮੁਹਾਣ, ਸੀਨੀਆ ਦੇ ਪਹਾੜਾਂ, ਏਥਨਜ਼ ਦੇ ਮੈਦਾਨਾਂ, ਰੋਮ ਦੇ ਗਿਰਜਿਆਂ, ਕੁਸਤੁਨਤੁਨੀਆਂ ਦੀਆਂ ਗਲੀਆਂ, ਪੈਰਿਸ ਦੇ ਮਨੋਰੰਜਨ-ਘਰਾਂ ਅਤੇ ਲੰਡਨ ਦੇ ਵਿਸ਼ਾਲ ਭਵਨਾਂ ਤਕ ਗਿਆ ਤੇ ਦੇਖਿਆ ਕਿ ਹਰ ਥਾਂ 'ਤੇ ਗ਼ੁਲਾਮੀ ਬੜੇ ਬੜੇ ਜਲੂਸਾਂ ਨਾਲ ਚਲ ਰਹੀ ਹੈ। ਜਨਤਾ, ਨੌਜੁਆਨਾਂ ਤੇ ਮੁਟਿਆਰਾਂ ਨੂੰ ਇਸਦੀ ਵੇਦੀ ਉਤੇ ਭੇਟਾ ਚੜ੍ਹਾ ਰਹੀ ਹੈ ਤੇ ਇਸਨੂੰ 'ਦੇਵਤਾ' ਦਾ ਨਾਮ ਦਿੱਤਾ ਹੋਇਆ ਹੈ। ਉਸਦੇ ਪੈਰਾਂ ਵਿਚ ਸੁਗੰਧੀਆਂ ਧੁਖਾਈਆਂ ਤੇ ਸ਼ਰਾਬਾਂ ਵਹਾਈਆਂ ਜਾਂਦੀਆਂ ਹਨ ਤੇ ਉਸਨੂੰ 'ਬਾਦਸ਼ਾਹ' ਦਾ ਨਾਂ ਦਿੱਤਾ ਜਾਂਦਾ ਹੈ। ਇਸਦੀਆਂ ਮੂਰਤੀਆਂ ਦੇ ਸਨਮੁਖ ਜੋਤਾਂ ਜਗਾਈਆਂ ਜਾਂਦੀਆਂ ਹਨ ਤੇ ਇਸਨੂੰ ਅਵਤਾਰ ਪੈਗ਼ੰਬਰ ਕਹਿ ਕੇ ਯਾਦ ਕੀਤਾ ਜਾਂਦਾ ਹੈ। ਆਦਮੀ ਸਿਰ ਝੁਕਾ ਕੇ ਉਸਨੂੰ ਡੰਡੌਤ ਕਰਦੇ ਤੇ ਉਸਨੂੰ 'ਕਾਨੂੰਨ' ਕਹਿ ਕੇ ਸੱਦਦੇ ਹਨ। ਏਸੇ ਦੀ ਖ਼ਾਤਰ ਲੜਦੇ ਤੇ ਇਕ ਦੂਜੇ ਦਾ ਖ਼ੂਨ ਵਹਾਉਂਦੇ ਹਨ ਤੇ ਉਨ੍ਹਾਂ ਇਸਦਾ 'ਕੌਮਪ੍ਰਸਤੀ' ਨਾਮ ਰੱਖਿਆ ਹੋਇਆ ਹੈ। ਆਪਣੇ ਆਪ ਨੂੰ ਉਸਦੀ ਮਰਜ਼ੀ ਉਤੇ ਛਡਦੇ ਤੇ ਉਸਨੂੰ ਧਰਤੀ ਉਤੇ ਰੱਬ ਦੀ ਛਤਰ-ਛਾਇਆ ਸਮਝਦੇ ਹਨ। ਇਸਦੇ ਖ਼ਿਆਲ ਤੇ ਵਿਸ਼ਵਾਸ ਦੇ ਜੋਸ਼ ਵਿਚ ਘਰਾਂ ਨੂੰ ਅੱਗ ਲਾਉਂਦੇ, ਮਕਾਨ ਢਾਹੁੰਦੇ, ਹੇਠਲੀ ਉਤੇ ਕਰਦੇ ਇਸਨੂੰ 'ਭਾਈਬੰਦੀ ਤੇ ਬਰਾਬਰੀ' (Equality

and Fraternity) ਦੇ ਨਾਂ ਨਾਲ ਯਾਦ ਕਰਦੇ ਹਨ। ਇਸ ਉਦੇਸ਼ ਲਈ ਜੋ ਉਹ ਮਿਹਨਤ ਜਤਨ ਕਰਦੇ ਹਨ ਤਾਂ ਉਸਨੂੰ 'ਜੱਦੋ-ਜਹਿਦ' ਜਾਂ 'ਘੋਲ' ਕਹਿੰਦੇ ਹਨ, ਇਸਦੇ ਨਾਮ ਅੱਡ ਅੱਡ ਹਨ, ਦਰਅਸਲ ਚੀਜ਼ ਇੱਕੋ ਹੀ ਹੈ। ਇਸਦੀਆਂ ਸੂਰਤਾਂ ਵੱਖ ਵੱਖ ਹਨ ਪਰ ਇਹ ਬਣੀ ਇੱਕੋ ਤੱਤ ਤੋਂ ਹੈ। ਸੱਚ ਪੁੱਛੋ ਤਾਂ ਇਹ ਇਕ ਬੜੀ ਪੁਰਾਣੀ ਅਸਾਧ ਬੀਮਾਰੀ ਹੈ ਜੋ ਹਰ ਪੀੜ੍ਹੀ ਆਪਣੇ ਵਾਰਸਾਂ ਨੂੰ ਵਸੀਅਤ ਕਰ ਜਾਂਦੀ ਹੈ। ਇਕ ਜ਼ਮਾਨੇ ਦੇ ਬੀਜ ਦੂਜੇ ਜ਼ਮਾਨੇ ਦੀ ਮਿੱਟੀ ਵਿਚ ਇਸ ਤਰ੍ਹਾਂ ਪੈ ਜਾਂਦੇ ਹਨ, ਜਿਸ ਤਰ੍ਹਾਂ ਇਕ ਫਸਲ ਦੇ ਬੀਜ ਦੂਜੀ ਫ਼ਸਲ ਲਈ ਆਪਣੇ ਆਪ ਬੀਜੇ ਜਾਂਦੇ ਹਨ।

135. ਬਨੱਫ਼ਸ਼ੇ ਦਾ ਫੁੱਲ

ਬਾਗ਼ ਦੀ ਨਿੱਕੀ ਕਿਆਰੀ ਵਿਚ ਇਕ ਸੋਹਣਾ ਖ਼ੁਸ਼ਬੂਦਾਰ ਬਨੱਫ਼ਸ਼ੇ ਦਾ ਫੁੱਲ ਸੀ, ਜੋ ਆਪਣੇ ਗੁਆਂਢੀਆਂ ਨਾਲ ਬੜੀ ਸ਼ਾਂਤੀ ਤੇ ਹਲੀਮੀ ਨਾਲ ਸਮਾਂ ਲੰਘਾਉਂਦਾ ਸੀ, ਲੰਮੀ ਲੰਮੀ ਘਾਹ ਨੇ ਉਸਨੂੰ ਘੇਰਿਆ ਹੋਇਆ ਸੀ। ਇਕ ਦਿਨ ਉਸਦੇ ਸਿਰ ਉਤੇ ਤ੍ਰੇਲ-ਤੁਪਕੇ ਦੇ ਮੋਤੀ ਸਜ ਰਹੇ ਸਨ; ਜਦ ਉਸਨੇ ਸਿਰ ਚੁਕ ਕੇ ਇਧਰ-ਉਧਰ ਨਜ਼ਰ ਮਾਰੀ ਤਾਂ ਉਸਦੀ ਨਿਗ੍ਹਾ ਗੁਲਾਬ ਉਤੇ ਪਈ, ਉਸਦਾ ਸਿਰ ਇਉਂ ਉੱਚਾ ਉਭਰਵਾਂ ਸੀ ਜਿਵੇਂ ਕਿ ਦੀਵਟ ਉੱਤੇ ਰਖੀ ਦੀਵੇ ਦੀ ਲਾਟ ਹੋਵੇ। ਬਨੱਫ਼ਸ਼ੇ ਦੇ ਫੁੱਲ ਨੇ ਆਪਣੇ ਨੀਲੇ ਬੁਲ੍ਹ ਖੋਲ੍ਹੇ ਤੇ ਕਹਿਣ ਲੱਗਾ, "ਮੇਰੀ ਕਿਸਮਤ ਕਿੰਨੀ ਮਾੜੀ ਹੈ ਕਿ ਮੈਂ ਹਮੇਸ਼ਾ ਹੇਠਾਂ ਦਬਿਆ ਰਹਿੰਦਾ ਹਾਂ, ਕੁਦਰਤ ਨੇ ਮੇਰੀ ਕਦਰ ਨਹੀਂ ਪਾਈ, ਉਹ ਚਾਹੁੰਦੀ ਹੈ ਕਿ ਮੈਂ ਧਰਤੀ ਨਾਲ ਲੱਗਿਆ ਹੀ ਆਪਣੇ ਦਿਨ ਲੰਘਾ ਲਵਾਂ। ਨਾ ਮੈਂ ਆਪਣਾ ਸਿਰ ਨੀਲੇ ਅਸਮਾਨ ਵੱਲ ਉਠਾ ਸਕਦਾ ਹਾਂ ਤੇ ਨਾ ਹੀ ਗੁਲਾਬ ਦੇ ਫੁੱਲ ਵਾਂਙ ਸੂਰਜ ਵੱਲ ਮੋੜ ਸਕਦਾ ਹਾਂ।"

ਗੁਲਾਬ ਦੇ ਫੁੱਲ ਨੇ ਇਹ ਗੱਲ ਸੁਣ ਕੇ ਆਖਿਆ, "ਤੂੰ ਫੁੱਲਾਂ ਵਿਚ ਕਿੰਨਾ ਮੂਰਖ ਹੈਂ! ਜੋ ਚੀਜ਼ ਤੈਨੂੰ ਪ੍ਰਾਪਤ ਹੈ, ਅਫ਼ਸੋਸ! ਤੂੰ ਉਸ ਗੁਣ ਤੋਂ ਜਾਣੂ ਨਹੀਂ। ਕੁਦਰਤ ਨੇ ਤੈਨੂੰ ਉਹ ਮਹਿਕ, ਹੁਸਨ ਤੇ ਖਿੱਚ ਦਿੱਤੀ ਹੈ ਜੋ ਦੂਜੇ ਫੁੱਲਾਂ ਪਾਸ ਨਹੀਂ, ਤੂੰ ਅਪਵਿੱਤਰ ਵਿਚਾਰਾਂ ਤੋਂ ਆਪਣੇ ਆਪ ਨੂੰ ਦੂਰ ਰਖ ਤੇ ਭਾਗ ਉਤੇ ਸਬਰ ਕਰ। ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੋ ਆਪਣੀਆਂ ਬਾਹਾਂ ਹੇਠਾਂ ਰਖਦਾ ਹੈ, ਉਸਨੇ ਆਪਣੀ ਪਦਵੀ ਨੂੰ ਉੱਚਾ ਕਰ ਲਿਆ; ਜਿਸ ਕਿਸੇ ਨੇ ਲੋਭ ਲਾਲਚ ਕੀਤਾ, ਉਸਨੇ ਹਾਨੀ ਨੂੰ ਸੱਦਾ ਦਿੱਤਾ।

ਅੱਗੋਂ ਬਨੱਫ਼ਸ਼ੇ ਦੇ ਫੁੱਲ ਨੇ ਜਵਾਬ ਦਿੱਤਾ, "ਤੂੰ ਮੈਨੂੰ ਧਰਵਾਸ ਦੇ ਰਿਹਾ ਹੈਂ, ਜੋ ਖ਼ੂਬੀਆਂ ਤੈਨੂੰ ਪ੍ਰਾਪਤ ਹਨ, ਉਨ੍ਹਾਂ ਦੀ ਕੇਵਲ ਮੈਂ ਚਾਹਨਾ ਹੀ ਕੀਤੀ ਹੈ। ਕਈ ਐਸੇ ਪੱਥਰ-ਚਿਤ ਬਲਵਾਨ ਲੋਕ ਹਨ ਜੋ ਨਿਰਬਲਾਂ ਨੂੰ ਆਪਣੇ ਮਿੱਠੇ ਮਿੱਠੇ ਬਚਨਾਂ ਨਾਲ ਹੀ ਪਰਚਾਉਂਦੇ ਰਹਿੰਦੇ ਹਨ।"

ਕੁਦਰਤ ਨੇ ਇਨ੍ਹਾਂ ਦੋਹਾਂ ਦਾ ਸੰਵਾਦ ਸੁਣਿਆ ਤੇ ਉਹ ਕਹਿਣ ਲੱਗੀ, "ਬਨੱਫ਼ਸ਼ੇ ਦੇ ਫੁੱਲ! ਤੈਨੂੰ ਕੀ ਹੋ ਗਿਐ! ਮੈਂ ਤਾਂ ਤੈਨੂੰ ਨਿਮ੍ਰਤਾ ਤੇ ਕੋਮਲਤਾ ਕਾਰਣ ਬਹੁਤ ਸਾਊ ਸਮਝਦੀ ਸੀ, ਤੈਨੂੰ ਵੀ ਲਾਲਸਾ ਨੇ ਪੁੱਠੇ ਪਾਸੇ ਲਾ ਦਿੱਤੈ?"

ਬਨੱਫ਼ਸ਼ੇ ਦੇ ਫੁੱਲ ਨੇ ਜਵਾਬ ਦਿੱਤਾ, "ਹੇ ਕ੍ਰਿਪਾਲੂ ਮਾਂ! ਕੁਝ ਵੀ ਹੋਵੇ, ਤੂੰ ਮੇਰੀ ਬੇਨਤੀ ਮੰਨ ਲੈ ਤੇ ਇਕ ਦਿਨ ਲਈ ਮੈਨੂੰ ਗੁਲਾਬ ਦਾ ਫੁੱਲ ਜ਼ਰੂਰ ਬਣਾ ਦੇ।" ਕੁਦਰਤ ਕੁਝ ਗੁੱਸੇ

ਵਿਚ ਆਈ ਤੇ ਕਹਿਣ ਲੱਗੀ, "ਤੈਨੂੰ ਪਤਾ ਨਹੀਂ ਕਿ ਤੂੰ ਕੀ ਮੰਗ ਰਿਹਾ ਹੈਂ, ਇਸ ਵਡੱਪਣ ਵਿਚ ਬੜੀਆਂ ਮੁਸ਼ਕਲਾਂ ਹਨ। ਜੇ ਮੈਂ ਤੇਰਾ ਕੱਦ ਉੱਚਾ ਕਰ ਕੇ ਤੇਰੀ ਸ਼ਕਲ ਬਦਲ ਦਿੱਤੀ ਤਾਂ ਤੈਨੂੰ ਆਪਣੇ ਆਪ 'ਤੇ ਸ਼ਰਮ ਆਉਣ ਲਗ ਜਾਵੇਗੀ। ਪਰ ਬਨੱਫ਼ਸ਼ੇ ਦਾ ਫੁਲ ਜ਼ਿਦ ਕਰਦਾ ਗਿਆ। ਅਖ਼ੀਰ ਕੁਦਰਤ ਨੇ ਉਸਨੂੰ ਜਿਵੇਂ ਕਿਵੇਂ ਗੁਲਾਬ ਦਾ ਫੁੱਲ ਬਣਾ ਹੀ ਦਿੱਤਾ। ਸ਼ਾਮ ਪੈਣ ਦੀ ਦੇਰ ਸੀ ਕਿ ਝੱਖੜ ਝੁਲਣ ਲੱਗਾ, ਹਨੇਰੀ ਆਈ, ਮੀਂਹ ਵਸਿਆ, ਰੁੱਖਾਂ ਦੀਆਂ ਟਾਹਣੀਆਂ ਟੁਟ ਟੁਟ ਡਿਗਣ ਲੱਗੀਆਂ, ਵੇਲਾਂ ਦੇ ਫੁੱਲ ਝੜਨ ਲੱਗੇ। ਗੁਲਾਬ ਦਾ ਫੁਲ ਵੀ ਪੱਤੀ ਪੱਤੀ ਹੋ ਗਿਆ। ਗੱਲ ਕੀ, ਸਿਵਾਇ ਬਨੱਫ਼ਸੇ ਦੇ ਹੋਰ ਫੁੱਲਾਂ ਦੇ ਸਭ ਫਲ ਫੁੱਲ ਨਸ਼ਟ ਹੋ ਗਏ।

ਬਨੱਫ਼ਸ਼ੇ ਦੇ ਇਕ ਨਵੇਂ ਫੁੱਲ ਨੇ ਸਿਰ ਚੁਕਿਆ ਤੇ ਦੇਖਿਆ ਕਿ ਦੂਜਿਆਂ ਉਤੇ ਕੀ ਬੀਤੀ ਹੈ ਤੇ ਮੁਸਕ੍ਰਾ ਕੇ ਕਹਿਣ ਲੱਗਾ, "ਦੇਖੋ, ਘੁਮੰਡ ਕਰਨ ਵਾਲਿਆਂ ਦਾ ਕੀ ਹਾਲ ਹੋਇਆ!" ਦੂਜੇ ਨੇ ਕਿਹਾ, "ਅਸੀਂ ਧਰਤੀ ਨਾਲ ਲੱਗੇ ਰਹਿੰਦੇ ਸੀ, ਤੂਫ਼ਾਨ ਦੇ ਥਪੇੜਿਆਂ ਤੋਂ ਬਚ ਹੀ ਗਏ।" ਤੀਜਾ ਫੁਲ ਆਖਣ ਲੱਗਾ, "ਸਾਡੇ ਕੱਦ ਭਾਵੇਂ ਛੋਟੇ ਹਨ ਪਰ ਪਰਲੋ ਸਾਡੇ ਉਤੇ ਹੱਲਾ ਨਹੀਂ ਕਰ ਸਕਦੀ ਤੇ ਨਾ ਸਾਨੂੰ ਨਸ਼ਟ ਹੀ ਕਰ ਸਕਦੀ ਹੈ।"

ਉਹ ਫੁੱਲ ਜੋ ਨਵਾਂ ਨਵਾਂ ਗੁਲਾਬ ਦਾ ਫੁਲ ਬਣਿਆ ਸੀ, ਉਹ ਪੱਤੀ ਪੱਤੀ ਹੋ ਕੇ ਖਿਲਰਿਆ ਪਿਆ ਸੀ ਤੇ ਗਿੱਲੇ ਘਾਹ ਉਤੇ ਇਉਂ ਡਿੱਗਾ ਹੋਇਆ ਸੀ ਜਿਵੇਂ ਕਿਸੇ ਦੀ ਛਾਤੀ ਵਿਚ ਤੀਰ ਵੱਜਾ ਹੋਵੇ। ਪਰ ਉਹ ਫਿਰ ਵੀ ਕਹਿ ਰਿਹਾ ਸੀ, "ਘਬਰਾਉਣ ਦੀ ਗੱਲ ਨਹੀਂ, ਸਾਡੀ ਹਸਤੀ ਦਾ ਉਦੇਸ਼ ਹੀ ਇਹ ਹੈ ਕਿ ਹੋਰ ਉੱਚੇ ਬਣਨ ਲਈ ਹੋਰ ਸੰਘਰਸ਼ ਕਰਦੇ ਜਾਈਏ।"

136. ਬਚਿੱਤਰ ਇਸਤ੍ਰੀ

ਉਹ ਇਸਤ੍ਰੀ ਜਿਸਨੂੰ ਮੈਂ ਪਿਆਰ ਕਰਦਾ ਹਾਂ, ਉਹ ਉਹੋ ਜੇਹੀਆਂ ਇਸਤ੍ਰੀਆਂ ਵਰਗੀ ਹੀ ਹੈ ਜਿਨ੍ਹਾਂ ਨੂੰ ਤੁਸੀਂ ਪ੍ਰੇਮ ਕਰਦੇ ਹੋ। ਉਹ ਸ੍ਰਿਸ਼ਟੀ ਦੀ ਇਕ ਅਨੋਖੀ ਰਚਨਾ ਹੈ ਜਿਸ ਨੂੰ ਫ਼ਰਿਸ਼ਤਿਆਂ ਨੇ ਕਬੂਤਰਾਂ ਦਾ ਸ਼ਾਂਤ ਅਸੀਲ ਸੁਭਾਅ, ਸੱਪਾਂ ਦੀਆਂ ਕੁਟਿਲ ਕੁੰਡਲੀਆਂ, ਮੋਰ ਦੇ ਅਭਿਮਾਨ, ਬਘਿਆੜ ਦੇ ਕਠੋਰ ਰੁਝਾਨ, ਗੁਲਾਬ ਦੇ ਫੁੱਲ ਦਾ ਹੁਸਨ ਤੇ ਅੰਨ੍ਹੇਰੀਆਂ ਰਾਤਾਂ ਦਾ ਹਉਆ, ਮੁੱਠੀ ਭਰ ਰਾਖ਼ ਤੇ ਸਮੁੰਦਰੀ ਝੱਗ ਦੀ ਚੂਲੀ ਵਿਚ ਸਭ ਮਿਲਾ ਕੇ ਬਣਾਇਆ ਹੈ। ਮੈਂ ਆਪਣੀ ਪ੍ਰੇਮਿਕਾ ਨੂੰ ਬਚਪਨ ਤੋਂ ਜਾਣਦਾ ਹਾਂ, ਜਦੋਂ ਕਿ ਖੇਤਾਂ ਵਿਚ ਉਸਦੇ ਪਿੱਛੇ ਪਿੱਛੇ ਦੌੜਦਾ ਸਾਂ ਤੇ ਬਜ਼ਾਰਾਂ ਵਿਚ ਉਸਦੀ ਉਂਗਲੀ ਫੜ ਲੈਂਦਾ ਸਾਂ। ਜੁਆਨੀ ਵਿਚ ਮੈਂ ਉਸਨੂੰ ਪੁਸਤਕਾਂ ਦੇ ਪੰਨਿਆਂ ਵਿਚ ਪਛਾਣਦਾ ਸਾਂ, ਪੱਕੀ ਉਮਰ ਵਿਚ ਮੈਂ ਉਸਦੇ ਨੇੜੇ ਬਹਿ ਕੇ ਗੱਲਾਂ ਕਰਿਆ ਕਰਦਾ ਸਾਂ, ਦਿਲ ਦੀਆਂ ਗੱਲਾਂ। ਇਹ ਜੋ ਕੁਝ ਸੀ 'ਕੱਲ੍ਹ' ਸੀ, ਕੱਲ੍ਹ ਇਕ ਐਸਾ ਸੁਪਨਾ ਹੈ ਜੋ ਕਦੀ ਵਾਪਸ ਨਹੀਂ ਆਉਂਦਾ। ਅੱਜ ਉਹ ਇਸਤ੍ਰੀ ਹੈ ਜਿਸ ਨਾਲ ਮੈਨੂੰ ਦਿਲੀ ਪਿਆਰ ਹੈ, ਉਹ ਕਿਸੇ ਸੁੰਨਸਾਨ ਪਰਦੇਸ ਵਿਚ ਚਲੀ ਗਈ ਹੈ।

ਉਸ ਇਸਤ੍ਰੀ ਦਾ ਨਾਮ ਕੀ ਹੈ? ਉਸਦਾ ਨਾਂ ਹੈ ਜ਼ਿੰਦਗੀ। ਜ਼ਿੰਦਗੀ ਇਕ ਐਸੀ ਮਨਮੋਹਣੀ ਨਾਰੀ ਹੈ ਜੋ ਸਾਡੇ ਦਿਲ ਨੂੰ ਧੂਹ ਪਾਉਂਦੀ ਤੇ ਸਾਡੇ ਜਜ਼ਬਿਆਂ ਨੂੰ ਭੜਕਾਉਂਦੀ ਹੈ ਅਤੇ ਸਾਡੀ ਅਕਲ ਤੇ ਅਨੁਭਵ ਨੂੰ ਪ੍ਰਤਿਗਿਆ ਦਾ ਬੋਝ ਚੁਕਾਉਂਦੀ ਹੈ। ਇਹ ਵਾਅਦੇ

ਆਮ ਤੌਰ 'ਤੇ ਲੰਮੇ ਹੁੰਦੇ ਹਨ ਜਿਸ ਕਰਕੇ ਧੀਰਜ ਤੇ ਸਹਿਨਸ਼ੀਲਤਾ ਜਾਂਦੀ ਰਹਿੰਦੀ ਹੈ, ਜੇਕਰ ਵਾਅਦਾ ਪੂਰਾ ਵੀ ਹੋ ਜਾਂਦਾ ਹੈ ਤਾਂ ਅੰਦਰ ਦੁੱਖ ਤੇ ਸ਼ੋਕ ਦੀਆਂ ਚਿਣਗਾਂ ਉੱਠਣ ਲੱਗ ਪੈਂਦੀਆਂ ਹਨ। ਜ਼ਿੰਦਗੀ ਇਕ ਐਸੀ ਇਸਤ੍ਰੀ ਹੈ ਜੋ ਚਮਕੀਲੇ ਦਿਨਾਂ ਦੀ ਪੁਸ਼ਾਕ ਪਾਉਂਦੀ ਹੈ, ਪਰ ਜਿਸਨੂੰ ਅੰਦਰ ਅਸਤਰ ਕਾਲੀਆਂ ਰਾਤਾਂ ਦਾ ਲੱਗਿਆ ਹੁੰਦਾ ਹੈ। ਇਹ ਐਸੀ ਇਸਤ੍ਰੀ ਹੈ ਜੋ ਆਸ਼ਕਾਂ ਦੇ ਹੰਝੂਆਂ ਵਿਚ ਇਸ਼ਨਾਨ ਕਰਦੀ ਤੇ ਆਪਣੇ ਸ਼ਹੀਦਾਂ ਦੇ ਲਹੂ ਦਾ ਅਤਰ ਮਲਦੀ ਹੈ; ਇਹ ਐਸੀ ਹੈ ਜੋ ਮਨੁੱਖੀ ਦਿਲ ਨੂੰ ਆਪਣਾ ਮਿੱਤਰ ਤਾਂ ਬਣਾਉਂਦੀ ਹੈ, ਮਾਲਕ ਨਹੀਂ ਬਣਾਉਂਦੀ।

ਇਹ ਚਲਨ ਦੀ ਢਿੱਲੀ ਪਰ ਖ਼ੂਬਸੂਰਤ ਸੁੰਦਰੀ ਹੈ। ਜੋ ਕੋਈ ਇਸਦੇ ਮਾੜੇ ਚਰਿੱਤ੍ਰ ਨੂੰ ਦੇਖ ਲੈਂਦਾ ਹੈ ਤਾਂ ਉਹ ਇਸਦੀ ਸੁੰਦਰਤਾ ਨੂੰ ਵੀ ਘਿਰਣਾ ਕਰਨ ਲੱਗ ਜਾਂਦਾ ਹੈ।

137. ਮਿੱਟੀ

ਬੜੀ ਆਨ-ਸ਼ਾਨ ਤੇ ਠਾਠ-ਬਾਠ ਦੇ ਰੰਗ ਵਿਚ ਮਿੱਟੀ, ਮਿੱਟੀ ਦੇ ਉਦਰ ਤੋਂ ਜਨਮ ਲੈਂਦੀ ਹੈ। ਫਿਰ ਇਹ ਮਿੱਟੀ ਬੜੇ ਗੁਮਾਨ ਨਾਲ ਮਿੱਟੀ ਉਪਰ ਚਲਦੀ ਫਿਰਦੀ ਹੈ। ਮਿੱਟੀ ਤੋਂ ਸ਼ਾਹੀ ਮਹੱਲ ਤੇ ਉੱਚੇ ਉੱਚੇ ਮੀਨਾਰ ਅਤੇ ਹੋਰ ਆਮ ਖ਼ਾਸ ਲਈ ਛੋਟੀਆਂ ਵੱਡੀਆਂ ਇਮਾਰਤਾਂ ਉਸਾਰੀਆਂ ਜਾਂਦੀਆਂ ਹਨ। ਇਹ ਫ਼ਰਿਸ਼ਤਿਆਂ ਤੇ ਦੇਵਤਿਆਂ ਦੀ ਮਾਲਾ ਗੁੰਦਦੀ ਹੈ। ਜ਼ਿੰਦਗੀ ਲਈ ਕਰੜੇ ਤੋਂ ਕਰੜੇ ਕਾਨੂੰਨ ਬਣਾਉਂਦੀ ਤੇ ਵਿਧੀਪੂਰਵਕ ਅਕੀਦਿਆਂ ਵਿਸ਼ਵਾਸਾਂ ਦੀ ਘਾੜਤ ਵੀ ਘੜਦੀ ਹੈ।

ਜਦ ਇਹ ਸਭ ਕੁਝ ਹੋ ਨਿਬੜਦਾ ਹੈ ਤਾਂ ਮਿੱਟੀ ਇਨ੍ਹਾਂ ਮਿੱਟੀ ਦੇ ਜੰਜਾਲਾਂ ਤੋਂ ਅੱਕ ਥੱਕ ਕੇ ਆਪਣੇ ਅੰਦਰਲੇ ਚਾਨਣ ਤੇ ਅੰਨ੍ਹੇਰੇ ਨਾਲ ਬੜੇ ਹੀ ਭਿਆਨਕ, ਅੰਧਕਾਰਪੂਰਣ ਅਤੇ ਕੋਮਲ, ਆਕਰਸ਼ਕ ਤੇ ਸੁਹਾਵਣੇ ਸੁਪਨਿਆਂ ਦੀ ਸਿਰਜਣਾ ਕਰਦੀ ਹੈ। ਫਿਰ ਮਿਹਨਤ-ਮੁਸ਼ੱਕਤ ਨਾਲ ਨਿਢਾਲ ਹੋ ਕੇ ਜਦ ਇਸ ਮਿੱਟੀ ਦੀਆਂ ਪਲਕਾਂ ਬੋਝਲ ਹੋ ਜਾਂਦੀਆਂ ਹਨ ਤਾਂ ਇਸ ਥੱਕੀ-ਟੁੱਟੀ ਮਿੱਟੀ ਨੂੰ ਨੀਂਦ ਵਿਸ਼ਰਾਮ ਕਰਾਉਂਦੀ ਹੈ ਤੇ ਸਭ ਨੂੰ ਆਪਣੇ ਪੱਲੂ ਵਿਚ ਵਲ੍ਹੇਟ ਲੈਂਦੀ ਹੈ। ਫਿਰ ਮਿੱਟੀ, ਮਿੱਟੀ ਨੂੰ ਸੰਬੋਧਨ ਕਰਦੀ ਹੋਈ ਇਉਂ ਬੋਲਦੀ ਹੈ, "ਦੇਖੋ, ਮੈਂ ਹੀ ਗਰਭਾਧਾਨ ਵਾਲਾ ਪੇਟ ਹਾਂ ਤੇ ਮੈਂ ਹੀ ਕਬਰ ਅਤੇ ਮੈਂ ਹੀ ਇਸ ਪੇਟ 'ਤੇ ਕਬਰ ਬਣ ਕੇ ਰਹਾਂਗੀ, ਹਮੇਸ਼ਾ ਹਮੇਸ਼ਾ ਲਈ, ਜਦ ਤਕ ਕਿ ਸਿਤਾਰੇ ਬੇਨਿਸ਼ਾਨ ਤੇ ਚੰਦ ਸੂਰਜ ਸੜ ਬਲ ਕੇ ਸੁਆਹ ਦਾ ਢੇਰ ਨਾ ਹੋਣ ਜਾਵਣ।

138. ਚਸ਼ਮੇ ਦੇ ਬਚਨ

ਮੈਂ ਸਵੇਰੇ ਸਵੇਰੇ ਵਾਦੀ ਵਿਚ ਸੈਰ ਲਈ ਨਿਕਲਿਆ, ਜਦੋਂ ਕਿ ਉਸ਼ਾ ਅਨੰਤਤਾ ਦਾ ਭੇਦ ਸਮਝਾ ਰਹੀ ਸੀ। ਅੱਗੇ ਇਕ ਚਸ਼ਮਾ ਪਿਆ ਵਗਦਾ ਸੀ, ਜੋ ਗਾ ਗਾ ਕੇ ਪੁਕਾਰ ਰਿਹਾ ਸੀ ਤੇ ਕਹਿ ਰਿਹਾ ਸੀ:

(1) ਜ਼ਿੰਦਗੀ ਕੋਈ ਮੌਜ-ਮੇਲਾ ਨਹੀਂ, ਇਹ ਤਾਂ ਤਾਂਘ ਤੇ ਇਕ ਦ੍ਰਿੜ੍ਹ ਇਰਾਦਾ ਹੈ;

(2) ਲਿਆਕਤ ਲਫ਼ਜ਼ਾਂ ਵਿਚ ਨਹੀਂ, ਲਿਆਕਤ ਉਹ ਅਰਥ ਹੈ ਜੋ ਲਫ਼ਜ਼ਾਂ ਅੰਦਰ ਹੈ;

(3) ਵਡੱਪਣ ਵੱਡੀਆਂ ਪਦਵੀਆਂ ਉਤੇ ਬੈਠਣਾ ਨਹੀਂ, ਸਗੋਂ ਪਦਵੀਆਂ ਤੋਂ ਇਨਕਾਰ ਕਰਨ ਵਿਚ ਹੈ;

(4) ਕੋਈ ਮਨੁੱਖ ਖ਼ਾਨਦਾਨੀ ਗੌਰਵ ਕਰਕੇ ਪਤਵੰਤਾ ਨਹੀਂ ਹੁੰਦਾ, ਕਿੰਨੇ ਪਤਵੰਤੇ ਸੱਜਣ ਹਨ ਜੋ ਕਿ ਕਾਤਲਾਂ ਦੇ ਉਤਰਾਧਿਕਾਰੀ ਹਨ;

(5) ਜੋ ਜ਼ੰਜੀਰਾਂ ਵਿਚ ਬੱਧਾ ਹੈ, ਜ਼ਰੂਰੀ ਨਹੀਂ ਕਿ ਹਰ ਕੋਈ ਗ਼ੁਲਾਮ ਹੋਵੇ। ਕਈ ਵਾਰ ਗਲ ਦੇ ਹਾਰ ਨਾਲੋਂ ਇਹ ਜ਼ੰਜੀਰ ਮਹਾਨ ਹੁੰਦੀ ਹੈ;

(6) ਬਹਿਸ਼ਤ ਪ੍ਰਾਸ਼ਚਿਤ ਮਾਤਰ ਵਿਚ ਨਹੀਂ ਸਗੋਂ ਪਵਿੱਤਰ ਹਿਰਦੇ ਵਿਚ ਹੈ;

(7) ਦੋਜ਼ਖ਼ ਦੁੱਖਾਂ ਤਕਲੀਫ਼ਾਂ ਜਾਂ ਤਸੀਹਿਆਂ ਵਿਚ ਨਹੀਂ; ਸੱਖਣਾ ਦਿਲ ਨਿਰਾ ਨਰਕ ਹੈ;

(8) ਅਮੀਰ ਪੈਸੇ ਕਰਕੇ ਨਹੀਂ ਹੋਈਦਾ, ਕਿੰਨੇ ਰਮਤੇ ਭਿਖਾਰੀ ਹਨ ਜੋ ਸਭ ਤੋਂ ਵੱਧ ਅਮੀਰ ਹਨ;

(9) ਸਾਰੇ ਗ਼ਰੀਬ ਹੀ ਊਣੇ-ਝੂਣੇ ਨਹੀਂ, ਦੁਨੀਆਂ ਦੀ ਦੌਲਤ ਰੋਟੀ ਦੀ ਬੁਰਕੀ ਵਿਚ ਹੈ ਤੇ ਸਮੇਂ ਵਿਚ;

(10) ਸੁਹੱਪਣ ਚਿਹਰੇ ਦੀ ਚੀਜ਼ ਨਹੀਂ, ਇਹ ਦਿਲ ਦਾ ਚਾਨਣ ਹੈ;

(11) ਆਤਮਿਕ ਪਵਿੱਤਰਤਾ ਕਾਰਣ ਹੀ ਸੰਪੂਰਨਤਾ ਨਹੀਂ, ਸਗੋਂ ਗੁਨਾਹ ਵਿਚ ਵੀ ਗੁਣ ਲੱਭਣਾ ਪੂਰਨਤਾ ਹੈ।

ਇਹ ਗੱਲਾਂ ਚਸ਼ਮੇ ਨੇ ਉਸ ਬੂਟੇ ਨੂੰ ਕਹੀਆਂ, ਜੋ ਉਸਦੇ ਮੁੱਢ ਲੱਗਾ ਹੋਇਆ ਸੀ, ਸ਼ਾਇਦ ਜੋ ਕੁਝ ਚਸ਼ਮੇ ਨੇ ਗਾ ਕੇ ਸੁਣਾਇਆ, ਉਸ ਵਿਚ ਕਈ ਮਹਾਨ ਸਾਗਰ ਵਾਲੇ ਭੇਦ ਵੀ ਸਨ।

139. ਸੱਤ ਤਾੜਨਾਂ

ਮੈਂ ਆਪਣੀ ਰੂਹ ਨੂੰ ਸੱਤ ਵਾਰ ਤਾੜਨਾ ਕਰ ਚੁੱਕਾ ਹਾਂ।

ਪਹਿਲੀ ਵਾਰ ਉਦੋਂ, ਜਦੋਂ ਇਸਨੇ ਕਮਜ਼ੋਰ ਨਾਲ ਠੱਗੀ ਕਰ ਕੇ ਆਪਣੇ ਆਪ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ।

ਦੂਜੀ ਵਾਰ ਉਦੋਂ, ਜਦੋਂ ਮੈਂ ਲੰਗੜਿਆਂ ਲੂਲ੍ਹਿਆਂ ਦੇ ਸਾਮ੍ਹਣੇ ਖ਼ੁਦ ਲੂਲ੍ਹੇ ਹੋਣ ਦੀ ਬਹਾਨੇਸਾਜ਼ੀ ਕੀਤੀ।

ਤੀਜੀ ਵਾਰ ਉਦੋਂ, ਜਦੋਂ ਮੈਨੂੰ ਮੌਕਾ ਦਿੱਤਾ ਗਿਆ ਤੇ ਔਖ ਦੀ ਥਾਂ ਮੈਂ ਸੌਖ ਨੂੰ ਹੀ ਚੁਣਿਆ।

ਚੌਥੀ ਵਾਰ, ਜਦੋਂ ਕਿ ਮੈਂ ਗ਼ਲਤੀ ਕੀਤੀ ਤਾਂ ਮੈਂ ਹੋਰਾਂ ਦੀਆਂ ਗ਼ਲਤੀਆਂ ਦੱਸ ਦੱਸ ਕੇ ਆਪਣੇ ਆਪ ਨੂੰ ਵਰਚਾਇਆ।

ਪੰਜਵੀਂ ਵਾਰ, ਜਦੋਂ ਕਿ ਮੈਂ ਡਰ ਭੈ ਕਾਰਣ ਸਾਊ ਅਸੀਲ ਬਣਿਆ ਸਾਂ, ਪਰ ਸਬਰ ਸ਼ਾਂਤੀ ਵਿਚ ਤਕੜਾ ਹੋਣ ਦਾ ਦਾਅਵਾ ਕੀਤਾ।

ਛੇਵੀਂ ਵਾਰ, ਜਦੋਂ ਕਿ ਜੀਵਨ ਦੇ ਧੱਬਿਆਂ ਨੂੰ ਛੁਪਾਉਣ ਲਈ ਮੈਂ ਉੱਤੋਂ ਦੀ ਇਕ ਲੰਮਾ ਸਾਰਾ ਚੋਲਾ ਪਾ ਲਿਆ।

ਸੱਤਵੀਂ ਵਾਰ, ਉਦੋਂ ਮੈਂ ਰੱਬ ਦੇ ਭਜਨ ਗਾਉਣ ਲਈ ਖੜ੍ਹਾ ਹੋਇਆ ਤਾਂ ਇਹ ਖ਼ਿਆਲ ਕੀਤਾ ਕਿ ਮੈਂ ਕੋਈ ਬੜੀ ਨੇਕੀ ਕਰ ਰਿਹਾ ਹਾਂ।

140. ਮਾਇਆ ਜਾਲ[1]

ਸ਼ੇਖ਼—ਇਹ ਸੰਸਾਰ ਮੈਖ਼ਾਨਾ ਹੈ ਜਿਸਦਾ ਮਾਲਕ ਠੇਕੇਦਾਰ ਤੇ ਸਾਕੀ ਕਾਲ ਹੈ। ਉਹ ਉਨ੍ਹਾਂ ਦਾ ਹੀ ਖਾਣ-ਪੀਣ ਦਾ ਸਾਮਾਨ ਕਰਦਾ ਹੈ, ਜੋ ਖ਼ਰੂਦੀ ਹੋ ਹੋ ਕੇ ਵਹਿਸ਼ੀਆਨਾ ਖ਼ਾਹਸ਼ਾਂ ਦੇ ਘੋੜੇ ਦੁੜਾਉਂਦੇ ਤੇ ਬੇਸੁਰਾ ਰਾਗ ਅਲਾਪਦੇ ਫਿਰਦੇ ਹਨ। ਧਰਤੀ 'ਤੇ ਕੁਝ ਲੋਕ ਐਸੇ ਵੀ ਹਨ ਜੋ ਜੀਵਨ ਦਾ ਰਸ ਲੈਂਦੇ ਤੇ ਉਸਦੀਆਂ ਦਿੱਤੀਆਂ ਨਿਆਮਤਾਂ ਵੱਲ ਨਹੀਂ ਜਾਂਦੇ। ਕੁਝ ਗਿਣਤੀ ਦੇ ਆਦਮੀ ਹਨ ਜੋ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਸੰਤੁਸ਼ਟ ਤੇ ਨਿਸਚਿੰਤ ਹੋਣ। ਇਸ ਸ਼ੋਰ-ਸ਼ਰਾਬੇ ਵਿਚ ਚੰਗਾ ਹੈ ਕਿ ਤੁਸੀਂ ਠਰ੍ਹੰਮੇ ਵਾਲੀ ਰੂਹ ਦੀ ਭਾਲ ਕਰੋ। ਕਮਾਲ ਇਹ ਹੈ ਕਿ ਬੱਦਲਾਂ ਨਾਲ ਢੱਕੇ ਆਕਾਸ਼ ਵਿਚ ਚੰਦ ਨੇ ਕਿਵੇਂ ਇਹ ਸ਼ਾਮਿਆਨਾ ਲੱਭ ਲਿਆ।

ਨੌਜੁਆਨ—ਜੰਗਲ ਵਿਚ ਮਾਇਆ ਤੇ ਮਦਰਾ ਵਿਚ ਕੋਈ ਭੇਦ ਨਹੀਂ। ਕੁਦਰਤ ਦੀ ਛਾਤੀ ਵਿੱਚੋਂ ਭਾਲ ਕਰਨ ਵਾਲਾ ਦੁੱਧ-ਚੁੰਘਦਾ ਬੱਚਾ ਵੀ ਆਪਣੀ ਖ਼ੁਰਾਕ ਲੱਭ ਲੈਂਦਾ ਹੈ। ਚੰਦ ਨੂੰ ਢੱਕਣ ਵਾਲੇ ਮੇਘਾਂ ਨੂੰ ਪਰ੍ਹੇ ਹਟਾ ਕੇ ਹੀ ਚਾਨਣੀ ਵਿਚ ਇਸ਼ਨਾਨ ਕੀਤਾ ਜਾ ਸਕਦਾ ਹੈ। ਮੈਨੂੰ ਵੰਝਲੀ ਵਜਾਉਣ ਦਿਉ, ਗੀਤ ਹੀ ਉਸਦੀ ਮਿਹਰ ਦਾ ਸਾਇਆ ਹੈ। ਇਹ ਗੀਤ ਸਦਾ ਰਹੇਗਾ ਤੇ ਛਿਣ-ਭੰਗਰ ਮਾਇਆ ਬਿਨਸ ਜਾਏਗੀ।

141. ਦੇਵ-ਬਿਰਤੀ

ਸ਼ੇਖ਼—ਮਨੁੱਖਾਂ ਵਿਚ ਫ਼ਰਿਸ਼ਤਿਆਂ ਵਾਲੀ ਖ਼ੂਬੀ ਦਾ ਵਿਕਾਸ ਸੁਤੰਤਰ ਰੂਪ ਵਿਚ ਹੋਣਾ ਚਾਹੀਦਾ ਹੈ ਤੇ ਸ਼ੈਤਾਨੀਅਤ ਨੂੰ ਦਫ਼ਨਾਉਣਾ ਹੀ ਭਲੀ ਗੱਲ ਹੈ। ਮੌਤ ਸਰੀਰ ਨੂੰ ਤਾਂ ਖ਼ਤਮ ਕਰ ਦਿੰਦੀ ਹੈ ਪਰ ਇਸਦੀ ਚੰਗੀ ਮਾੜੀ ਸੂਰਤ ਨੂੰ ਨਹੀਂ ਮਿਟਾ ਸਕਦੀ। ਅਸੀਂ ਕਾਲ-ਚੱਕਰ ਦੇ ਘੇਰੇ ਵਿਚ ਹਾਂ, ਕਾਲ ਐਸਾ ਹੈ ਜੋ ਪਿਆਦੇ ਨੂੰ ਅੱਗੇ ਵਧਾ ਕੇ ਘੋੜੇ ਤੇ ਗ਼ੁਲਾਮ ਨੂੰ ਪਿੱਛੇ ਛੱਡ ਜਾਂਦਾ ਹੈ। 'ਇਹ ਬੜਾ ਪ੍ਰਤਿਸ਼ਠਤ ਵਿਅਕਤੀ ਹੈ, ਬੜਾ ਸਿਆਣਾ, ਧੁਰੋਂ ਭੇਜਿਆ ਪਰਮ ਗਿਆਨੀ ਹੈ'—ਅਜੇਹਾ ਕਦੀ ਨਾ ਕਿਹਾ ਕਰੋ। ਕਿਉਂਕਿ ਇਸ ਸਭਿਅਤਾ ਦੇ ਵਸਦੇ ਜਹਾਨ ਵਿਚ ਸ੍ਰੇਸ਼ਟ ਪੁਰਸ਼ ਉਹੋ ਹੈ ਜੋ ਭੇਡਾਂ ਨੂੰ ਰਹਿਬਰ ਸਮਝ ਕੇ ਉਸਦੀ ਨਿਗਰਾਨੀ ਵੀ ਕਰਦਾ ਹੈ।

ਨੌਜੁਆਨ—ਜੰਗਲ ਵਿਚ ਨਾ ਕੋਈ ਭੇਡ ਹੈ, ਨਾ ਇੱਜੜ। ਬਸੰਤ ਤੇ ਪੱਤਝੜ ਇਕ

---

1. ਇਹ ਕਵੀ ਦੀ ਅਰਬੀ ਕਾਵਿ-ਰਚਨਾ *ਅਲ ਮਵਾਕਿਬ* ਦਾ ਸਾਰਾਂਸ਼ ਹੈ (141-150), ਜਿਸ ਵਿਚ ਸ਼ੇਖ਼ (ਬਜ਼ੁਰਗ) ਤੇ ਨੌਜੁਆਨ ਦੇ ਸੰਵਾਦ ਦੁਆਰਾ, ਪ੍ਰਪੰਚੀ ਸ਼ਹਿਰੀ ਜੀਵਨ ਦੇ ਮੁਕਾਬਲੇ ਕੁਦਰਤੀ ਜੀਵਨ ਦੀ ਵਕਾਲਤ ਕੀਤੀ ਗਈ ਹੈ।

ਦੂਜੇ ਦੀਆਂ ਦੁਸ਼ਮਣ ਨਹੀਂ, ਇਹ ਰੁੱਤਾਂ ਆਜ਼ਾਦਾਨਾ ਤੌਰ 'ਤੇ ਆਪਣਾ ਰੋਲ ਅਦਾ ਕਰਦੀਆਂ ਹਨ। ਮੈਨੂੰ ਵੰਝਲੀ ਵਜਾਉਣ ਦਿਉ ਤੇ ਗਾਉਣ ਦਿਉ, ਸੰਗੀਤ ਮਨ ਦਾ ਰਹਿਬਰ ਹੈ। ਮਨੁੱਖੀ ਭੀੜ ਦੇ ਮੁਕਾਬਲੇ ਵੰਝਲੀ ਦੀ ਧੁਨ ਵਧੇਰੇ ਜਿਊਣ-ਜੋਗੀ ਹੈ।

142. ਧਰਮ

ਸ਼ੇਖ਼—ਧਰਮ ਇਕ ਚੰਗੀ ਤਰ੍ਹਾਂ ਵਾਹੀ ਬੀਜੀ ਖੇਤੀ ਦੇ ਸਮਾਨ ਹੈ। ਸੁਰੇਗ ਦੇ ਅਭਿਲਾਸ਼ੀ ਤੇ ਨਰਕ ਤੋਂ ਭੈ-ਭੀਤ ਪ੍ਰਾਣੀ ਦੀ ਮਰਜ਼ੀ ਨਾਲ ਇਹ ਬਿਜਾਈ ਹੋਈ ਹੈ, ਇਹ ਜੀਵਨ-ਉਸਾਰੀ ਤੋਂ ਇਲਾਵਾ ਕੁਝ ਵੀ ਨਹੀਂ। ਨਾ ਇਨ੍ਹਾਂ ਨਿਭਾਗਿਆਂ ਨੇ ਇਸ਼ਟ ਪੂਜਾ ਕੀਤੀ ਤੇ ਨਾ ਹੀ ਪ੍ਰਾਸ਼ਚਿਤ ਹੀ ਕੀਤਾ। ਇਨ੍ਹਾਂ ਤਾਂ ਰੋਜ਼ਾਨਾ ਵਿਹਾਰ ਵਿਚ ਧਰਮ ਨੂੰ ਇਕ ਤਰ੍ਹਾਂ ਦਾ 'ਵਪਾਰ' ਹੀ ਬਣਾ ਲਿਆ ਜਿਸ ਤੋਂ ਵੱਧ ਤੋਂ ਵੱਧ ਲਾਹਾ ਲਿਆ ਜਾਵੇ। ਕੀ ਹੁਣ ਉਹ ਇਸ ਧਰਮ ਨੂੰ ਤਿਲਾਂਜਲੀ ਦੇਣ ਜਾਂ ਇਸ ਤੋਂ ਫਿਰ ਕੋਈ ਨਫ਼ਾ ਖੱਟਣ?

ਨੌਜੁਆਨ—ਕੁਦਰਤ ਦੇ ਜੰਗਲ ਵਿਚ ਨਾ ਕੋਈ ਆਸਤਿਕ ਹੈ, ਨਾ ਨਾਸਤਿਕ ਅਤੇ ਨਾ ਹੀ ਕਿਸੇ ਹਜ਼ਰਤ ਮੁਹੰਮਦ ਜਾਂ ਹਜ਼ਰਤ ਈਸਾ ਦੇ ਧਰਮ-ਵਿਸ਼ੇਸ਼ ਦਾ ਮਹੱਤਵ ਹੈ। ਜਦੋਂ ਪੰਛੀ ਮਿੱਠੀ ਸੁਰ ਵਿਚ ਗਾਉਂਦੇ ਹਨ ਤਾਂ ਉਸ ਰਸੀਲੀ ਸੁਰ ਨਾਲ ਆਤਮਾ ਨੂੰ ਸੰਤੁਸ਼ਟੀ ਮਿਲਦੀ ਹੈ। ਮੈਨੂੰ ਵੰਝਲੀ ਦਿਉ ਤੇ ਗਾਉਣ ਦਿਉ। ਪ੍ਰਾਰਥਨਾ ਮੇਰਾ ਸੰਗੀਤ ਹੈ ਤੇ ਪ੍ਰੇਮ ਹੀ ਮੇਰਾ ਸਾਜ਼। ਵੰਝਲੀ ਦੀ ਧੁਨ ਸਭ ਦਾ ਸੰਤਾਪ ਮਿਟਾਇਗੀ।

143. ਨਿਆਂ

ਸ਼ੇਖ਼—ਕੀ ਨਿਆਇ-ਵਿਧਾਨ ਤੇ ਮਨੁੱਖ ਦੇ ਇਹ ਕਾਨੂੰਨ ਮੈਨੂੰ ਹੱਸਣ ਰੋਣ ਲਈ ਮਜਬੂਰ ਨਹੀਂ ਕਰਦੇ। ਗ਼ਰੀਬ ਦੋਸ਼ੀ ਤਾਂ ਸਜ਼ਾਵਾਰ ਹੋ ਜਾਂਦਾ ਹੈ ਤੇ ਅਮੀਰ ਸਮਰੱਥਾਵਾਨ ਦੋਸ਼ੀ ਹਰ ਤਰ੍ਹਾਂ ਦੇ ਕਸੂਰਾਂ ਤੋਂ ਬਰੀ ਹੋ ਕੇ ਵਡਿਆਈ ਪਾ ਜਾਂਦਾ ਹੈ। ਉਸਦੇ ਅਪਰਾਧ ਧਨ-ਦੌਲਤ ਕਰਕੇ ਜਾਂ ਖ਼ਾਨਦਾਨੀ ਵਡਿਆਈ ਕਾਰਨ ਕੱਜੇ ਜਾਂਦੇ ਹਨ। ਫੁੱਲ ਚੋਰੀ ਕਰਨ ਵਾਲਾ ਤਾਂ 'ਨੀਚ' ਤਸੱਵਰ ਕੀਤਾ ਜਾਂਦਾ ਹੈ ਤੇ ਧਰਤੀ ਉਤੇ ਧੱਕੇ ਨਾਲ ਕਬਜ਼ਾ ਜਮਾਉਣ ਵਾਲਾ ਵੀਰ ਬਹਾਦਰ। ਸਰੀਰ ਦੇ ਕਾਤਲ ਨੂੰ ਸਜ਼ਾ ਮਿਲਦੀ ਹੈ ਪਰ ਆਤਮਾ ਦੇ ਕਾਤਲ ਨੂੰ ਕੋਈ ਨਹੀਂ ਪੁੱਛਦਾ, ਉਹ ਬਿਨਾਂ ਰੋਕ ਟੋਕ ਤੁਰਿਆ ਫਿਰਦਾ ਹੈ।

ਨੌਜੁਆਨ—ਜੰਗਲ ਵਿਚ ਨਾ ਕੋਈ ਕਾਨੂੰਨ ਹੈ ਤੇ ਨਾ ਹੀ ਸਜ਼ਾ। ਆਪਣੀ ਛਾਂ ਫੈਲਾਉਣ ਲਈ ਕੀ ਘਾਹ ਬੂਟੇ ਧਰਤੀ ਤੋਂ ਆਗਿਆ ਲੈਂਦੇ ਹਨ। ਘਾਹ ਪੱਤੀ ਦੀ ਨਿੱਕੀ ਜਿਹੀ ਛਾਂ ਨੂੰ ਦੇਖ ਕੇ ਕਦੇ ਸਰੂ ਨੇ ਸ਼ਿਕਾਇਤ ਨਹੀਂ ਕੀਤੀ। ਮਨੁੱਖ ਦਾ ਨਿਆਇ ਵਿਧਾਨ ਉਸੇ ਤਰ੍ਹਾਂ ਲੱਜਾ ਨਾਲ ਛਾਈਂ-ਮਾਈਂ ਹੋ ਜਾਂਦਾ ਹੈ, ਜਿਵੇਂ ਕਿ ਤੇਜ਼ ਧੁੱਪ ਵਿਚ ਬਰਫ਼। ਮੈਨੂੰ ਵੰਝਲੀ ਵਜਾਉਣ ਦਿਉ ਤੇ ਗਾਉਣ ਦਿਉ। ਹਿਰਦੇ ਲਈ ਤਾਂ ਸੰਗੀਤ ਹੀ ਵਧੀਆ ਜੱਜ ਹੈ। ਦੋਸ਼ ਤੇ ਸਜ਼ਾ ਦੇ ਮਿਟ ਮੁੱਕ ਜਾਣ 'ਤੇ ਵੀ ਵੰਝਲੀ ਦੀ ਗੂੰਜ ਅਮਰ ਰਹਿੰਦੀ ਹੈ।

144. ਰਾਜ-ਅਧਿਕਾਰ

ਸ਼ੇਖ਼—ਆਮ ਨਗਰ-ਨਿਵਾਸੀ, ਜਾਬਰ ਹਾਕਮਾਂ ਦੇ ਅਧੀਨ ਹਨ। ਬੁਢਾਪਾ ਆਉਣ ਦੇ ਬਾਵਜੂਦ ਜ਼ਾਲਮ ਹਾਕਮ ਆਪਣੇ ਰੋਅਬ-ਦਾਬ ਤੇ ਗੁੱਸੇ ਦਾ ਮੁਜ਼ਾਹਰਾ ਕਰਦਾ ਰਹਿੰਦਾ ਹੈ। ਸ਼ੇਰ ਦੀ ਗੁਫ਼ਾ ਵਿਚ ਇਕ ਖ਼ਾਸ ਕਿਸਮ ਦੀ ਗੰਧ ਹੁੰਦੀ ਹੈ, ਸ਼ੇਰ ਭਾਵੇਂ ਗੁਫ਼ਾ ਵਿਚ ਨਾ ਵੀ ਹੋਵੇ, ਗਿੱਦੜ ਉੱਥੇ ਵੜਨ ਦਾ ਹੀਆ ਨਹੀਂ ਕਰ ਸਕਦੇ ਕਿਉਂਕਿ ਉਹ ਗੰਧ ਤਾਂ ਉੱਥੇ ਮੌਜੂਦ ਹੀ ਰਹਿੰਦੀ ਹੈ।

ਮੈਨਾ ਅਸੀਮ ਆਕਾਸ਼ ਵੱਲ ਉੱਡਣ ਤੋਂ ਅਸਮਰਥ ਤੇ ਕਮਜ਼ੋਰ ਹੈ, ਇਸਦੇ ਮੁਕਾਬਲੇ ਉਕਾਬ ਸਦਾ ਤਿਆਰ ਹੈ। ਆਤਮਾ ਦੀ ਸੱਤਾ ਕੇਵਲ ਸ਼ਕਤੀਆਂ ਦੀ ਸਮਰਥਾ ਹੀ ਪ੍ਰਗਟਾਉਂਦੀ ਹੈ ਜੋ ਵਿਰੋਧੀ ਤੱਤਾਂ ਨੂੰ ਚੂਰ ਚੂਰ ਕਰ ਦਿੰਦੀ ਹੈ। ਸੋ, ਇਸਨੂੰ ਕਸੂਰਵਾਰ ਨਾ ਸਮਝੋ, ਇਸਦੀ ਕਚਿਆਈ, ਬੇਸਮਝੀ, ਅਯੋਗਤਾ ਤੇ ਨਿਰਬਲਤਾ ਉਤੇ ਜ਼ਰਾ ਤਰਸ ਖਾਓ।

ਨੌਜੁਆਨ—ਜੰਗਲ ਵਿਚ ਬਲਵਾਨ ਤੇ ਨਿਰਬਲ ਦੀ ਕੋਈ ਵੰਡ ਨਹੀਂ, ਸਭੇ ਜਾਨਵਰ ਇਕ ਸਮਾਨ ਹਨ। ਸ਼ੇਰ ਗੱਜਦਾ ਰਹਿੰਦਾ ਹੈ ਪਰ ਇਹ ਗਰਜ ਸੁਣ ਕੇ ਜੰਗਲ ਕਦੀ ਇਹ ਨਹੀਂ ਆਖਦਾ ਕਿ ਇਹ ਖ਼ੂਨੀ ਜਾਨਵਰ ਹੈ, ਇਸ ਲਈ ਸਾਰੇ ਜਾਨਵਰ ਭੱਜ ਜਾਣ ਤੇ ਆਪਣਾ ਬਚਾਉ ਆਪ ਕਰਨ। ਮੈਨੂੰ ਤਾਂ ਵੰਝਲੀ ਦਿਉ ਤੇ ਗਾਉਣ ਦਿਉ। ਇਹ ਸੰਗੀਤ ਐਸੀ ਚੀਜ਼ ਹੈ ਜੋ ਆਤਮਾ ਨੂੰ ਦ੍ਰਿੜ੍ਹਤਾ ਤੇ ਸ਼ਕਤੀ ਪ੍ਰਦਾਨ ਕਰਦੀ ਹੈ।

145. ਗਿਆਨ ਵਿਗਿਆਨ

ਸ਼ੇਖ਼—ਪੰਡਤਾਈ ਜਾਂ ਵਿੱਦਵਤਾ ਕਈ ਕਿਸਮ ਦੇ ਰਾਹਾਂ ਦੀ ਪਾਂਧੀ ਹੈ। ਅਸੀਂ ਲੋਕ ਇਨ੍ਹਾਂ ਰਾਹਾਂ ਦੇ ਸ਼ੁਰੂਆਤ ਦੀ ਤਾਂ ਚਰਚਾ ਕਰਦੇ ਹਾਂ, ਪਰੰਤੂ ਅੰਤ ਦੀ ਨਹੀਂ ਕਰਦੇ। ਸਮੇਂ ਤੇ ਹੋਣੀ ਦੀ ਸੇਧ ਦਾ ਬੰਧੇਜ ਉਦੋਂ ਤਕ ਰੱਖਣਾ ਠੀਕ ਹੈ ਜਦੋਂ ਤਕ ਕਿ ਸੇਧ ਸਾਮ੍ਹਣੇ ਨਜ਼ਰ ਆਉਂਦੀ ਹੋਵੇ।

ਵਧੀਆ ਗਿਆਨ ਤਾਂ ਸੰਕਲਪ ਹੈ, ਜਿਸਨੂੰ ਵਿਜਈ ਨਿੱਠ ਕੇ ਧਾਰਦਾ ਹੈ ਤੇ ਡੁਲਾਇਮਾਨ ਨਹੀਂ ਹੁੰਦਾ, ਉਹ ਪੂਰੇ ਠਰ੍ਹੰਮੇ ਨਾਲ ਅੱਗੇ ਵਧਦਾ ਹੈ। ਮੌਜੂਦਾ ਸੱਭਿਆ ਜੀਵਨ ਵਿਚ ਤ੍ਰਿਸਕਾਰਯੋਗ ਤੇ ਸਤਿਕਾਰਯੋਗ ਦੋਵੇਂ ਕਿਸਮ ਦੇ ਲੋਕ ਹਨ। ਉਹ ਪੈਗ਼ੰਬਰ ਅਵਤਾਰ ਹੈ ਜਿਸਨੇ ਭਵਿੱਸ਼ ਦੀ ਸੋਚ ਦੀ ਗਿਲਤੀ ਮਾਰੀ ਹੋਈ ਹੈ, ਕਈ ਲੋਕ ਪੁਰਾਣਾ ਲਿਬਾਸ ਪਾ ਕੇ ਆਉਂਦੇ ਤੇ ਉਸ ਪੈਗ਼ੰਬਰ ਤੋਂ ਓਝਲ ਰਹਿੰਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਸੁਗਾਤਾਂ ਵੀ ਨਹੀਂ ਮਿਲਦੀਆਂ। ਉਹ ਉਸਨੂੰ ਅਜਨਬੀ ਖ਼ਿਆਲ ਕਰਦੇ ਹਨ, ਭਾਵੇਂ ਉਸਦੇ ਉਸਤਤਕਾਰ ਹੋਣ ਭਾਵੇਂ ਨਿੰਦਕ। ਉਸਦੇ ਹੱਥ ਵਿਚ ਸੱਚ ਦੀ ਮਸ਼ਾਲ ਜਗਮਗਾਉਂਦੀ ਹੈ, ਕਈ ਵਾਰ ਉਹ ਉਸ ਮਸ਼ਾਲ ਨਾਲ ਖ਼ੁਦ ਵੀ ਭਸਮ ਹੋ ਜਾਂਦਾ ਹੈ। ਉਹ ਭਾਵੇਂ ਦੇਖਣ ਨੂੰ ਭੋਲਾ ਤੇ ਮਾੜੂਚਾ ਜਿਹਾ ਦਿਸਦਾ ਹੈ, ਪਰ ਹੈ ਉਹ ਬਹੁਤ ਸ਼ਕਤੀਸ਼ਾਲੀ।

ਨੌਜੁਆਨ—ਮੌਜੂਦਾ ਗਿਆਨ ਧੁੰਦ ਵਰਗਾ ਹੈ। ਜਦੋਂ ਗਗਨ ਉਤੇ ਸੂਰਜ ਚੜ੍ਹਦਾ ਹੈ ਤਾਂ ਇਹ ਧੁੰਦ ਆਪਣੇ ਆਪ ਮਿਟ ਜਾਂਦੀ ਹੈ। ਮੈਨੂੰ ਵੰਝਲੀ ਵਜਾਉਣ ਦਿਉ ਤੇ ਗਾਉਣ ਦਿਉ।

146. ਸੁਖ ਤੇ ਆਸ਼ਾ

ਸ਼ੇਖ—ਸੁਖ ਇਕ ਕਲਪਿਤ ਚੀਜ਼ ਹੈ, ਜਿਸਦੀ ਭਾਲ ਵਿਚ ਅਸੀਂ ਲੱਗੇ ਹੋਏ ਹਾਂ। ਜੇ ਇਹ ਸੁਖ ਕਦੀ ਪੂਰੀ ਤਰ੍ਹਾਂ ਪ੍ਰਾਪਤ ਹੋ ਗਿਆ ਤਾਂ ਇਹ ਨਿਸਚੇ ਹੀ ਥਕਾ ਦੇਣ ਵਾਲਾ ਸਿੱਧ ਹੋਵੇਗਾ। ਜਿਸ ਤਰ੍ਹਾਂ ਨਦੀ ਮੈਦਾਨੀ ਇਲਾਕੇ ਵੱਲ ਨੂੰ ਬੜੀ ਤੇਜ਼ੀ ਨਾਲ ਵਧਦੀ ਹੈ ਤੇ ਉਥੇ ਪਹੁੰਚਣ ਤੇ ਉਸਦੀ ਚਾਲ ਮੱਠੀ ਪੈ ਜਾਂਦੀ ਹੈ, ਇਸੇ ਤਰ੍ਹਾਂ ਸੁਖ ਦਾ ਉਦੈ ਜਿਸ ਉਤਸ਼ਾਹ ਨਾਲ ਹੁੰਦਾ ਹੈ, ਸੁਖ ਦੀ ਪ੍ਰਾਪਤੀ ਬਾਦ ਉਹ ਉਤਸ਼ਾਹ ਕਾਇਮ ਨਹੀਂ ਰਹਿੰਦਾ। ਇਹ ਠੀਕ ਹੈ ਕਿ ਮਨ ਦੀ ਮੁਰਾਦ ਪੂਰੀ ਹੋਣ 'ਤੇ ਮਨੁੱਖ ਸੁਖੀ ਤੇ ਪ੍ਰਸੰਨ ਹੁੰਦਾ ਹੈ। ਬਾਕੀ ਮਨੁੱਖਤਾ ਦੀ ਤਰ੍ਹਾਂ ਉਸਦੇ ਲਈ ਵੀ ਦੁਆ ਕਰੋ ਕਿ ਉਸਦੇ ਨਿਰਬਾਣ ਵਿਚ ਕੋਈ ਖਲਲ ਨਾ ਪਵੇ।

ਨੌਜੁਆਨ—ਜੰਗਲ ਵਿਚ ਨਾ ਆਸ਼ਾ ਹੈ ਤੇ ਨਾ ਨਿਰਾਸ਼ਾ। ਇਹ ਆਸ਼ਾ ਵੀ ਇਕ ਰੋਗ ਹੈ, ਜਿਵੇਂ ਧਨ-ਦੌਲਤ ਤੇ ਪ੍ਰਸਿੱਧੀ ਦੀ ਲਾਲਸਾ। ਜਦੋਂ ਜੰਗਲ ਵਿਚ ਸਭੋ ਕੁਝ ਪ੍ਰਾਪਤ ਹੈ ਤਾਂ ਫਿਰ ਆਸ਼ਾ ਦਾ ਕੀ ਸਵਾਲ। ਮੈਨੂੰ ਵੰਝਲੀ ਦਿਉ ਤੇ ਗਾਉਣ ਦਿਉ, ਇਹੋ ਮੇਰਾ ਚਾਨਣ ਹੈ।

147. ਭਲਮਾਣਸੀ

ਸ਼ੇਖ—ਇਹ ਭਲਮਾਣਸੀ ਜਾਂ ਸਾਊਪੁਣਾ ਅਜੇਹੀ ਸਿੱਪੀ ਹੈ ਜੋ ਕਿ ਕੀਮਤੀ ਮੋਤੀ ਤੋਂ ਖ਼ਾਲੀ ਹੈ। ਜਦੋਂ ਤੁਸੀਂ ਕਿਸੇ ਬਲਵਾਨ ਪਤਵੰਤੇ ਪੁਰਸ਼ ਨੂੰ ਮਿਲੋ ਤਾਂ ਉਸਦੇ ਸਾਮ੍ਹਣੇ ਅੱਖਾਂ ਵਿਛਾ ਦਿਉ। ਉਹ ਐਸੀ ਸ਼ਾਨਦਾਰ ਸ਼ਖ਼ਸੀਅਤ ਹੈ ਜਿਸਨੂੰ ਅੰਨ੍ਹਾ ਵੀ ਦੇਖ ਸਕਦਾ ਹੈ।

ਨੌਜੁਆਨ—ਜੰਗਲ ਵਿਚ ਨਾ ਕੋਈ ਸਾਊ ਹੈ ਨਾ ਅਸਾਊ। ਘਾਹ ਤੇ ਸਫ਼ੈਦੇ ਦਾ ਬਿਰਛ ਦੋਵੇਂ ਇਕ ਸਮਾਨ ਹਨ। ਜੇ ਕਿਤੇ ਮੋਰ ਨੂੰ ਸੁਹਣੱਪ ਮਿਲਿਆ ਵੀ ਹੈ ਤਾਂ ਉਹ ਕਦੀ ਇਸਦੀ ਫੜ੍ਹ ਨਹੀਂ ਮਾਰਦਾ, ਉਹ ਇਸ ਗੱਲ ਵੱਲੋਂ ਉੱਕਾ ਬੇਪਰਵਾਹ ਹੈ। ਮੈਨੂੰ ਵੰਝਲੀ ਦਿਉ ਤੇ ਗਾਉਣ ਦਿਉ, ਇਹ ਸੰਗੀਤ ਮਾੜੇ ਧਾੜੇ ਤੇ ਤਕੜੇ ਦੋਹਾਂ ਤੋਂ ਵੱਧ ਸ਼ਕਤੀਵਾਨ ਹੈ।

148. ਇਸ਼ਕ

ਸ਼ੇਖ—ਵਿਜਈ ਜੋਧਿਆਂ ਦਾ ਜਸ ਅਸੀਂ ਆਮ ਤੌਰ 'ਤੇ ਭੁੱਲ ਜਾਂਦੇ ਹਾਂ ਤੇ ਸਾਨੂੰ ਉਨ੍ਹਾਂ ਦਾ ਕ੍ਰੋਧ ਤੇ ਪਾਗਲਪਣ ਹੀ ਯਾਦ ਰਹਿੰਦਾ ਹੈ। ਸਿਕੰਦਰ ਦੇ ਮਨ ਵਿਚ ਸੰਸਾਰ-ਵਿਜਈ ਹੋਣ ਦੀ ਲਾਲਸਾ ਤੇਜ਼ ਸੀ, ਉਸਦਾ ਹੱਲਾ ਇਕ ਕਤਲਗਾਹ ਸੀ। ਆਸ਼ਕ ਮਜਨੂੰ ਦੀ ਬਿਰਹੋਂ-ਵੇਦਨਾ ਉਸਦੀ ਵਿਜੈ ਸੀ, ਵਡਿਆਈ ਸੀ। ਉਸਦੇ ਹਿਰਦੇ ਨੂੰ ਅਸੀਂ ਇਕ ਪਵਿੱਤਰ ਮੰਦਰ ਤਸੱਵਰ ਕਰਦੇ ਹਾਂ।

ਇਸ਼ਕ ਦਾ ਪ੍ਰਗਟਾਵਾ ਸਰੀਰ ਦੁਆਰਾ ਨਹੀਂ ਬਲਕਿ ਰੂਹ ਦੁਆਰਾ ਹੋਣਾ ਸ੍ਰੇਸ਼ਟ ਹੈ ਕਿਉਂਕਿ ਰੂਹ ਰਾਹੀਂ ਹੀ ਅਸਲ ਪ੍ਰੇਮ ਪ੍ਰਭਾਵਿਤ ਕਰਦਾ ਹੈ। ਜਿਸ ਤਰ੍ਹਾਂ ਸ਼ਰਾਬ ਜੋਸ਼ ਦੇਣ

ਨਾਲ ਹੀ ਕੱਢੀ ਜਾਂਦੀ ਹੈ ਤੇ ਫਿਰ ਸਾਡੀ ਰੂਹ ਨੂੰ ਮਤਵਾਲਾ ਬਣਾਉਂਦੀ ਹੈ, ਇਸੇ ਤਰ੍ਹਾਂ ਇਲਾਹੀ ਇਸ਼ਕ ਦੁਆਰਾ ਅਸੀਂ ਰੱਬੀ ਵਰਦਾਨ ਨੂੰ ਲੈਣ ਦੇ ਯੋਗ ਹੁੰਦੇ ਹਾਂ।

ਨੌਜੁਆਨ—ਜੰਗਲ ਵਿਚ ਤਾਂ ਮਤਵਾਲੇ ਆਸ਼ਕ ਦੀ ਮਿੱਠੀ ਯਾਦ ਹੀ ਕਾਇਮ ਹੈ। ਜ਼ਾਲਮ ਜਾਬਰ ਦੀਆਂ ਕਰਤੂਤਾਂ ਦਾ ਚਰਚਾ ਕਰਨ ਦਾ ਉਥੇ ਕਿਸੇ ਨੂੰ ਸ਼ੌਕ ਨਹੀਂ, ਇਹ ਤਾਂ ਇਤਿਹਾਸ ਵਿਚ ਹੀ ਹੁੰਦਾ ਹੈ। ਇਸ਼ਕ ਦਾ ਮੰਦਰ ਸਦਾ ਅਮਰ ਤੇ ਅਟੱਲ ਹੈ। ਮੈਨੂੰ ਵੰਝਲੀ ਦਿਉ ਤੇ ਗਾਉਣ ਦਿਉ। ਜਾਬਰ ਦੀ ਨਿਰਦੈਤਾ ਭੁੱਲ ਜਾਓ। ਕੰਵੱਲ ਫੁੱਲ ਦੀ ਰਚਨਾ ਇਸ ਲਈ ਕੀਤੀ ਗਈ ਹੈ ਕਿ ਤ੍ਰੇਲ ਦੇ ਮੋਤੀ ਸਾਂਭੇ ਜਾਣ। ਪ੍ਰੇਮੀ ਵਿਆਕੁਲ ਹੋ ਕੇ ਵੀ ਆਪਣੀ ਪਿਆਸ ਬੁਝਾਉਣੀ ਨਹੀਂ ਚਾਹੁੰਦਾ। ਲੋਕ ਪੁੱਛਦੇ ਹਨ ਕਿ ਲਹੂ ਦੇ ਹੰਝੂ ਕਿਉਂ ਕੇਰਦਾ ਹੈ?

ਜੰਗਲ ਵਿਚ ਆਸ਼ਕਾਂ ਦੇ ਮਿਲਣ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਤੇ ਨਾ ਹੀ ਉਨ੍ਹਾਂ ਸੂਹੀਆਂ ਨੂੰ ਕੋਈ ਦੋਸ਼ ਦਿੰਦਾ ਹੈ। ਸੋਹਣਾ ਮ੍ਰਿਗ ਆਪਣੀ ਮੂਨ ਦੀ ਪ੍ਰੀਤ ਦਾ ਸੁਆਗਤ ਕਰਦਾ ਹੈ। ਉਕਾਬ ਕਦੀ ਆਪਣਾ ਰੋਅਬ ਨਹੀਂ ਦਿਖਾਉਂਦਾ ਤੇ ਨਾ ਹੀ ਕਹਿੰਦਾ ਹੈ ਕਿ ਮੈਂ ਕੋਈ ਚਮਤਕਾਰ ਦਿਖਾ ਰਿਹਾ ਹਾਂ। ਅਸੀਂ ਕੁਦਰਤ ਦੇ ਬੱਚੇ ਨਿਰਮਲ-ਚਿਤ ਵਾਲੇ ਨਿਰਛਲ ਬੱਚੇ ਹਾਂ। ਮੈਨੂੰ ਵੰਝਲੀ ਦਿਉ ਤੇ ਗਾਉਣ ਦਿਉ।

149. ਆਤਮਾ ਦੀ ਅਮਰਤਾ

ਸ਼ੇਖ਼—ਆਤਮਾ ਦੀ ਹਸਤੀ ਦਾ ਸਬੂਤ ਉਸਦੇ ਅੰਦਰ ਹੀ ਹੈ, ਬਾਹਰਲੀ ਰੂਪ-ਰੇਖਾ ਤੇ ਚਿਤ੍ਰਣ ਤੋਂ ਉਸਦੀ ਪਛਾਣ ਸੰਭਵ ਨਹੀਂ। ਕੋਈ ਕਹਿੰਦਾ ਹੈ ਕਿ ਜਦ ਆਤਮਾ ਪੂਰਨਤਾ ਨੂੰ ਪੁੱਜਦੀ ਹੈ ਤਾਂ ਉਹ ਜੀਵਨ ਤੋਂ ਮੁਕਤ ਹੋ ਜਾਂਦੀ ਹੈ। ਇਹ ਆਤਮਾ ਫਲ ਦੇ ਸਮਾਨ ਹੈ, ਜਦ ਫਲ ਪੱਕ ਜਾਂਦਾ ਹੈ ਤਾਂ ਉਹ ਹਵਾ ਦੇ ਬੁੱਲੇ ਨਾਲ ਆਪਣੇ ਆਪ ਡਿਗ ਪੈਂਦਾ ਹੈ। ਕਈ ਕਹਿੰਦੇ ਹਨ ਕਿ ਸਰੀਰ ਹੀ ਸਭ ਕੁਝ ਹੈ, ਆਤਮਾ ਜਾਂ ਮਨ ਕੋਈ ਚੀਜ਼ ਨਹੀਂ। ਮੌਤ ਆਖ਼ਰੀ ਅਵਸਥਾ ਹੈ, ਜਦ ਆਤਮਾ ਸਰੀਰ ਤੋਂ ਅਲਹਿਦਾ ਹੋ ਜਾਂਦੀ ਹੈ। ਜਿਵੇਂ ਸਖ਼ਤ ਗਰਮੀ ਪੈਣ ਕਾਰਣ ਝੀਲ ਸੁੱਕ ਜਾਂਦੀ ਹੈ ਤਾਂ ਉਸਦਾ ਪਰਛਾਵਾਂ ਵੀ ਨਾਲ ਅਲੋਪ ਹੋ ਜਾਂਦਾ ਹੈ, ਪਰੰਤੂ ਆਤਮਾ ਤਾਂ ਸਦਾ ਅਬਿਨਾਸ਼ੀ ਹੈ।

ਨੌਜੁਆਨ—ਜੰਗਲ ਸਰੀਰ ਤੇ ਆਤਮਾ ਵਿਚ ਕੋਈ ਭਿੰਨ-ਭੇਦ ਨਹੀਂ ਕਰਦਾ। ਉਸ ਲਈ ਤਾਂ ਸਾਗਰ, ਝੀਲ, ਤ੍ਰੇਲ ਤੇ ਧੁੰਦ ਸਭ ਇੱਕੋ ਹਨ। ਧਰਤੀ ਗੰਧਵਾਨ ਹੈ, ਇਸਦਾ ਖੇੜਾ ਤੇ ਮਹਿਕ ਸਭ ਥਾਂ ਵਿਆਪਕ ਹੈ।

ਸ਼ੇਖ਼—ਇਸ ਧਰਤੀ ਦੇ ਬੇਟੇ ਦੀ ਮੌਤ ਤਾਂ ਨਿਸਚਤ ਹੈ ਲੇਕਿਨ ਜੋ ਪ੍ਰਾਣ ਸਰੂਪ ਹੈ, ਉਸਦੀ ਮੌਤ ਇਕ ਤਰ੍ਹਾਂ ਦੀ ਯਾਤਰਾ ਦੀ ਸ਼ੁਰੂਆਤ ਹੈ। ਜੇਕਰ ਕੋਈ ਸੁਪਨਿਆਂ ਵਿਚ ਪ੍ਰਭਾਤ ਦਾ ਆਲਿੰਗਨ ਕਰਦਾ ਹੈ, ਤਾਂ ਉਹ ਸੱਚਮੁਚ ਅਮਰਤਾ ਦਾ ਅਧਿਕਾਰੀ ਹੈ; ਜਿਸ ਤਰ੍ਹਾਂ ਜਹਾਜ਼ ਰੌਸ਼ਨ-ਮੁਨਾਰੇ ਨੂੰ ਪਾਰ ਕਰ ਜਾਂਦਾ ਹੈ, ਇਸੇ ਤਰ੍ਹਾਂ ਮੌਤ ਵੀ ਇਸਨੂੰ ਪਾਰ ਕਰਦੀ ਹੋਈ ਆਪਣਾ ਭਾਰ ਹਲਕਾ ਕਰਦੀ ਜਾਂਦੀ ਹੈ।

ਨੌਜੁਆਨ—ਕੁਦਰਤੀ ਜੰਗਲ ਵਿਚ ਨਾ ਮੌਤ ਹੈ, ਨਾ ਕਬਰਿਸਤਾਨ। ਬਸੰਤ ਦੇ ਬੀਤ ਜਾਣ ਉਪਰੰਤ ਵੀ ਅਨੰਦ ਦਾ ਰਾਜ ਖ਼ਤਮ ਨਹੀਂ ਹੁੰਦਾ। ਮੌਤ ਦਾ ਭੈ ਇਕ ਭ੍ਰਾਂਤੀ ਹੈ ਜੋ

ਕਿ ਸਾਧੂਆਂ ਦੇ ਸੀਨੇ ਵਿਚ ਸੁਲਘਦਾ ਰਹਿੰਦਾ ਹੈ। ਸਾਡੇ ਲਈ ਬਹਾਰ ਦਾ ਮੌਸਮੀ ਮੇਲਾ ਤੇ ਯੁਗਾਂ ਦੀ ਲੰਮੀ ਉਮਰ—ਦੋਵੇਂ ਬਰਾਬਰ ਹਨ।

ਮੈਨੂੰ ਵੰਝਲੀ ਦਿਉ ਤੇ ਗਾਉਣ ਵਜਾਉਣ ਦਿਉ ਕਿਉਂਕਿ ਸੰਗੀਤ ਹੀ ਅਮਰ ਹੈ। ਇਹ ਖ਼ੁਸ਼ੀ ਗ਼ਮੀ ਤੋਂ ਬਾਦ ਵੀ ਜ਼ਿੰਦਾ ਰਹਿੰਦਾ ਹੈ ਅਤੇ ਸਦਾ ਸਥਿਰ ਹੈ।

150. ਅਨੰਤ ਸਾਗਰ

ਮੈਂ ਚਿਰਕਾਲ ਤੋਂ ਸਾਗਰ ਦੇ ਕਿਨਾਰਿਆਂ ਉਤੇ ਰੇਤ ਤੇ ਝੱਗ ਦੇ ਵਿਚ-ਵਿਚਾਲੇ ਘੁੰਮ ਰਿਹਾ ਹਾਂ। ਆਉਣ ਵਾਲਾ ਜੁਆਰਭਾਟਾ ਮੇਰੀਆਂ ਪੈੜਾਂ ਮਿਟਾ ਦੇਵੇਗਾ ਤੇ ਝੱਗ ਨੂੰ ਪੌਣ ਉਡਾ ਲੈ ਜਾਏਗੀ, ਪਰ ਸਾਗਰ ਤੇ ਇਸਦਾ ਕਿਨਾਰਾ ਸਦਾ ਕਾਇਮ ਰਹਿਣਗੇ।

ਇਕ ਵਾਰ ਮੈਂ ਮੁੱਠੀ ਵਿਚ ਰੇਤ ਉਠਾਈ, ਜਦ ਉਸਨੂੰ ਖੋਲ੍ਹ ਕੇ ਦੇਖਿਆ ਤਾਂ ਹੈਰਾਨੀ ਹੋਈ ਕਿ ਰੇਤ ਦੀ ਥਾਂ ਇਕ ਨਿੱਕਾ ਜਿਹਾ ਕੀਟਾਣੂ ਹਿਲਜੁਲ ਕਰ ਰਿਹਾ ਸੀ। ਮੈਂ ਆਪਣੀ ਮੁੱਠੀ ਮੀਟ ਲਈ, ਫਿਰ ਖੋਲ੍ਹ ਕੇ ਦੇਖਿਆ ਤਾਂ ਉਸ ਕੀਟ ਦੀ ਥਾਂ ਨਿੱਕਾ ਜਿਹਾ ਪੰਛੀ ਨਜ਼ਰ ਆਇਆ। ਮੈਂ ਇਕ ਵਾਰ ਫਿਰ ਹੱਥ ਬੰਦ ਕਰ ਲਿਆ, ਮੁੜ ਖੋਲ੍ਹਿਆ ਤਾਂ ਕੀ ਦੇਖਦਾ ਹਾਂ ਕਿ ਇਸੇ ਦੀ ਡੂੰਘ ਵਿਚ ਉਪਰ ਨੂੰ ਮੂੰਹ ਕਰੀ ਕੋਈ ਉਦਾਸ ਮਨੁੱਖ ਖਲੋਤਾ ਹੈ। ਮੈਂ ਫਿਰ ਮੁੱਠੀ ਮੀਟੀ ਅਤੇ ਫਿਰ ਖੋਲ੍ਹੀ ਤਾਂ ਉਥੇ ਧੂੜ ਦੇ ਕਿਣਕੇ ਤੋਂ ਸਿਵਾ ਕੁਝ ਵੀ ਨਹੀਂ ਸੀ।

ਇਕ ਅਨੋਖੀ ਮਧੁਰਤਾ ਵਾਲਾ ਗੀਤ ਸੁਣਾਈ ਦੇ ਰਿਹਾ ਸੀ। ਕੱਲ੍ਹ ਤਕ ਮੈਂ ਇਹੋ ਸਮਝਦਾ ਸੀ ਕਿ ਮੇਰੀ ਆਤਮਾ ਜੀਵਨ ਦੇ ਵਿਸ਼ਾਲ ਦਿਸਹੱਦੇ 'ਤੇ ਇਕ ਨਿੱਕਾ ਜਿਹਾ ਜ਼ੱਰਰਾ ਮਾਤਰ ਹੈ ਤੇ ਫਿਰ ਮੈਨੂੰ ਪਤਾ ਲੱਗਾ ਕਿ ਇਹ ਵਿਸ਼ਾਲ ਦਿਸਹੱਦਾ ਮੈਂ ਹੀ ਹਾਂ ਤੇ ਇਹ ਸਾਰੀ ਹਰਕਤ ਮੇਰੇ ਅੰਦਰ ਹੋ ਰਹੀ ਹੈ, ਪਰ ਉਹ ਮੈਨੂੰ ਸਮਝਾਉਂਦੇ ਹੋਏ ਕਹਿੰਦੇ ਹਨ, "ਤੁਸੀਂ ਤੇ ਤੁਹਾਡਾ ਨਿਵਾਸ ਅਸਥਾਨ—ਇਹ ਵਿਸ਼ਵ ਅਨੰਤ ਸਾਗਰ ਦੇ ਕੰਢੇ 'ਤੇ ਰੇਤ ਦਾ ਕਿਣਕਾ ਮਾਤਰ ਹੈ।" ਲੇਕਿਨ ਮੈਂ ਸੁਪਨਈ ਰੰਗ ਵਿਚ ਉਨ੍ਹਾਂ ਨੂੰ ਕਹਿ ਕੇ ਸੁਣਾ ਰਿਹਾ ਹਾਂ—"ਮੈਂ ਹੀ ਇਕ ਅਨੰਤ ਸਾਗਰ ਹਾਂ ਤੇ ਇਹ ਸਾਰਾ ਵਿਸ਼ਵ ਮੇਰੇ ਹੀ ਕਿਨਾਰੇ ਉਤੇ ਰੇਤ-ਕਣਾਂ ਵਾਂਙ ਪਸਰਿਆ ਹੋਇਆ ਹੈ।"

✪

ISBN 81-7205-154-9

9 788172 051549